ਸੋਮਵਾਰ, 4 ਸਤੰਬਰ, 2023
19 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 94

# ਨਵਾਂ ਜ਼ਮਾਨਾ

DAILY NAWAN ZAMANA • MONDAY, 4 SEPTEMBER, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ  Regd. No : Pb/JL-123/2021-23, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

# ਹਰਿਆਣਾ ਦੇ ਲੋਕ ਹੁਣ ਬਦਲਾਅ ਚਾਹੁੰਦੇ : ਕੇਜਰੀਵਾਲ

## ਭਾਜਪਾ ਵਾਲੇ ਦੇਸ਼ ਨੂੰ ਲੁੱਟ ਕੇ ਖਾ ਗਏ : ਭਗਵੰਤ ਮਾਨ

### ■ 15 ਅਕਤੂਬਰ ਤੱਕ 2 ਲੱਖ ਅਹੁਦੇਦਾਰ ਬਣਾਵਾਂਗੇ, ਦੁਨੀਆ ਦੀ ਕੋਈ ਤਾਕਤ ਨਹੀਂ ਹਰਾ ਸਕੇਗੀ



**ਹਿਸਾਰ (ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਐਤਵਾਰ ਹਰਿਆਣਾ ਦੇ ਭਿਵਾਨੀ 'ਚ ਸਰਕਲ ਇੰਚਾਰਜਾਂ ਦੇ ਸਹੁੰ ਚੁੱਕ ਸਮਾਗਮ 'ਚ ਪਹੁੰਚੇ। ਉਨ੍ਹਾ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਮੌਜੂਦ ਸਨ। ਕੇਜਰੀਵਾਲ ਨੇ ਹਰਿਆਣਾ ਸਰਕਾਰ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ 'ਤੇ ਨਿਸ਼ਾਨਾ ਲਾਇਆ। ਕੇਜਰੀਵਾਲ ਨੇ ਕਿਹਾ, 'ਸੰਗਠਨ 'ਚ ਗੁੱਟਬਾਜ਼ੀ ਨਹੀਂ ਕਰਨਾ, ਗੁੱਟਬਾਜ਼ੀ ਨਾਲ ਵੱਡੀਆਂ-ਵੱਡੀਆਂ ਪਾਰਟੀਆਂ ਖ਼ਤਮ ਹੋ ਗਈਆਂ। ਦੇਸ਼ 'ਚ ਸਭ ਤੋਂ ਜ਼ਿਆਦਾ ਮਹਿੰਗੀ ਬਿਜਲੀ ਹਰਿਆਣਾ 'ਚ ਹੈ। ਮੁੱਖ ਮੰਤਰੀ ਅਤੇ ਮੰਤਰੀਆਂ ਦੀ ਬਿਜਲੀ ਫਰੀ ਹੈ ਅਤੇ ਜਨਤਾ ਬਿੱਲ ਭਰ ਰਹੀ ਹੈ। ਇੱਥੇ ਸਿਰਫ਼ ਬਿੱਲ ਆਉਂਦੇ ਹਨ, ਬਿਜਲੀ ਨਹੀਂ ਆਉਂਦੀ। ਮੈਂ ਹੈਰਾਨ ਹਾਂ, ਹਰਿਆਣਾ 'ਚ ਕਿਸਾਨਾਂ ਨੂੰ ਵੀ ਬਿੱਲ ਭਰਨੇ ਪੈ ਰਹੇ ਹਨ। 24 ਘੰਟੇ ਬਿਜਲੀ ਫਰੀ ਹੋ ਸਕਦੀ ਹੈ, ਪਰ ਇਨ੍ਹਾਂ ਦੀ ਨੀਅਤ ਠੀਕ ਨਹੀਂ। ਹਰਿਆਣਾ ਦੇ ਇੱਕ-ਇੱਕ ਘਰ ਜਾ ਕੇ ਚਾਹ ਜਾਂ ਦੁੱਧ ਪੀ ਕੇ ਆਉਣਾ ਹੈ ਅਤੇ ਉਨ੍ਹਾ ਨੂੰ ਦੱਸਣਾ ਹੈ ਕਿ ਕੇਜਰੀਵਾਲ ਹਰਿਆਣਾ ਦਾ ਹੀ ਛੋਰਾ ਹੈ। ਉਸ ਨੇ ਦਿੱਲੀ ਬਦਲ ਦਿੱਤੀ, ਹਰਿਆਣਾ ਵੀ ਬਦਲ ਦੇਣਗੇ। ਉਨ੍ਹਾ ਕਿਹਾ ਕਿ ਅਸੀਂ ਦੱਲੀ, ਪੰਜਾਬ 'ਚ ਕੰਮ ਨਾ ਕੀਤਾ ਹੋਵੇ ਤਾਂ ਵੋਟ ਨਾ ਦੇਣਾ।'

ਕੇਜਰੀਵਾਲ ਨੇ 'ਇੱਕ ਦੇਸ਼, ਇੱਕ ਚੋਣ' 'ਤੇ ਕੇਂਦਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਭਾਜਪਾ ਵਾਲਿਆਂ ਨੇ ਨਵਾਂ ਸ਼ਗੂਫ਼ਾ ਛੱਡਿਆ ਹੈ, 'ਇੱਕ ਦੇਸ਼, ਇੱਕ ਚੋਣ'। ਇੱਕ ਚੋਣ ਜਾਂ 10 ਚੋਣਾਂ ਜਾਂ 12 ਚੋਣਾਂ ਨਾਲ ਸਾਨੂੰ ਕੀ ਮਿਲੇਗਾ। ਅਸੀਂ 'ਇੱਕ ਦੇਸ਼, ਇੱਕ ਐਜੂਕੇਸ਼ਨ' ਚਾਹੁੰਦੇ ਹਾਂ। ਸਾਰਿਆਂ ਨੂੰ ਇੱਕੋ ਤਰ੍ਹਾਂ ਦੀ ਸਿੱਖਿਆ ਮਿਲਣੀ ਚਾਹੀਦੀ ਹੈ। ਅਸੀਂ ਇੱਕ ਦੇਸ਼, ਇੱਕ ਇਲੈਕਸ਼ਨ ਨਹੀਂ ਚਾਹੁੰਦੇ, ਸਾਨੂੰ ਤਾਂ ਕੋਈ ਫਰਕ ਨਹੀਂ ਪੈਂਦਾ ਕਿ ਇੱਕ ਚੋਣ ਹੋਵੇ ਜਾਂ 1000 ਚੋਣਾਂ ਹੋਣ। ਕੇਜਰੀਵਾਲ ਨੇ ਕਿਹਾ, 'ਦੇਸ਼ ਲਈ ਕੀ ਜ਼ਰੂਰੀ ਹੈ? ਇੱਕ ਦੇਸ਼ ਇੱਕ ਚੋਣ ਜਾਂ ਇੱਕ ਰਾਸ਼ਟਰ ਇੱਕ ਸਿੱਖਿਆ (ਅਮੀਰ ਹੋਵੇ ਜਾਂ ਗਰੀਬ, ਸਾਰਿਆਂ ਨੂੰ ਇੱਕੋ ਤਰ੍ਹਾਂ ਦੀ ਚੰਗੀ ਸਿੱਖਿਆ), ਇੱਕ ਦੇਸ਼ ਇੱਕ ਇਲਾਜ (ਅਮੀਰ ਹੋਵੇ ਜਾਂ ਗਰੀਬ, ਸਾਰਿਆਂ ਨੂੰ ਇੱਕ ਤਰ੍ਹਾਂ ਦਾ ਚੰਗਾ ਇਲਾਜ)।

ਉਹਨਾ ਕਿਹਾ ਕਿ ਲੋਕ ਹਰਿਆਣਾ ਸਰਕਾਰ ਤੋਂ ਤੰਗ ਆ ਗਏ ਹਨ, ਹੁਣ ਉਹ ਬਦਲਾਅ ਚਾਹੁੰਦੇ ਹਨ। ਹਰਿਆਣਾ 'ਚ ਹਰ ਬੂਥ 'ਤੇ 10-10 ਲੋਕਾਂ ਦੀ ਕਮੇਟੀ ਬਣੇਗੀ। ਪੂਰੇ ਦੇਸ਼ 'ਚ ਆਮ ਆਦਮੀ ਪਾਰਟੀ ਦੇ 2 ਲੱਖ ਅਧਿਕਾਰੀ 15 ਅਕਤਬਰ ਤੱਕ ਬਣ ਜਾਣਗੇ, ਜਿਸ ਕੋਲ ਏਨਾ ਵੱਡਾ ਸੰਗਠਨ ਹੋਵੇਗਾ, ਉਸ ਨੂੰ ਦੁਨੀਆ ਦੀ ਕੋਈ ਤਾਕਤ ਨਹੀਂ ਹਰਾ ਸਕੇਗੀ। ਇਹ ਠੀਕ ਰਾਜਨੀਤੀ ਕਰਦੇ ਤਾਂ ਸਾਨੂੰ ਰਾਜਨੀਤੀ 'ਚ ਆਉਣ ਦੀ ਜ਼ਰੂਰਤ ਨਾ ਪੈਂਦੀ। ਮੈਂ ਅੰਨਾ ਹਜ਼ਾਰੇ ਨੂੰ ਕਿਹਾ ਸੀ ਕਿ ਰਾਜਨੀਤੀ 'ਚ ਬਹੁਤ ਗੰਦਗੀ ਹੈ ਤਾਂ ਸਾਨੂੰ ਝਾੜੂ ਚੁੱਕਣੀ ਪਵੇਗੀ। ਭਾਜਪਾ ਦਾ ਸਫਾਇਆ ਦੇਸ਼ 'ਚੋਂ ਇੱਕ ਦਿਨ ਆਮ ਆਦਮੀ ਪਾਰਟੀ ਹੀ ਕਰੇਗੀ। ਕੇਜਰੀਵਾਲ ਨੇ ਕਿਹਾ ਕਿ ਸਤਿੰਦਰ ਜੈਨ ਅਤੇ ਮਨੀਸ਼ ਸਿਸੋਦੀਆ ਅੱਜ ਭਾਜਪਾ ਜੁਆਇਨ ਕਰ ਲੈਣ ਤਾਂ ਇਨ੍ਹਾਂ ਦੀ ਜੇਲ੍ਹ ਮੁਆਫ ਹੋ ਜਾਵੇਗੀ, ਪਰ ਉਹ ਸ਼ੇਰ ਹਨ, ਇਸ ਤਰ੍ਹਾਂ ਨਹੀਂ ਕਰਨਗੇ।

ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਵਾਲੇ ਇਸ ਨੂੰ ਰੈਲੀ ਨਾ ਸਮਝਣ, ਇਹ ਤਾਂ ਵਲੰਟੀਅਰਾਂ ਦੀ ਮੀਟਿੰਗ ਹੈ। ਅਸੀਂ ਦਿੱਲੀ ਅਤੇ ਪੰਜਾਬ 'ਚ ਜੋ ਵਾਅਦੇ ਕੀਤੇ ਹਨ, ਉਨ੍ਹਾਂ ਨੂੰ ਪੂਰਾ ਕੀਤਾ ਹੈ। ਦੋਵਾਂ ਸੂਬਿਆਂ 'ਚ ਬਿਨਾਂ ਬਿੱਲ ਦੇ 24 ਘੰਟੇ ਬਿਜਲੀ ਆਉਂਦੀ ਹੈ। ਭਾਜਪਾ ਦੀ ਨੀਅਤ ਚੰਗੀ ਨਹੀਂ, ਇਹ ਲੋਕ ਦੇਸ਼ ਨੂੰ ਲੁੱਟ ਕੇ ਖਾ ਗਏ। ਇਨ੍ਹਾਂ ਦੀ ਫੈਕਟਰੀ ਹੁਣ 24 ਘੰਟੇ ਝੋਲੇ ਬਣਾਉਣ ਦਾ ਕੰਮ ਕਰਦੀ ਹੈ। ਉਹਨਾ ਕਿਹਾ ਕਿ ਪੱਤਰਕਾਰ ਹਰ ਵਾਰ ਮੈਨੂੰ ਪੁੱਛਦੇ ਹਨ ਕਿ ਕਿੰਨੀਆਂ ਸੀਟਾਂ ਆਉਣਗੀਆਂ? ਤੇ ਇਹ ਵੀ ਕਹਿੰਦੇ ਹਨ ਕਿ 'ਆਪ' ਨੂੰ ਸਰਵੇ 'ਚ ਤਾਂ ਸੀਟ ਨਹੀਂ ਆ ਰਹੀ! ਮੇਰਾ ਜਵਾਬ ਹੁੰਦਾ ਹੈ ਕਿ ਅਸੀਂ ਸਰਵੇ 'ਚ ਨਹੀਂ ਸਿੱਧੇ ਸਰਕਾਰ 'ਚ ਆਉਂਦੇ ਹਾਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 15 ਲੱਖ ਅਤੇ ਕਾਲੇ ਧਨ 'ਤੇ ਤਨਜ਼ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ, ਹਰ ਗੱਲ ਜੁਮਲਾ, ਹੁਣ ਤਾਂ ਚਾਹ ਬਣਾਉਣ 'ਤੇ ਵੀ ਸ਼ੱਕ ਹੈ ਕਿ ਚਾਹ ਬਣਾਉਣੀ ਆਉਂਦੀ ਹੈ ਜਾਂ ਨਹੀਂ। ਉਹਨਾ ਕਿਹਾ ਕਿ ਭਾਜਪਾ ਹਰ ਸੰਸਥਾ ਨੂੰ ਵੇਚ ਰਹੀ ਹੈ। ਸਾਰੀਆਂ ਇੱਕ ਹੀ ਦੋਸਤ ਨੂੰ ਵੇਚੀਆਂ ਜਾ ਰਹੀਆਂ ਹਨ। ਇਹ ਹੰਕਾਰ 'ਚ ਹਨ, ਪਬਲਿਕ ਸਭ ਜਾਣਦੀ ਹੈ। ਜਨਤਾ ਨੇ ਵੱਡੇ ਵੱਡਿਆਂ ਦਾ ਹੰਕਾਰ ਤੋੜ ਦਿੱਤਾ। ਦਿੱਲੀ ਦੇ ਸਕੂਲਾਂ 'ਚ ਚੰਗਾ ਕੰਮ ਹੋਇਆ ਤਾਂ ਮਨੀਸ਼ ਸਿਸੋਦੀਆ ਨੂੰ ਜੇਲ੍ਹ 'ਚ ਸੁੱਟ ਦਿੱਤਾ। ਇਹ ਇਸ ਤਰ੍ਹਾਂ ਫੈਸਲੇ ਕਰਕੇ 'ਆਪ' ਨੂੰ ਰੋਕਣਾ ਚਾਹੁੰਦੇ ਹਨ। ਆਮ ਆਦਮੀ ਪਾਰਟੀ ਇੱਕ ਦਰਿਆ ਹੈ ਤੇ ਦਰਿਆ ਆਪਣਾ ਰਸਤਾ ਖੁਦ ਬਣਾਉਂਦਾ ਹੈ।

ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਫ੍ਰੀ ਰੇਵੜੀ ਵੰਡਣ ਦੇ ਬਿਆਨ 'ਤੇ ਭਗਵੰਤ ਮਾਨ ਨੇ ਕਿਹਾ ਕਿ ਅਸੀਂ ਗਰੀਬ ਲੋਕਾਂ ਦਾ ਸਹਿਯੋਗ ਕਰੀਏ ਤਾਂ ਰੇਵੜੀ, ਇਨ੍ਹਾਂ ਦਾ 15 ਲੱਖ ਦਾ ਵਾਅਦਾ ਕੀ ਸੀ? ਚੋਣਾਂ ਆ ਰਹੀਆਂ ਹਨ ਤਾਂ ਸਿਲੰਡਰ 200 ਰੁਪਏ ਸਸਤਾ ਕਰ ਦਿੱਤਾ। ਸਾਢੇ 4 ਸਾਲ ਲੁੱਟਦੇ ਹਨ ਅਤੇ 6 ਮਹੀਨੇ ਸ਼ਗਨ ਦਿੰਦੇ ਹਨ। ਉਹਨਾ ਕਿਹਾ ਕਿ ਝਾੜੂ ਦਾ ਬਟਨ ਦਬਾਉਂਦੇ ਹੀ ਕਿਸਮਤ ਬਦਲ ਜਾਵੇਗੀ। ਚੋਣਾਂ ਕੁੰਭ ਦਾ ਮੇਲਾ ਨਹੀਂ, ਚੰਗਾ ਨਾ ਲੱਗੇ ਤਾਂ ਸਾਨੂੰ ਵੀ ਬਦਲ ਦੇਣਾ।

## ਡੈਲੀਗੇਟ ਅਜਲਾਸ

# ਆਪਣੀ ਹੋਣੀ ਦੇ ਆਪ ਮਾਲਕ ਬਣਨ ਦਾ ਜਜ਼ਬਾ ਪੈਦਾ ਕਰਨ ਦਾ ਵੇਲਾ : ਗੋਰੀਆ

### ■ ਗਿਆਨ ਸੈਦਪੁਰੀ ਜਨਰਲ ਸਕੱਤਰ ਤੇ ਵੀਰ ਕੁਮਾਰ ਪ੍ਰਧਾਨ ਬਣੇ

**ਜਲੰਧਰ (ਗਿਆਨ ਸੈਦਪੁਰੀ)**

ਆਪਣੀ ਹੋਣੀ ਦੇ ਆਪ ਮਾਲਕ ਬਣਨ ਦਾ ਜਜ਼ਬਾ ਪੈਦਾ ਕਰਨ ਦੀ ਪੁਰਜ਼ੋਰ ਪ੍ਰੇਰਨਾ ਦਿੰਦਿਆਂ ਤੇ ਉਸ ਜਜ਼ਬੇ ਤੇ ਵਲਵਲੇ ਨੂੰ ਅਸਲੀਅਤ ਦਾ ਰੂਪ ਦੇਣ ਲਈ ਕੰਮ ਕਰਨ ਦੀ ਹੱਲਾਸ਼ੇਰੀ ਦਿੰਦਿਆਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਜੁਝਾਰੂ ਵਿਰਸੇ ਤੋਂ ਡੈਲੀਗੇਟਾਂ ਨੂੰ ਜਾਣੂ ਕਰਵਾਇਆ। ਉਹ ਐਤਵਾਰ ਸੀ ਪੀ ਆਈ ਦਫਤਰ ਜਲੰਧਰ ਵਿਖੇ ਪੰਜਾਬ ਖੇਤ ਮਜ਼ਦੂਰ ਸਭਾ ਜ਼ਿਲ੍ਹਾ ਜਲੰਧਰ ਦੀ ਜ਼ਿਲ੍ਹਾ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਲਗਭਗ 35 ਪਿੰਡਾਂ ਦੀ ਸ਼ਮੂਲੀਅਤ ਵਾਲੇ ਡੈਲੀਗੇਟਾਂ ਦੇ ਇਕੱਠ ਵਿੱਚ 21 ਮੈਂਬਰੀ ਜ਼ਿਲ੍ਹਾ ਕਮੇਟੀ ਅਤੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਕਾਮਰੇਡ ਗੋਰੀਆ ਨੇ ਗੁਰਬਾਣੀ ਦੀ ਇੱਕ ਤੁਕ ਦੇ ਹਵਾਲੇ ਨਾਲ ਕਿਹਾ ਕਿ ਮਜ਼ਦੂਰ ਵਰਗ ਦੀਆਂ ਜਿਊਣ ਹਾਲਤਾਂ ਨੂੰ ਬਿਹਤਰ ਬਣਾਉਣ ਲਈ ਇਸ ਵਰਗ ਨੂੰ ਖੁਦ ਹੀ ਹੰਭਲਾ ਮਾਰਨਾ ਪੈਣਾ ਹੈ। ਸਭਾ ਦੇ ਲਹੂ-ਵੀਟਵੇਂ ਅੰਦੋਲਨ ਦੀ ਗੱਲ ਕਰਦਿਆ ਕਾਮਰੇਡ ਗੋਰੀਆ ਨੇ ਦੱਸਿਆ ਕਿ ਅੰਦੋਲਨ ਅਜਾਈਂ ਨਹੀ ਗਿਆ, ਸਗੋਂ ਅਸੀਂ ਕਈ ਕੁਝ ਪ੍ਰਾਪਤ ਕੀਤਾ ਹੈ। ਜ਼ਿੰਦਗੀ ਨੂੰ ਹੋਰ ਬਿਹਤਰ ਬਣਾਉਣ ਲਈ ਅਗਲੇ ਅਤੇ ਅਗਲੇਰੇ ਸੰਘਰਸ਼ਾਂ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾ ਮਜ਼ਦੂਰ ਵਰਗ ਨੂੰ ਦਰਪੇਸ਼ ਮੁਸ਼ਕਲਾਂ ਸੰਬੰਧੀ ਗੱਲ ਕਰਦਿਆ ਆਖਿਆ ਕਿ ਸਿਰਫ ਰੋਟੀ ਦਾ ਮਸਲਾ ਨਹੀਂ, ਸਗੋਂ ਪੌਸ਼ਟਿਕ ਖੁਰਾਕ ਦਾ ਹੈ। ਬੱਚਿਆਂ ਦੀ ਪੜ੍ਹਾਈ ਹੀ ਨਹੀਂ, ਸਗੋਂ ਮਿਆਰੀ ਪੜ੍ਹਾਈ ਚਾਹੀਦੀ ਹੈ। ਇਸੇ ਤਰ੍ਹਾਂ ਚੰਗੀ ਸਿਹਤ ਅਤੇ ਰੁਜ਼ਗਾਰ ਦੀ ਗਰੰਟੀ ਦਾ ਮਸਲਾ ਵੀ ਹੈ । ਸਮਾਜਕ ਨਿਆਂ ਪ੍ਰਾਪਤ ਕਰਨਾ ਵੀ ਸਾਡੇ ਅਕੀਦਿਆਂ ਵਿੱਚ ਸ਼ਾਮਲ ਹੈ। ਖੇਤੀ ਮਸ਼ੀਨਰੀ ਵਿੱਚ ਹੋਏ ਅਥਾਹ ਵਾਧੇ ਕਾਰਨ ਕੰਮ ਤੋਂ ਵਿਹਲੇ ਹੋ ਗਏ ਖੇਤ ਮਜ਼ਦੂਰਾਂ ਦੀ ਰੋਟੀ-ਰੋਜ਼ੀ ਦਾ ਮਸਲਾ ਵੀ ਸਾਡੇ ਸਾਹਮਣੇ ਹੈ। ਮਜ਼ਦੂਰ ਆਗੂ ਨੇ ਕਿਸਾਨਾਂ ਨੂੰ ਵੀ ਗੁਹਾਰ ਲਾਈ ਕਿ ਸੀਰੀ ਤੇ ਕਿਸਾਨ ਦੇ ਰਿਸ਼ਤੇ ਦੇ ਮੱਦੇਨਜ਼ਰ ਉਹ ਮਜ਼ਦੂਰਾਂ ਦੀ ਬਾਂਹ ਫੜਨ ਲਈ ਅੱਗੇ ਆਉਣ। ਕਾਮਰੇਡ ਗੋਰੀਆ ਨੇ ਹੁਣੇ ਜਿਹੇ ਹੈਦਰਾਬਾਦ ਵਿੱਚ ਹੋਈ ਕੌਮੀ ਦਲਿਤ ਕਨਵੈਨਸ਼ਨ ਵਿੱਚ ਹੋਏ ਅਹਿਮ ਫੈਸਲਿਆਂ ਤੋਂ ਵੀ ਡੈਲੀਗੇਟਾਂ ਨੂੰ ਜਾਣੂ ਕਰਵਾਇਆ। ਉਨ੍ਹਾ ਦੱਸਿਆ ਕਿ ਨਵੰਬਰ ਮਹੀਨੇ ਵਿੱਚ ਪਟਨਾ (ਬਿਹਾਰ) ਵਿਖੇ ਦੇਸ਼ ਪੱਧਰ ਦੇ ਮਜ਼ਦੂਰ ਇਕੱਠ ਤੋਂ ਪਹਿਲਾਂ ਫਰੀਦਕੋਟ ਜ਼ਿਲ੍ਹੇ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਕਾਨਫਰੰਸ ਹੋਵੇਗੀ। ਇਸ ਕਾਨਫਰੰਸ ਨੂੰ ਸੀ ਪੀ ਆਈ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਡੀ ਰਾਜਾ ਸੰਬੋਧਨ ਕਰਨਗੇ।



ਸੰਬੋਧਨ ਕਰਦੇ ਹੋਏ ਕਾਮਰੇਡ ਗੁਲਜ਼ਾਰ ਗੋਰੀਆ। ਮੰਚ 'ਤੇ ਸੁਸ਼ੋਭਿਤ ਹੋਰ ਆਗੂ ਤੇ ਸ਼ਾਮਲ ਡੈਲੀਗੇਟ।

ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਪੰਜਾਬ ਸਰਕਾਰ ਦੇ ਦਲਿਤ ਤੇ ਮਜ਼ਦੂਰ ਵਿਰੋਧੀ ਕਿਰਦਾਰ ਦਾ ਵਿਸਥਾਰ ਨਾਲ ਵਰਣਨ ਕੀਤਾ। ਉਨ੍ਹਾ ਗਰੀਬ ਔਰਤਾਂ ਦੇ ਦਰਦ ਦੀ ਬਾਤ ਪਾਉਂਦਿਆਂ ਉਸ ਹੌਲਨਾਕ ਵਰਤਾਰੇ ਦਾ ਵੀ ਜ਼ਿਕਰ ਕੀਤਾ, ਜਿਸ ਵਿੱਚ ਨਸ਼ੇ ਦੇ ਵਹਿਣ ਵਿੱਚ ਰੁੜ੍ਹੇ ਨੌਜਵਾਨਾਂ ਦੀਆਂ ਅਰਥੀਆਂ ਨੂੰ ਮਾਂ-ਬਾਪ ਵੱਲੋਂ ਮੋਢਾ ਦੇਣਾ ਪੈ ਰਿਹਾ ਹੈ। ਸਰਹਾਲੀ ਕਲਾਂ ਨੇ ਮਜ਼ਦੂਰ ਔਰਤਾਂ ਨੂੰ ਸੰਘਰਸ਼ ਵਿੱਚ ਕੁੱਦਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਉਹ ਮਾਈ ਭਾਗੋ ਦੀਆਂ ਵਾਰਿਸ ਹਨ। ਡੈਲੀਗੇਟ ਅਜਲਾਸ ਨੂੰ ਰੂੜਾ ਰਾਮ ਪਰਜੀਆਂ ਕਲਾਂ, ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਛਪਾਲ ਕੈਲੇ, ਮਜ਼ਦੂਰ ਆਗੂ ਵੀਰ ਕੁਮਾਰ, ਰੋਡਵੇਜ਼ ਕਾਮਿਆਂ ਵੱਲੋਂ ਜਸਵਿੰਦਰ ਸਿੰਘ ਜੰਡਿਆਲਾ, ਸੱਤਪਾਲ ਬੰਬੀਆਂਵਾਲ ਤੇ ਭਜਨ ਸਿੰਘ ਖੁਰਲਾਪੁਰ ਨੇ ਵੀ ਸੰਬੋਧਨ ਕੀਤਾ।

ਕਾਨਫਰੰਸ ਦੇ ਸ਼ੁਰੂ ਵਿੱਚ ਸੰਤੋਖ ਸਿੰਘ ਸੰਘੇੜਾ ਤੇ ਜੋਗਿੰਦਰ ਸਿੰਘ ਅਕਾਲਗੜ੍ਹ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਅਜਲਾਸ ਦੀ ਪ੍ਰਧਾਨਗੀ ਰੂੜਾ ਰਾਮ ਪਰਜੀਆਂ ਕਲਾਂ, ਜਗੀਰ ਸਿੰਘ ਮੁਆਈ ਅਤੇ ਸੱਤਪਾਲ ਬੰਬੀਆਂਵਾਲ ਨੇ ਕੀਤੀ।

ਇਸ ਦੌਰਾਨ ਸਰਬਸੰਮਤੀ ਨਾਲ ਹੋਈ ਚੋਣ ਵਿੱਚ ਰੂੜਾ ਰਾਮ ਨੂੰ ਸਰਪ੍ਰਸਤ, ਵੀਰ ਕੁਮਾਰ ਨੂੰ ਪ੍ਰਧਾਨ ਅਤੇ ਗਿਆਨ ਸੈਦਪੁਰੀ ਨੂੰ ਜ਼ਿਲ੍ਹਾ ਜਨਰਲ ਸਕੱਤਰ ਚੁਣਿਆ ਗਿਆ। ਇਸੇ ਤਰ੍ਹਾਂ ਸੁਨੀਲ ਕੁਮਾਰ ਸੀਨੀਅਰ ਮੀਤ ਪ੍ਰਧਾਨ, ਪਰਵਿੰਦਰ ਫਲਪੋਤਾ ਮੀਤ ਪ੍ਰਧਾਨ, ਸੱਤਪਾਲ ਬੰਬੀਆਂਵਾਲ ਅਤੇ ਸੁਖਵਿੰਦਰ ਕੁੱਦੋਵਾਲ ਨੂੰ ਸਹਾਇਕ ਸਕੱਤਰ ਚੁਣਿਆ ਗਿਆ। ਰਛਪਾਲ ਕੈਲੇ ਕੈਸ਼ੀਅਰ ਚੁਣੇ ਗਏ। ਇਸ ਤੋਂ ਇਲਾਵਾ 21 ਮੈਂਬਰੀ ਜ਼ਿਲ੍ਹਾ ਕਮੇਟੀ ਦਾ ਗਠਨ ਕੀਤਾ ਗਿਆ।

## ਸੋਨੀਆ ਹਸਪਤਾਲ ਦਾਖ਼ਲ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਹਲਕੇ ਬੁਖਾਰ ਦੇ ਲੱਛਣਾਂ ਨਾਲ ਦਿੱਲੀ ਦੇ ਸਰ ਗੰਗਾਰਾਮ ਹਸਪਤਾਲ 'ਚ ਭਰਤੀ ਕਰਾਇਆ ਗਿਆ। ਡਾਕਟਰਾਂ ਦੀ ਇਕ ਟੀਮ ਉਨ੍ਹਾ ਦੀ ਨਿਗਰਾਨੀ ਕਰ ਰਹੀ ਹੈ। ਰਿਪੋਰਟਾਂ ਮੁਤਾਬਕ ਸ੍ਰੀਮਤੀ ਗਾਂਧੀ ਦੀ ਹਾਲਤ ਸਥਿਰ ਹੈ। ਸੋਨੀਆ ਇਸ ਤੋਂ ਪਹਿਲਾਂ ਵੀ ਇਸ ਤਰ੍ਹਾਂ ਦੀ ਸਿਹਤ ਸੰਬੰਧ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਚੁੱਕੀ ਹੈ ਅਤੇ ਪਹਿਲਾਂ ਵੀ ਇਸੇ ਹਸਪਤਾਲ 'ਚ ਉਨ੍ਹਾ ਦਾ ਇਲਾਜ ਚੱਲ ਰਿਹਾ ਹੈ।

## ਅਸਮਾਨੀ ਬਿਜਲੀ ਡਿੱਗਣ ਨਾਲ 10 ਦੀ ਮੌਤ

**ਭੁਬਨੇਸ਼ਵਰ** : ਸੂਬੇ 'ਚ ਦੋ ਦਿਨਾਂ ਤੋਂ ਭਾਰੀ ਬਾਰਿਸ਼ ਹੋ ਰਹੀ ਹੈ। ਸੂਬੇ ਦੇ ਆਪਦਾ ਪ੍ਰਬੰਧ ਨਾਲ ਜੁੜੇ ਵਿਸ਼ੇਸ਼ ਰਾਹਤ ਕਮਿਸ਼ਨ (ਐੱਸ ਆਰ ਸੀ) ਨੇ ਕਿਹਾ ਕਿ ਉਡੀਸ਼ਾ ਦੇ ਛੇ ਜ਼ਿਲ੍ਹਿਆਂ 'ਚ ਬਿਜਲੀ ਡਿੱਗਣ ਕਾਰਨ ਘੱਟੋ-ਘੱਟ ਦਸ ਲੋਕਾਂ ਦੀ ਮੌਤ ਹੋ ਗਈ। ਉਥੇ ਹੀ ਤਿੰਨ ਜ਼ਖ਼ਮੀ ਹੋ ਗਏ। ਐੱਸ ਆਰ ਸੀ ਅਨੁਸਾਰ ਖੋਰਧਾ 'ਚ ਚਾਰ, ਬੋਲਾਂਗਰੀ 'ਚ ਦੋ, ਅੰਗੁਲ 'ਚ ਇੱਕ, ਬੌਧ 'ਚ ਇੱਕ, ਜਗਤਸਿੰਘਪੁਰ 'ਚ ਇੱਕ ਅਤੇ ਡੇਂਕਨਾਲ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ। ਜੋ ਲੋਕ ਜ਼ਖ਼ਮੀ ਹੋਏ ਹਨ, ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮੌਸਮ ਵਿਭਾਗ ਨੇ ਅਗਲੇ ਚਾਰ ਦਿਨ ਸੂਬੇ ਦੇ ਕਈ ਹਿੱਸਿਆਂ 'ਚ ਬਾਰਿਸ਼ ਦੀ ਭਵਿੱਖਬਾਣੀ ਕੀਤੀ ਹੈ। ਕਿਹਾ ਗਿਆ ਹੈ ਕਿ ਤੂਫਾਨ ਸਰਕੂਲੇਸ਼ਨ ਨੇ ਮਾਨਸੂਨ ਨੂੰ ਸਰਗਰਮ ਕਰ ਦਿੱਤਾ ਹੈ, ਜਿਸ ਕਰਨ ਪੂਰੇ ਸੂਬੇ 'ਚ ਭਾਰੀ ਬਾਰਿਸ਼ ਹੋ ਰਹੀ ਹੈ।

## ਟਿਫਨ ਬੰਬ ਦਾ ਸਮੇਂ ਸਿਰ ਪਤਾ ਲੱਗਣ 'ਤੇ ਵੱਡਾ ਹਾਦਸਾ ਟਲਿਆ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ 'ਚ ਐਤਵਾਰ ਇੱਕ ਸ਼ਕਤੀਸ਼ਾਲੀ ਟਿਫਨ ਬੰਬ ਦਾ ਸਮੇਂ ਸਿਰ ਪਤਾ ਲੱਗਣ ਕਾਰਨ ਵੱਡਾ ਹਾਦਸਾ ਟਲ ਗਿਆ। ਇਹ ਬੰਬ ਖਾਣੇ ਵਾਲੇ ਡੱਬੇ ਅੰਦਰ ਰੱਖਿਆ ਹੋਇਆ ਸੀ। ਫੌਜ ਦੀ ਗਸ਼ਤੀ ਪਾਰਟੀ ਨੂੰ ਇਹ ਬੰਬ ਐਤਵਾਰ ਸਵੇਰੇ ਜੰਮੂ-ਪੁਣਛ ਕੌਮੀ ਮਾਰਗ ਦੇ ਨਾਲ ਲੱਗਦੇ ਸਾਂਗਪੁਰ ਪਿੰਡ 'ਚ ਸੜਕ ਕੰਢੇ ਪਿਆ ਮਿਲਿਆ। ਅਧਿਕਾਰੀਆਂ ਦੱਸਿਆ ਕਿ ਟਿਫਨ ਬੰਬ ਦਾ ਪਤਾ ਲੱਗਦੇ ਹੀ ਸੜਕ 'ਤੇ ਆਵਾਜਾਈ ਤੁਰੰਤ ਰੋਕ ਦਿੱਤੀ ਗਈ ਅਤੇ ਬੰਬ ਨਕਾਰਾ ਕਰਨ ਵਾਲੇ ਦਸਤੇ ਨੂੰ ਮੌਕੇ 'ਤੇ ਬੁਲਾਇਆ ਗਿਆ। ਉਪਰੰਤ ਦਸਤੇ ਨੇ ਬਿਨਾਂ ਕਿਸੇ ਨੁਕਸਾਨ ਤੋਂ ਇਹ ਬੰਬ ਨਕਾਰਾ ਕਰ ਦਿੱਤਾ। ਪੁਲਸ ਵੱਲੋਂ ਇਹ ਬੰਬ ਸੁੱਟਣ ਵਾਲੇ ਸ਼ੱਕੀ ਅੱਤਵਾਦੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਕਾਂਗਰਸ 7 ਨੂੰ 'ਭਾਰਤ ਜੋੜੋ ਯਾਤਰਾ' ਦੀ ਵਰ੍ਹੇਗੰਢ ਮਨਾਏਗੀ

**ਨਵੀਂ ਦਿੱਲੀ** : ਕਾਂਗਰਸ ਨੇ 'ਭਾਰਤ ਜੋੜੋ ਯਾਤਰਾ' ਦੀ ਪਹਿਲੀ ਵਰ੍ਹੇਗੰਢ ਮਨਾਉਣ ਦਾ ਫੈਸਲਾ ਕੀਤਾ ਹੈ। ਪਾਰਟੀ ਵੱਲੋਂ 7 ਸਤੰਬਰ ਨੂੰ ਦੇਸ਼ ਭਰ ਦੇ ਸਾਰੇ ਜ਼ਿਲ੍ਹਿਆਂ 'ਚ ਭਾਰਤ ਜੋੜੋ ਯਾਤਰਾ ਦਾ ਆਯੋਜਨ ਕੀਤਾ ਜਾਵੇਗਾ।

ਪਿਛਲੇ ਸਾਲ ਸਤੰਬਰ ਦੇ ਪਹਿਲੇ ਹਫਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ 'ਚ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ 'ਭਾਰਤ ਜੋੜੋ ਯਾਤਰਾ' ਕੱਢੀ ਗਈ ਸੀ। ਇਸ ਦੌਰਾਨ ਰਾਹੁਲ ਨੇ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਪੈਦਲ ਯਾਤਰਾ ਕੀਤੀ ਅਤੇ ਲੋਕਾਂ ਨਾਲ ਮੁਲਾਕਾਤ ਕੀਤੀ ਸੀ।

# ਸਟਾਲਿਨ ਦੇ ਬੇਟੇ ਦੇ ਬਿਆਨ 'ਤੇ ਬਖੇੜਾ

### ਸਨਾਤਨ ਧਰਮ ਮਲੇਰੀਆ-ਡੇਂਗੂ ਦੀ ਤਰ੍ਹਾਂ, ਇਸ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ : ਉਧਯਨਿਧੀ

**ਨਵੀਂ ਦਿੱਲੀ** : ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ ਕੇ ਸਟਾਲਿਨ ਦੇ ਬੇਟੇ ਅਤੇ ਮੰਤਰੀ ਉਧਯਨਿਧੀ ਸਟਾਲਿਨ ਨੇ ਸਨਾਤਨ ਧਰਮ 'ਤੇ ਵਿਵਾਦਤ ਬਿਆਨ ਦੇ ਕੇ ਸਿਆਸੀ ਪਾਰਾ ਵਧਾ ਦਿੱਤਾ ਹੈ। ਉਧਯਨਿਧੀ ਨੇ ਕਿਹਾ, 'ਸਨਾਤਨ ਧਰਮ ਸਮਾਜਿਕ ਨਿਆਂ ਦੇ ਵਿਚਾਰ ਖਿਲਾਫ਼ ਹੈ ਅਤੇ ਇਸ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ।' ਉਧਯਨਿਧੀ ਨੇ ਸਨਾਤਨ ਧਰਮ ਦੀ ਤੁਲਨਾ ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਨਾਲ ਕੀਤੀ, ਜਿਸ ਤੋਂ ਬਾਅਦ ਉਸ ਦੀ ਤਿੱਖੀ ਆਲੋਚਨਾ ਹੋ ਰਹੀ ਹੈ। ਸਟਾਲਿਨ ਦੇ ਬੇਟੇ ਦੇ ਬਿਆਨ ਤੋਂ ਬਾਅਦ ਰਾਜਨੀਤੀ ਸ਼ੁਰੂ ਹੋ ਗਈ ਹੈ। ਭਾਜਪਾ ਨੇਤਾਵਾਂ ਨੇ ਇਸ ਬਿਆਨ ਨੂੰ ਮੰਦਭਾਗਾ ਦੱਸਿਆ, ਜਦਕਿ ਕਾਂਗਰਸ ਨੇ ਖੁਦ ਨੂੰ ਇਸ ਬਿਆਨ ਤੋਂ ਦੂਰ ਕਰ ਲਿਆ ਹੈ। ਮਹਾਰਾਸ਼ਟਰ ਕਾਂਗਰਸ ਪ੍ਰਮੁੱਖ ਨਾਨਾ ਪਟੋਲੇ ਨੇ ਕਿਹਾ ਕਿ ਤਾਮਿਲਨਾਡੂ ਦੀ ਡੀ ਐੱਮ ਕੇ ਸਰਕਾਰ ਕਿਸੇ ਦੀਆਂ ਰਾਜਨੀਤੀ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਚ ਯਕੀਨ ਨਹੀਂ ਰੱਖਦੀ। ਉਥੇ ਹੀ ਸੁਪਰੀਮ ਕੋਰਟ ਦੇ ਇੱਕ ਵਕੀਲ ਵਨੀਤ ਜਿੰਦਲ ਨੇ ਐਤਵਾਰ ਉਧਯਨਿਧੀ ਸਟਾਲਿਨ ਦੇ ਬਿਆਨ ਖਿਲਾਫ ਦਿੱਲੀ ਵਿਖੇ ਭੜਕਾਊ ਬਿਆਨ ਦੇਣ ਦਾ ਦੋਸ਼ ਲਾਉਂਦੇ ਹੋਏ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ।



ਉਧਯਨਿਧੀ ਸ਼ਨੀਵਾਰ ਇੱਕ ਪ੍ਰੋਗਰਾਮ 'ਚ ਬੋਲ ਰਹੇ ਸਨ। ਮੀਡੀਆ ਰਿਪੋਰਟਾਂ ਮੁਤਾਬਕ ਉਨ੍ਹਾ ਕਿਹਾ, 'ਸਨਾਤਨ ਕੀ ਹੈ। ਸਨਾਤਨ ਸ਼ਬਦ ਸੰਸਕ੍ਰਿਤ 'ਚੋਂ ਆਇਆ ਹੈ। ਇਹ ਸਮਾਨਤਾ ਅਤੇ ਸਮਾਜਿਕ ਨਿਆਂ ਖਿਲਾਫ਼ ਹੈ। ਸਨਾਤਨ ਦਾ ਅਰਥ ਹੁੰਦਾ ਹੈ- ਸਥਾਈ ਮਤਲਬ ਜਿਸ ਚੀਜ਼ ਨੂੰ ਬਦਲਿਆ ਨਾ ਜਾ ਸਕੇ, ਜਿਸ 'ਤੇ ਕੋਈ ਸਵਾਲ ਖੜੇ ਨਹੀਂ ਕਰ ਸਕਦਾ।'

ਉਧਯਨਿਧੀ ਦੇ ਇਸ ਬਿਆਨ ਤੋਂ ਬਾਅਦ ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ, ਭਾਜਪਾ ਦੇ ਕਈ ਨੇਤਾਵਾਂ ਅਤੇ ਅਚਾਰੀਆ ਸਤਿੰਦਰ ਦਾਸ ਨੇ ਆਪਣੀ ਪ੍ਰਤੀਕਿਰਿਆ ਦਿੱਤੀ। ਅਚਾਰੀਆ ਸਤਿੰਦਰ ਦਾਸ ਨੇ ਕਿਹਾ ਕਿ ਸਨਾਤਨ ਧਰਮ ਨੂੰ ਕਿਸੇ ਵੀ ਕੀਮਤ 'ਤੇ ਖ਼ਤਮ ਨਹੀਂ ਕੀਤਾ ਜਾ ਸਕਦਾ। ਇਹ ਧਰਮ ਸਦੀਆਂ ਤੋਂ ਚੱਲਿਆ ਆ ਰਿਹਾ ਹੈ ਅਤੇ ਸਦੀਆਂ

● ਬਾਕੀ ਸਫ਼ਾ 2 'ਤੇ

# ਪਾਕਿ 'ਚ ਮਹਿੰਗਾਈ ਖਿਲਾਫ਼ ਵਪਾਰੀਆਂ ਦਾ ਪ੍ਰਦਰਸ਼ਨ

**ਇਸਲਾਮਾਬਾਦ** : ਪਾਕਿਸਤਾਨ 'ਚ ਵਧਦੀ ਮਹਿੰਗਾਈ ਅਤੇ ਬਿਜਲੀ ਬਿੱਲਾਂ ਖਿਲਾਫ਼ ਵਪਾਰੀ ਸੜਕਾਂ 'ਤੇ ਉਤਰ ਆਏ। ਲਾਹੌਰ, ਕਰਾਚੀ ਅਤੇ ਪੇਸ਼ਾਵਰ ਤੋਂ ਲੈ ਕੇ ਦੇਸ਼ ਭਰ 'ਚ ਦੁਕਾਨਾਂ ਬੰਦ ਰਹੀਆਂ। ਇਸ ਬੰਦ ਦਾ ਸੱਦਾ ਜਮਾਤ ਏ ਇਸਲਾਮੀ ਦੇ ਨੇਤਾ ਮਿਸਰਾਜ ਉਲ ਹੱਕ ਨੇ ਦਿੱਤਾ ਸੀ। ਮਹਿੰਗਾਈ ਅਤੇ ਬਿਜਲੀ ਬਿੱਲਾਂ ਦੇ ਮੁੱਦਿਆਂ 'ਤੇ ਹੋ ਰਹੇ ਹੰਗਾਮੇ ਵਿਚਾਲੇ ਕਾਰਜਕਾਰੀ ਪ੍ਰਧਾਨ ਮੰਤਰੀ ਅਨਵਾਰੂਲ ਹੱਕ ਨੇ ਕੀਨੀਆ ਦਾ ਦੌਰਾ ਰੱਦਾ ਕਰ ਦਿੱਤਾ। ਕਰਾਚੀ 'ਚ ਤਾਜਿਰ ਐਕਸ਼ਨ ਕਮੇਟੀ ਨੇ ਸ਼ੁੱਕਰਵਾਰ ਬਿਜਲੀ ਬਿੱਲ ਘੱਟ ਕਰਨ ਲਈ ਸਰਕਾਰ ਨੂੰ 72 ਘੰਟਿਆਂ ਦਾ ਸਮਾਂ ਦਿੱਤਾ। ਕਮੇਟੀ ਨੇ ਕਿਹਾ ਕਿ ਜੇਕਰ ਸਰਕਾਰ ਨੇ ਇਸ ਤਰ੍ਹਾਂ ਨਾ ਕੀਤਾ ਤਾਂ ਉਹ 10 ਦਿਨ ਦੀ ਹੜਤਾਲ ਕਰਨਗੇ।

ਕਰਾਚੀ ਦੇ ਇੱਕ ਵਪਾਰੀ ਨੇ ਕਿਹਾ—ਅਸੀਂ ਆਪਣੀ ਦੁਕਾਨ ਬੰਦ ਰੱਖੀ ਹੈ, ਤਾਂ ਕਿ ਸੱਤਾ 'ਚ ਬੈਠੇ ਤਬਕੇ ਤੱਕ ਸਾਡਾ ਸੰਦੇਸ਼ ਪਹੁੰਚੇ। ਜੇਕਰ ਉਨ੍ਹਾਂ ਸਾਡੀ ਤਕਲੀਫ਼ ਨਾ ਸਮਝੀ ਤਾਂ ਅਸੀਂ ਦੂਜੇ ਤਰੀਕੇ ਅਪਣਾਵਾਂਗੇ। ਦੁਕਾਨ ਮਾਲਕ ਨੇ ਕਿਹਾ ਕਿ ਮੈਂ ਇੱਕ ਲੱਖ ਰੁਪਏ ਕਿਰਾਇਆ ਦੇਵਾਂਗਾ ਅਤੇ ਓਨਾ ਹੀ ਮੇਰਾ ਬਿਜਲੀ ਦਾ ਬਿੱਲ ਵੀ ਆਵੇਗਾ ਤਾਂ ਮੇਰਾ ਗੁਜ਼ਾਰਾ ਕਿਸ ਤਰ੍ਹਾਂ ਹੋਵੇਗਾ? ਪਾਕਿਸਤਾਨ ਸਰਕਾਰ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਅਗਸਤ ਦੇ ਅੰਤ ਤੱਕ ਮਹਿੰਗਾਈ 27.4 ਫੀਸਦੀ 'ਤੇ ਪਹੁੰਚ ਗਈ ਹੈ। ਇੱਕ ਲੀਟਰ ਪੈਟਰੋਲ ਦੀ ਕੀਮਤ 300 ਰੁਪਏ ਹੈ। ਕਾਰਜਕਾਰੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਬਿੱਲ ਭਰਨਾ ਹੀ ਪਵੇਗਾ। ਇਸ ਦੇ ਸਿਵਾਏ ਉਨ੍ਹਾ ਕੋਲ ਕੋਈ ਦੂਜਾ ਵਿਕਲਪ ਨਹੀਂ। ਉਹਨਾ ਕਿਹਾ ਕਿ ਅਸੀਂ ਲੋਕਾਂ ਨੂੰ ਸਬਸਿਡੀ ਦੇ ਕੇ ਭਵਿੱਖ ਲਈ ਪ੍ਰੇਸ਼ਾਨੀਆਂ ਖੜੀਆਂ ਨਹੀਂ ਕਰ ਸਕਦੇ।

## ਮਨੀਪੁਰ ਦੇ ਹਾਲਾਤ ਸੁਧਾਰਨ ਦੀ ਜ਼ਿੰਮੇਵਾਰੀ ਫੌਜ ਦੇ ਰਿਟਾਇਰ ਅਫਸਰ ਦੀ

**ਇੰਫਾਲ** : ਮਨੀਪੁਰ 'ਚ ਪਿਛਲੇ ਤਿੰਨ ਮਹੀਨਿਆਂ ਤੋਂ ਹਿੰਸਾ ਰੁਕੀ ਨਹੀਂ। ਹੁਣ ਸੂਬੇ 'ਚ ਤਣਾਅ ਨਾਲ ਨਜਿੱਠਣ ਦਾ ਕੰਮ ਫੌਜ ਦੇ ਇੱਕ ਰਿਟਾਇਰਡ ਅਧਿਕਾਰੀ ਨੂੰ ਸੌਂਪ ਦਿੱਤਾ ਗਿਆ ਹੈ। ਉਨ੍ਹਾ 2015 'ਚ ਮਿਆਂਮਾਰ 'ਚ ਹੋਈ ਸਰਜੀਕਲ ਸਟਰਾਇਕ 'ਚ ਅਹਿਮ ਭੂਮਿਕਾ ਨਿਭਾਈ ਸੀ। 24 ਅਗਸਤ ਨੂੰ ਮਨੀਪੁਰ ਸਰਕਾਰ ਨੇ ਕਰਨਲ (ਰਿਟਾਇਰਡ) ਨੇਕਟਾਰ ਸੰਜੇਨਬਮ ਨੂੰ ਮਨੀਪੁਰ ਪੁਲਸ ਵਿਭਾਗ 'ਚ ਸੀਨੀਅਰ ਸੁਪਰਡੈਂਟ ਨਿਯੁਕਤ ਕੀਤਾ ਹੈ। ਉਨ੍ਹਾ ਦਾ ਕਾਰਜਕਾਲ ਪੰਜ ਸਾਲ ਦਾ ਹੋਵੇਗਾ। ਇਸ ਨਿਯੁਕਤੀ ਤੋਂ ਕੁਕੀ ਸੰਗਠਨ ਖੁਸ਼ ਨਹੀਂ। ਕੁਕੀ ਭਾਈਚਾਰੇ ਦੇ ਸਟੂਡੈਂਟਸ ਆਰਗੇਨਾਈਜ਼ੇਸ਼ਨ (ਕੇ ਐੱਸ ਓ) ਦਾ ਕਹਿਣਾ ਹੈ ਕਿ ਮੈਤੇਈ ਅਧਿਕਾਰੀਆਂ ਨੂੰ ਸੂਬੇ 'ਚ ਉੱਚ ਅਹੁਦੇ 'ਤੇ ਬਿਠਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਮਨੀਪੁਰ ਬੀਤੇ ਤਿੰਨ ਮਹੀਨਿਆਂ ਤੋਂ ਹਿੰਸਾ ਦੀ ਅੱਗ 'ਚ ਸੜ ਰਿਹਾ ਹੈ। ਅੰਕੜਿਆਂ ਮੁਤਾਬਕ ਹੁਣ ਤੱਕ 170 ਲੋਕਾਂ ਦੀ ਮੌਤ ਹੋ ਚੁੱਕੀ ਅਤੇ ਹਜ਼ਾਰਾਂ ਲੋਕ ਆਪਣਾ ਘਰ-ਬਾਰ ਛੱਡ ਕੇ ਚਲੇ ਗਏ ਹਨ।



## ਓਮਾ ਭਾਰਤੀ ਨੇ ਕਿਹਾ, ਡਰ ਲੱਗਦਾ ਕਿ ਸਰਕਾਰ ਬਣਨ ਤੋਂ ਬਾਅਦ ਮੈਨੂੰ ਪੁੱਛਣਗੇ ਨਹੀਂ

**ਭੁਪਾਲ** : ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਓਮਾ ਭਾਰਤੀ ਦਾ ਦਰਦ ਬਾਹਰ ਆਉਣ ਲੱਗਾ ਹੈ। ਉਨ੍ਹਾ ਕਿਹਾ, ਜਨ ਆਸ਼ੀਰਵਾਦ ਯਾਤਰਾ 'ਚ ਮੈਨੂੰ ਨਹੀਂ ਬੁਲਾਇਆ ਗਿਆ। ਮੈਨੂੰ ਸੱਦਾ ਨਹੀਂ ਦਿੱਤਾ ਗਿਆ, ਕੋਈ ਗੱਲ ਨਹੀਂ। ਜੇਕਰ ਜਿਉਤਿਰਾਦਿੱਤਿਆ ਸਿੰਧੀਆ ਨੇ ਸਰਕਾਰ ਬਣਾਈ, ਤਾਂ ਮੈਂ ਵੀ ਬਣਾਈ, ਪ੍ਰਚਾਰ ਕੀਤਾ। ਮੈਨੂੰ ਤਾਂ ਹੁਣ ਡਰ ਹੈ ਕਿ ਸਰਕਾਰ ਬਣਨ ਤੋਂ ਬਾਅਦ ਇਹ ਮੈਨੂੰ ਪੁੱਛਣਗੇ ਕਿ ਨਹੀਂ। ਓਮਾ ਦੇ ਇਸ ਬਿਆਨ 'ਤੇ ਰਾਜਨੀਤੀ ਸ਼ੁਰੂ ਹੋ ਗਈ ਹੈ। ਕਾਂਗਰਸ ਨੂੰ ਭਾਜਪਾ 'ਤੇ ਹਮਲਾ ਕਰਨ ਦਾ ਮੌਕਾ ਮਿਲ ਗਿਆ ਹੈ। ਕਾਂਗਰਸ ਨੇ ਕਿਹਾ ਕਿ ਭਾਜਪਾ ਆਪਣੇ ਨੇਤਾਵਾਂ ਦਾ ਸਨਮਾਨ ਨਹੀਂ ਕਰਦੀ। ਓਮਾ ਦੇ ਬਿਆਨ 'ਤੇ ਕਾਂਗਰਸ ਨੇਤਾ ਰਣਦੀਪ ਸਿੰਘ ਸੁਰਜੇਵਾਲਾ ਨੇ ਭਾਜਪਾ ਨੇਤਾਵਾਂ ਨੂੰ ਘੇਰਿਆ। ਉਨ੍ਹਾ ਕਿਹਾ ਕਿ ਭਾਜਪਾ ਆਪਣੇ ਨੇਤਾਵਾਂ ਦਾ ਅਪਮਾਨ ਕਰਦੀ ਹੈ। ਪਾਰਟੀ 'ਚ ਸੀਨੀਅਰ ਨੇਤਾਵਾਂ ਨੂੰ ਕਿਨਾਰੇ ਕੀਤਾ ਜਾ ਰਿਹਾ ਹੈ। ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਪਾਰਟੀ ਨੇ ਸਾਈਡਲਾਈਨ ਕਰ ਦਿੱਤਾ। ਮੁਰਲੀ ਮਨੋਹਰ ਜੋਸ਼ੀ ਨੂੰ ਰਿਟਾਇਰ ਕਰ ਦਿੱਤਾ। ਸਾਡੀ ਸੰਸਕ੍ਰਿਤੀ 'ਚ ਜੋ ਬਜ਼ੁਰਗਾਂ ਦਾ ਸਨਮਾਨ ਨਹੀਂ ਕਰਦਾ, ਉਸ ਨੂੰ ਭਗਵਾਨ ਵੀ ਮੁਆਫ਼ ਨਹੀਂ ਕਰਦਾ।

## ਨਹੀਂ ਰਹੇ ਕ੍ਰਿਕਟਰ ਹੀਥ ਸਟ੍ਰੀਕ

**ਨਵੀਂ ਦਿੱਲੀ** : ਜ਼ਿੰਬਾਬਵੇ ਦੇ ਸਾਬਕਾ ਕਪਤਾਨ ਹੀਥ ਸਟ੍ਰੀਕ ਦਾ ਐਤਵਾਰ ਤੜਕੇ ਮਾਟਾਬੇਲੇਲੈਂਡ ਸਥਿਤ ਉਨ੍ਹਾ ਦੇ ਫਾਰਮ 'ਤੇ ਦੇਹਾਂਤ ਹੋ ਗਿਆ, ਉਹ 49 ਸਾਲ ਦੇ ਸਨ। ਜ਼ਿੰਬਾਬਵੇ ਦੇ ਸਾਬਕਾ ਅੰਤਰਰਾਸ਼ਟਰੀ ਕ੍ਰਿਕਟਰ ਅਤੇ ਪਰਵਾਰ ਦੇ ਬੁਲਾਰੇ ਜਾਨ ਰੇਨੀ ਨੇ ਉਨ੍ਹਾ ਦੀ ਮੌਤ ਦੀ ਪੁਸ਼ਟੀ ਕੀਤੀ। ਰੇਨੀ ਨੇ ਕਿਹਾ, 'ਐਤਵਾਰ ਉਨ੍ਹਾ ਦਾ ਸਵੇਰੇ ਮਾਟਾਬੇਲੇਲੈਂਡ ਸਥਿਤ ਫਾਰਮ ਹਾਊਸ 'ਤੇ ਦੇਹਾਂਤ ਹੋ ਗਿਆ। ਉਹ ਆਪਣੇ ਪਰਵਾਰ ਅਤੇ ਦੋਸਤਾਂ ਨਾਲ ਇੱਥੇ ਸਨ। ਕੈਂਸਰ ਦੀ ਲੰਮੀ ਲੜਾਈ ਤੋਂ ਬਾਅਦ ਉਨ੍ਹਾ ਦੀ ਮੌਤ ਹੋ ਗਈ।' ਲਗਭਗ ਦੋ ਹਫ਼ਤੇ ਪਹਿਲਾਂ ਸਟ੍ਰੀਕ ਦੇ ਸਾਬਕਾ ਸਹਿਯੋਗੀ ਹੇਨਰੀ ਓਲੋਂਗਾ ਨੇ ਸੋਸ਼ਲ ਮੀਡੀਆ 'ਤੇ ਉਨ੍ਹਾ ਦੀ ਮੌਤ ਬਾਰੇ ਜਾਣਕਾਰੀ ਦਿੱਤੀ ਸੀ। ਹਾਲਾਂਕਿ ਬਾਅਦ 'ਚ ਸਟ੍ਰੀਕ ਅਤੇ ਓਲੋਂਗਾ ਦੋਵਾਂ ਨੇ ਦੱਸਿਆ ਕਿ ਮੌਤ ਦੀ ਖ਼ਬਰ ਝੂਠੀ ਸੀ ਅਤੇ ਓਲੋਂਗਾ ਨੇ ਆਪਣੀ ਪਿਛਲੀ ਪੋਸਟ ਲਈ ਮੁਆਫ਼ੀ ਵੀ ਮੰਗੀ ਸੀ। ਜ਼ਿੰਬਾਬਵੇ ਦੇ ਮਹਾਨ ਕ੍ਰਿਕਟਰਾਂ 'ਚੋਂ ਇੱਕ ਸਟ੍ਰੀਕ ਨੇ ਟੈਸਟ 'ਚ 216 ਅਤੇ ਇੱਕ ਦਿਨਾ ਮੈਚਾਂ 'ਚ 239 ਵਿਕਟਾਂ ਲੈ ਕੇ ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲੈਣ ਤੋਂ ਬਾਅਦ ਜ਼ਿੰਬਾਬਵੇ, ਬੰਗਲਾਦੇਸ਼ ਸਮੇਂ ਕਈ ਅੰਤਰਰਾਸ਼ਟਰੀ ਟੀਮਾਂ ਅਤੇ ਇੰਡੀਅਨ ਪ੍ਰੀਮੀਅਰ ਲੀਗ 'ਚ ਕੋਲਕਾਤਾ ਨਾਈਟ ਰਾਈਡਰਜ਼ ਅਤੇ ਰਾਜਕੋਟ ਦੀ ਟੀਮ ਨੂੰ ਕੋਚਿੰਗ ਦਿੱਤੀ। ਉਹ ਟੈਸਟ ਅਤੇ ਇਕ ਦਿਨਾਂ ਮੈਚਾਂ 'ਚ 100 ਵਿਕਟਾਂ ਲੈਣ ਵਾਲੇ ਜ਼ਿੰਬਾਬਵੇ ਦੇ ਪਹਿਲੇ ਕ੍ਰਿਕਟਰ ਸਨ।



## ਅੱਜ-ਨਾਮਾ

ਚੋਣ-ਪ੍ਰਬੰਧ ਦਾ ਹੋਊ ਬਦਲਾਉ ਸੁਣਿਆ,
ਢਾਂਚਾ ਦੇਣਾ ਈ ਬਦਲ ਨਿਹਾਇਤ ਮੀਆਂ।
ਬਣਾਈ ਕਮੇਟੀ ਕਾਨੂੰਨ ਆ ਸੋਧਣੇ ਲਈ,
ਜਲਦੀ ਕਰਨ ਦੀ ਕਰੀ ਹਦਾਇਤ ਮੀਆਂ।
ਸਾਰੇ ਦੇਸ਼ ਵਿੱਚ ਕਰਨ ਨੂੰ ਚੋਣ ਅਗਲੀ,
ਜਾਣੀ ਬਦਲ ਹੈ ਕੁੱਲ ਰਿਵਾਇਤ ਮੀਆਂ।
ਇੱਕੋ ਈ ਸਮੇਂ ਫਿਰ ਹੋਊਗੀ ਚੋਣ ਸਾਰੀ,
ਕੋਈ ਖਿਲਾਫ ਜਾਂ ਕਰੇ ਹਮਾਇਤ ਮੀਆਂ।
ਦਾਬਾ ਚੱਲ ਰਿਹਾ ਇੱਕੋ ਜਦ ਪਾਰਟੀ ਦਾ,
ਮੂਹਰੇ ਵਿਘਨ ਕੋਈ ਸਕੂ ਨਾ ਪਾ ਮੀਆਂ।
ਜਿਸ ਦੀ ਲਾਠੀ ਹੈ, ਓਸੇ ਦੀ ਭੈਂਸ ਹੋਣੀ,
ਸਕਦਾ ਸੰਗਲ ਨਹੀਂ ਕੋਈ ਛੁਡਾ ਮੀਆਂ।

-ਤੀਸ ਮਾਰ ਖਾਂ

# ਰਾਹੁਲ ਨੇ ਲਾਲੂ ਨਾਲ ਮਟਨ ਨੂੰ ਲਾਇਆ ਸਿਆਸੀ ਤੜਕਾ

**ਨਵੀਂ ਦਿੱਲੀ** : ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਰਾਜਦ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਤੋਂ ਬਿਹਾਰ ਦਾ ਪ੍ਰਸਿੱਧ ਚੰਪਾਰਨ ਮਟਨ ਬਣਾਉਣਾ ਸਿੱਖਿਆ। ਕਾਂਗਰਸ ਨੇਤਾ ਨੇ ਆਪਣੇ ਯੂਟਿਊਬ ਚੈਨਲ 'ਤੇ ਇਸ ਦਾ ਵੀਡੀਓ ਸ਼ੇਅਰ ਕੀਤਾ। ਰਾਹੁਲ ਨੇ ਵੀਡੀਓ ਕੈਪਸ਼ਨ 'ਚ ਲਿਖਿਆ, 'ਲਾਲੂ ਜੀ ਦੀ ਸੀਕਰਟ ਰੈਸਪੀ ਅਤੇ ਸਿਆਸੀ ਮਸਾਲਾ।'



ਰਾਹੁਲ ਨੇ ਲਿਖਿਆ—ਲਾਲੂ ਜੀ ਇੱਕ ਪ੍ਰਸਿੱਧ ਰਾਜਨੇਤਾ ਹਨ, ਇਹ ਸਾਰੇ ਜਾਣਦੇ ਹਨ, ਪਰ ਉਨ੍ਹਾ ਦੀ ਲੁਕੀ ਹੋਈ ਇੱਕ ਹੋਰ ਕਲਾ ਹੈ, 'ਖਾਣਾ ਬਣਾਉਣਾ'। ਉਨ੍ਹਾ ਦੇ ਥੋੜ੍ਹਾ ਠੀਕ ਹੋਣ ਬਾਅਦ ਉਨ੍ਹਾ ਨੂੰ ਮਿਲਣ ਦਾ ਮੌਕਾ ਮਿਲਿਆ ਤਾਂ ਸੋਚਿਆ ਕਿਉਂ ਨਾ ਉਨ੍ਹਾ ਤੋਂ ਸੀਕਰਟ ਰੈਸਪੀ ਸਿੱਖੀ ਜਾਵੇ।

ਲਾਲੂ ਦੇ ਦਿੱਲੀ ਸਥਿਤ ਨਿਵਾਸ 'ਤੇ ਰਾਹੁਲ ਦੇ ਸਵਾਗਤ 'ਚ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਅਤੇ ਉਨ੍ਹਾ ਦੀ ਵੱਡੀ ਭੈਣ ਮੀਸਾ ਭਾਰਤੀ ਵੀ ਮੌਜੂਦ ਸਨ। ਖਾਣਾ ਬਣਾਉਣ ਦੇ ਨਾਲ ਦੋਵਾਂ ਨੇਤਾਵਾਂ ਵਿਚਾਲੇ ਮੌਜੂਦਾ ਰਾਜਨੀਤਕ ਹਾਲਤਾਂ 'ਤੇ ਵੀ ਚਰਚਾ ਹੋਈ। ਲਾਲੂ ਤੋਂ ਰਾਹੁਲ ਪੁੱਛਦੇ ਹਨ— ਪਿਛਲੇ ਕਈ ਸਾਲਾਂ ਤੋਂ ਭਾਜਪਾ ਵਾਲੇ ਜੋ ਇਹ ਨਫ਼ਰਤ ਫੈਲਾਉਂਦੇ ਹਨ, ਇਸ ਦਾ ਕੀ ਕਾਰਨ ਹੈ? ਲਾਲੂ ਕਹਿੰਦੇ ਹਨ, 'ਇਨ੍ਹਾਂ ਦੀ ਸਿਆਸੀ ਭੁੱਖ ਮਿਟਦੀ ਨਹੀਂ। ਜਦ ਆਰਥਕ ਵਿਵਸਥਾ ਖਰਾਬ ਹੋ ਰਹੀ ਹੁੰਦੀ ਹੈ ਤਾਂ ਨਫ਼ਰਤ ਫੈਲਾਉਣ ਦਾ ਪੱਧਰ ਵਧ ਜਾਂਦਾ ਹੈ।'

## 'ਇੱਕ ਦੇਸ਼, ਇੱਕ ਚੋਣ' ਭਾਰਤੀ ਸੰਘ 'ਤੇ ਹਮਲਾ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਕਿਹਾ ਕਿ 'ਇੱਕ ਦੇਸ਼-ਇੱਕ ਚੋਣ' ਦਾ ਵਿਚਾਰ ਭਾਰਤੀ ਸੰਘ ਅਤੇ ਇਸ ਦੇ ਸਾਰੇ ਸੂਬਿਆਂ 'ਤੇ ਹਮਲਾ ਹੈ। ਕਾਂਗਰਸ ਨੇਤਾ ਨੇ 'ਐੱਕਸ' 'ਤੇ ਆਪਣੀ ਪੋਸਟ 'ਚ ਕਿਹਾ—ਇੰਡੀਆ ਭਾਰਤ ਹੈ ਅਤੇ ਇਹ ਸੂਬਿਆਂ ਦਾ ਸੰਘ ਹੈ। ਇੱਕ ਦੇਸ਼, ਇੱਕ ਚੋਣ ਦਾ ਵਿਚਾਰ ਭਾਰਤੀ ਸੰਘ ਅਤੇ ਇਸ ਦੇ ਸਾਰੇ ਸੂਬਿਆਂ 'ਤੇ ਹਮਲਾ ਹੈ। ਰਾਹੁਲ ਦਾ ਇਹ ਬਿਆਨ ਇੱਕ ਸਾਥ ਚੋਣਾਂ ਕਰਾਉਣ ਦੀ ਸੰਭਾਵਨਾ 'ਤੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ 'ਚ ਸਰਕਾਰ ਵੱਲੋਂ ਇੱਕ ਉੱਚ ਪੱਧਰ ਕਮੇਟੀ ਗਠਿਤ ਕਰਨ ਤੋਂ ਬਾਅਦ ਆਇਆ ਹੈ। ਜ਼ਿਕਰਯੋਗ ਹੈ ਕਿ ਅਧੀਰ ਰੰਜਨ ਚੌਧਰੀ ਨੇ ਕਮੇਟੀ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੂੰ ਕਮੇਟੀ 'ਚ ਸ਼ਾਮਲ ਨਾ ਕਰਨ ਨੂੰ ਲੈ ਕੇ ਵੀ ਨਿਸ਼ਾਨਾ ਲਾਇਆ।

## ਟੈਕਸ ਚੋਰਾਂ ਖਿਲਾਫ ਸਖਤ ਮੁਹਿੰਮ ਸਦਕਾ ਅਗਸਤ 'ਚ 15.37 ਕਰੋੜ ਦੇ ਕੀਤੇ ਜੁਰਮਾਨੇ : ਚੀਮਾ



**ਚੰਡੀਗੜ੍ਹ** : ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਐਤਵਾਰ ਨੂੰ ਕਿਹਾ ਗਿਆ ਕਿ ਕਰ ਵਿਭਾਗ ਦੀਆਂ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟਾਂ (ਸਿਪੂ) ਦੇ ਮੋਬਾਇਲ ਵਿੰਗਾਂ ਵੱਲੋਂ ਅਗਸਤ ਮਹੀਨੇ ਦੌਰਾਨ ਸੂਬੇ ਭਰ 'ਚ ਕਰ ਚੋਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ 873 ਵਾਹਨਾਂ ਨੂੰ ਈ-ਵੇਅ ਬਿੱਲ ਅਤੇ ਹੋਰ ਲੋੜੀਂਦੇ ਦਸਤਾਵੇਜ਼ ਨਾ ਹੋਣ ਕਾਰਨ 15.37 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਦੱਸਿਆ ਕਿ ਸਿਪੂ ਵੱਲੋਂ ਅਗਸਤ ਮਹੀਨੇ ਦੌਰਾਨ ਕੁੱਲ 1052 ਵਾਹਨਾਂ ਅਤੇ ਜੁਲਾਈ ਮਹੀਨੇ ਦੇ ਬਕਾਇਆ 70 ਮਾਮਲਿਆਂ 'ਚ ਕਾਰਵਾਈ ਕੀਤੀ ਗਈ, ਜਿਨ੍ਹਾਂ 'ਚੋਂ 873 ਮਾਮਲਿਆਂ 'ਚ ਕੁੱਲ ਕਰ ਚੋਰੀ ਬਾਰੇ ਫੈਸਲਾ ਲੈਂਦਿਆਂ 15,37,30,704 ਰੁਪਏ ਦਾ ਜੁਰਮਾਨਾ ਲਗਾਇਆ ਗਿਆ ਅਤੇ ਬਕਾਇਆ 249 ਮਾਮਲਿਆਂ ਵਿੱਚ 4.38 ਕਰੋੜ ਰੁਪਏ ਦਾ ਜੁਰਮਾਨਾ ਵਸੂਲੇ ਜਾਣ ਦੀ ਸੰਭਾਵਨਾ ਹੈ। ਚੀਮਾ ਨੇ ਕਿਹਾ ਕਿ ਲਾਏ ਗਏ ਕੁੱਲ ਜੁਰਮਾਨੇ 'ਚੋਂ 14,90,94,501 ਰੁਪਏ ਦਾ ਜੁਰਮਾਨਾ ਵਸੂਲਿਆ ਜਾ ਚੁੱਕਾ ਹੈ, ਜਦਕਿ ਬਕਾਇਆ ਜੁਰਮਾਨਾ ਵੀ ਜਲਦ ਹੀ ਵਸੂਲਿਆ ਜਾਵੇਗਾ। ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਸਿਪੂ ਟੀਮਾਂ ਬਾਰੇ ਗੱਲ ਕਰਦਿਆਂ ਚੀਮਾ ਨੇ ਕਿਹਾ ਕਿ ਸਿਪੂ ਸ਼ੰਭੂ ਵੱਲੋਂ ਸਭ ਤੋਂ ਵੱਧ 184 ਵਾਹਨਾਂ ਵਿਰੁੱਧ, ਜਦਕਿ ਸਿਪੂ ਲੁਧਿਆਣਾ ਵੱਲੋਂ 172, ਸਿਪੂ ਪਟਿਆਲਾ ਵੱਲੋਂ 158 ਅਤੇ ਸਿਪੂ ਰੋਪੜ ਵੱਲੋਂ 134

● ਬਾਕੀ ਸਫ਼ਾ 2 'ਤੇ

## ਜਨ ਸੰਪਰਕ ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ 'ਚ ਮਾਰਚ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸੀ ਪੀ ਆਈ (ਐੱਮ) ਵੱਲੋਂ ਪੂਰੇ ਦੇਸ਼ ਅੰਦਰ 1 ਤੋਂ 7 ਸਤੰਬਰ ਤੱਕ ਚਲਾਈ ਜਾ ਰਹੀ ਜਨ ਸੰਪਰਕ ਮੁਹਿੰਮ ਤਹਿਤ ਪਿੰਡ ਖੇੜਾ ਤੋਂ ਸ਼ੁਰੂ ਕਰਕੇ ਮੁਗਲੇਵਾਲ, ਲੁਬਾਣਗੜ੍ਹ, ਜੁਲਫ਼ਗੜ੍ਹ ਤੇ ਉਦੋਵਾਲ ਆਦਿ ਪਿੰਡਾਂ 'ਚ ਮਾਰਚ ਕੀਤਾ ਗਿਆ। ਇਸ ਮੌਕੇ ਸਕੱਤਰ ਨਿੱਕਾ ਸਿੰਘ ਖੇੜਾ ਨੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਬਾਰੇ ਜਾਗਰੂਕ ਕੀਤਾ। ਉਨ੍ਹਾਂ ਆਮ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਪਾਰਟੀ ਦਾ ਸਾਥ ਦੇਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ 'ਚ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਜਲਦ ਤੋਂ ਜਲਦ ਦਿੱਤਾ ਜਾਵੇ, ਹਰ ਤਰ੍ਹਾਂ ਦੇ ਅਬਾਦਕਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ ਤੇ ਨਸ਼ਾ ਤਸਕਰਾਂ ਖਿਲਾਫ਼ ਸਖ਼ਤੀ ਨਾਲ ਨਜਿੱਠਿਆ ਜਾਵੇ। ਇਸ ਮੌਕੇ ਕਾਮਰੇਡ ਪ੍ਰਕਾਸ਼ ਸਿੰਘ ਉਦੋਵਾਲ, ਹਰਦੇਵ ਸਿੰਘ ਬਾਗ, ਮਨਜੀਤ ਸਿੰਘ ਨੀਲੋਂ, ਜਸਪਾਲ ਸਿੰਘ ਲੁਬਾਣਗੜ੍ਹ, ਪ੍ਰੀਤਮ ਕੌਰ, ਗੁਰਪ੍ਰੀਤ ਕੌਰ, ਛਿੰਦਰਪਾਲ ਸਿੰਘ, ਨਾਯਰ ਸਿੰਘ ਮੁਗਲੇਵਾਲ, ਰਵਿੰਦਰ ਕੌਰ, ਬਲਕਾਰ ਸਿੰਘ ਜੁਲਫ਼ਗੜ੍ਹ, ਛਿੰਦਰਪਾਲ ਝੜੌਦੀ, ਕਰਨਵੀਰ ਸਿੰਘ, ਕਰਮਜੀਤ ਕੌਰ, ਬਚਨੀ ਦੇਵੀ, ਰਮਨਦੀਪ ਕੌਰ, ਦਰਸ਼ਨਾ ਦੇਵੀ, ਗੁਰਮੀਤ ਕੌਰ, ਭਜਨ ਕੌਰ, ਗੁਰਮੀਤ ਕੌਰ, ਮੋਹਨ ਲਾਲ, ਅਸ਼ੋਕ ਕੁਮਾਰ, ਪ੍ਰਿੰਸ ਖੇੜਾ ਮੌਜੂਦ ਸਨ।

## ਐੱਸ ਐੱਫ ਸੀ ਕਾਨਵੈਂਟ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ



**ਮੋਗਾ (ਅਮਰਜੀਤ ਬੱਬਰੀ)**-ਸਥਾਨਕ ਐੱਸ ਐੱਫ ਸੀ ਕਾਨਵੈਂਟ ਸਕੂਲ ਵਿਚ ਰੱਖੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਬੱਚਿਆਂ ਦੁਆਰਾ ਇਸ ਤਿਉਹਾਰ ਨੂੰ ਮੁੱਖ ਰੱਖਦਿਆਂ ਕਵਿਤਾਵਾਂ, ਬੋਲੀਆਂ ਗਾਈਆਂ। ਅਧਿਆਪਕਾਂ ਨੇ ਬੱਚਿਆਂ ਨੂੰ ਰੱਖੜੀ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਨਰਸਰੀ ਕਲਾਸ ਦੇ ਬੱਚਿਆਂ ਤੋਂ ਲੈ ਕੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਵਿਚਕਾਰ ਰਾਖੀ ਮੁਕਾਬਲਾ ਕਰਾਇਆ ਗਿਆ, ਜਿਸ ਵਿੱਚ ਹਰ ਕਲਾਸ ਦੇ ਬੱਚਿਆਂ ਵਿੱਚ ਪਹਿਲੀਆਂ ਤਿੰਨ ਪੋਜ਼ੀਸ਼ਨਾਂ ਕੱਢੀਆਂ ਗਈਆਂ। ਇਸ ਮੌਕੇ ਬੱਚਿਆਂ ਨੇ ਬੜੇ ਹੀ ਉਤਸ਼ਾਹ ਤੇ ਖੁਸ਼ੀ ਨਾਲ ਰੱਖੜੀਆਂ ਬਣਾਈਆਂ। ਇਸ ਮੌਕੇ ਰੱਖੜੀ ਚਾਰਟ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਜੇਤਾ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ ਸਕੂਲ ਦੇ ਡਾਇਰੈਕਟਰ ਅਭਿਸ਼ੇਕ ਜਿੰਦਲ ਤੇ ਸਕੂਲ ਪ੍ਰਿੰਸੀਪਲ ਸੀਨਮ ਜਿੰਦਲ ਨੇ ਬੱਚਿਆਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਦਿਨ ਭੈਣਾਂ ਕੱਚੇ ਧਾਗੇ ਦੀ ਪੱਕੀ ਡੋਰ ਆਪਣੇ ਭਰਾਵਾਂ ਦੇ ਗੁੱਟ 'ਤੇ ਬੰਨ੍ਹਦੀਆਂ ਹਨ ਤੇ ਆਪਣੇ ਭਰਾਵਾਂ ਦੀ ਲੰਮੀ ਉਮਰ ਤੇ ਖ਼ੁਸ਼ਹਾਲੀ ਦੀ ਕਾਮਨਾ ਕਰਦੀਆਂ ਹਨ। ਭਰਾ ਵੀ ਸਾਰੀ ਉਮਰ ਆਪਣੀ ਭੈਣ ਦੀ ਰੱਖਿਆ ਕਰਨ ਦਾ ਵਚਨ ਦਿੰਦੇ ਹਨ। ਇਹ ਤਿਉਹਾਰ ਪੂਰੇ ਭਾਰਤ 'ਚ ਖ਼ੁਸ਼ੀਆਂ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਉਨ੍ਹਾ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਨੂੰ ਰੱਖੜੀ ਦੀਆਂ ਵਧਾਈਆਂ ਦਿੱਤੀਆਂ।

## ਨਸ਼ਿਆਂ ਨੂੰ ਰੋਕਣ ਲਈ ਨੌਜਵਾਨਾਂ ਨੂੰ ਖੇਡਾਂ ਵੱਲ ਰੁਚਿਤ ਕਰਨਾ ਅਤਿ ਜ਼ਰੂਰੀ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਸ਼ਿਆਂ ਦੇ ਵਗ ਰਹੇ ਛੇਵੇਂ ਦਰਿਆ ਨੂੰ ਰੋਕਣ ਲਈ ਖੇਡਾਂ ਵੱਲ ਨੌਜਵਾਨਾਂ ਨੂੰ ਰੁਚਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਤੇ ਸਾਨੂੰ ਸਾਰਿਆਂ ਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਪਿੰਡ ਬਾਹਮਣਵਾਲਾ ਵਿਖੇ ਯੂਥ ਕਲੱਬ ਵੱਲੋਂ ਕਰਵਾਏ ਗਏ ਇੱਕ ਰੋਜ਼ਾ ਕਬੱਡੀ ਟੂਰਨਾਮੈਂਟ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਸਮੇਂ ਟੂਰਨਾਮੈਂਟ ਦਾ ਉਦਘਾਟਨ ਕਰਨ ਸਮੇਂ ਕੀਤਾ। ਇਸ ਮੌਕੇ ਮੁੱਖ ਮਹਿਮਾਨ ਹਨੀ ਫੱਤਣਵਾਲਾ ਨੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਤੇ ਕਲੱਬ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਕੀਤੇ ਜਾ ਰਹੇ ਉਪਰਾਲੇ ਦੀ ਭਰਪੂਰ ਸ਼ਲਾਘਾ ਵੀ ਕੀਤੀ। ਇਸ ਦੌਰਾਨ ਪਹਿਲਾ ਮੈਚ ਪਿੰਡ ਬੋਦੀਵਾਲਾ ਤੇ ਕੋਹਾੜਵਾਲਾ ਦੀਆਂ ਟੀਮਾਂ ਵਿੱਚ ਕਰਵਾਇਆ ਗਿਆ, ਜਿਸ ਵਿੱਚ ਬੋਦੀਵਾਲਾ ਦੀ ਟੀਮ ਜੇਤੂ ਰਹੀ। ਟੂਰਨਾਮੈਂਟ ਦੌਰਾਨ ਕਲੱਬ ਪ੍ਰਧਾਨ ਹਰਚੰਦ ਸਿੰਘ ਨੇ ਮੁੱਖ ਮਹਿਮਾਨ ਵਜੋਂ ਪੁੱਜੇ ਹਨੀ ਫੱਤਣਵਾਲਾ ਦਾ ਸਵਾਗਤ ਕਰਦਿਆ ਟੂਰਨਾਮੈਂਟ 'ਚ ਪੁੱਜਣ 'ਤੇ ਧੰਨਵਾਦ ਕੀਤਾ। ਇਸ ਦੌਰਾਨ ਕਲੱਬ ਮੈਂਬਰਾਂ ਤੇ ਪਿੰਡ ਵਾਸੀਆਂ ਵੱਲੋਂ ਹਨੀ ਫੱਤਣਵਾਲਾ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਰਮੇਸ਼ ਸ਼ਰਮਾ, ਸ਼ਿੰਦਰ ਕੌਰ ਧਾਲੀਵਾਲ, ਬਾਬੂ ਰਾਮ ਸ਼ਰਮਾ ਮੈਂਬਰ ਪੰਚਾਇਤ, ਪ੍ਰਵੀਨ ਸ਼ਰਮਾ, ਸੋਨੂੰ ਸ਼ਰਮਾ, ਪ੍ਰੀਤਮ ਸ਼ਰਮਾ ਮੈਂਬਰ ਪੰਚਾਇਤ, ਗੁਰਵਿੰਦਰ ਸਿੰਘ ਖੋਖਰ, ਇਕਬਾਲ ਸਿੰਘ ਸੰਗੂਧੌਣ, ਪ੍ਰੀਤਪਾਲ ਸਿੰਘ ਉਦੇਕਰਨ, ਅਸ਼ਵਨੀ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜ਼ਰ ਸਨ।

## ਹੋਲੀ ਹਾਰਟ ਸਕੂਲ 'ਚ ਸੜਕ ਸੁਰੱਖਿਆ ਸੰਬੰਧੀ ਵਰਕਸ਼ਾਪ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਜੀ ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿਖੇ ਸੜਕ ਸੁਰੱਖਿਆ ਸੰਬੰਧੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਟ੍ਰੈਫਿਕ ਪੁਲਸ ਬਰਨਾਲਾ ਦੇ ਏ.ਐੱਸ.ਆਈ. ਗੁਰਚਰਨ ਸਿੰਘ, ਮੁਨਸ਼ੀ ਮਨਦੀਪ ਸਿੰਘ ਤੇ ਕਾਂਸਟੇਬਲ ਹਰਬੰਸ ਸਿੰਘ ਨੇ ਮੁੱਖ ਮਹਿਮਾਨਾਂ ਵਜੋਂ ਹਾਜ਼ਰੀ ਭਰੀ। ਟ੍ਰੈਫਿਕ ਪੁਲਸ ਦੇ ਅਧਿਕਾਰੀਆਂ ਨੇ ਆਪਣੇ ਵਿਸ਼ਾਲ ਗਿਆਨ ਤੇ ਤਜਰਬੇ ਨੂੰ ਸਾਂਝਾ ਕਰਦੇ ਹੋਏ ਜ਼ਿੰਮੇਵਾਰ ਸੜਕੀ ਵਿਵਹਾਰ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਪੈਦਲ ਯਾਤਰੀਆਂ ਦੀ ਸੁਰੱਖਿਆ ਤੋਂ ਲੈ ਕੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਮਹੱਤਤਾ ਤੱਕ ਅਤੇ ਹੋਰ ਬਹੁਤ ਸਾਰੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ। ਸਕੂਲ ਦੇ ਡਰਾਈਵਰਾਂ ਲਈ ਵੱਖਰਾ ਸੈਸ਼ਨ ਆਯੋਜਤ ਕੀਤਾ ਗਿਆ, ਜਿਸ ਵਿੱਚ ਟ੍ਰੈਫਿਕ ਪੁਲਸ ਦੀ ਟੀਮ ਨੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ।

## ਮੇਰਾ ਬਿੱਲ ਐਪ ਤੋਂ ਲੋਕਾਂ ਨੂੰ ਜਾਗਰੂਕ ਕਰਵਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਸਰਕਾਰ ਦੇ ਕਰ ਵਿਭਾਗ ਵੱਲੋਂ ਬਿੱਲ ਲਿਆਓ, ਇਨਾਮ ਪਾਓ ਸਕੀਮ ਤਹਿਤ 'ਮੇਰਾ ਬਿੱਲ ਐਪ' ਸੰਬੰਧੀ ਜਾਗਰੂਕ ਕਰਨ ਲਈ ਐੱਸ ਡੀ ਐੱਮ ਪਾਤੜਾਂ ਨਵਦੀਪ ਕੁਮਾਰ ਦੀ ਅਗਵਾਈ 'ਚ ਮੀਟਿੰਗ ਕਰਕੇ ਵਿਭਾਗ ਦੇ ਅਧਿਕਾਰੀਆਂ ਵੱਲੋਂ ਜਾਗਰੂਕ ਕਰਨ ਦੇ ਨਾਲ-ਨਾਲ ਕਿਰਤੀ ਕਾਲਜ ਨਿਆਲ ਵਿੱਚ ਪ੍ਰੋਗਰਾਮ ਕਰਕੇ ਵਿਦਿਆਰਥੀਆਂ ਦੇ ਮੋਬਾਇਲਾਂ 'ਚ ਉਕਤ ਐਪ ਡਾਊਨਲੋਡ ਕਰਵਾਈ ਤੇ ਉਨ੍ਹਾਂ ਨੂੰ ਕੋਈ ਵੀ ਖਰੀਦਦਾਰੀ ਕਰਨ ਸਮੇਂ ਬਿੱਲ ਪ੍ਰਾਪਤ ਕਰਕੇ ਐਪ ਵਿੱਚ ਅਪਲੋਡ ਕਰ ਇਨਾਮ ਪ੍ਰਾਪਤ ਕਰਨ ਲਈ ਜਾਗਰੂਕ ਕੀਤਾ। ਕਰ ਵਿਭਾਗ ਦੇ ਐਸ ਟੀ ਓ ਰਜਵੰਤ ਸਿੰਘ ਨੇ ਦੱਸਿਆ ਕਿ ਕਿਸੇ ਵੀ ਵਸਤੂ ਦੀ ਖਰੀਦ ਕਰਨ ਸਮੇਂ ਦੁਕਾਨਦਾਰ ਤੋਂ 200 ਤੋਂ ਲੈ ਕੇ 10000 ਰੁਪਏ ਦੇ ਬਿੱਲ ਨੂੰ ਉਕਤ ਐਪ ਉਤੇ ਅੱਪਲੋਡ ਕਰਕੇ ਇਨਾਮ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਵਿਭਾਗ ਵੱਲੋਂ ਅਧਿਕਾਰੀਆਂ ਦੀ ਅਗਵਾਈ 'ਚ ਹਰ ਮਹੀਨੇ ਹਰ ਜ਼ਿਲ੍ਹੇ ਵਿਚੋਂ 10-10 ਲੱਕੀ ਡਰਾਅ ਕੱਢੇ ਜਾਣਗੇ, ਜਿਸ ਵਿੱਚ ਹਰ ਇਨਾਮ ਦੀ ਕੀਮਤ 10000 ਰੁਪਏ ਹੋਵੇਗੀ। ਆਮ ਲੋਕਾਂ ਦੀ ਜਾਣਕਾਰੀ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਕੀਤਾ ਕਾਊਂਟਰ ਤਹਿਸੀਲ ਕੰਪਲੈਕਸ 'ਚ ਸਥਾਪਤ ਕੀਤਾ ਗਿਆ ਹੈ, ਜਿਸ ਤੋਂ ਕੋਈ ਵੀ ਵਿਅਕਤੀ ਜਾਣਕਾਰੀ ਪ੍ਰਾਪਤ ਕਰਕੇ ਲਾਭ ਲੈ ਸਕਦਾ ਹੈ। ਇਸੇ ਦੌਰਾਨ ਐਸ ਡੀ ਐਮ ਨੇ ਕਿਹਾ ਕਿ ਹਰ ਇਕ ਵਿਅਕਤੀ ਨੂੰ ਖਰੀਦਦਾਰੀ ਕਰਨ ਸਮੇਂ ਬਿੱਲ ਲੈ ਕੇ ਸਰਕਾਰ ਨੂੰ ਸਾਥ ਦੇਣਾ ਚਾਹੀਦਾ ਹੈ। ਕਰ ਵਿਭਾਗ ਦੀ ਇੰਸਪੈਕਟਰ ਬਲਜਿੰਦਰ ਕੌਰ ਨੇ ਕਿਹਾ ਕਿ ਜਿਹੜੇ ਦੁਕਾਨਦਾਰ ਬਿਨਾਂ ਬਿੱਲ ਦਿੱਤੇ ਟੈਕਸ ਚੋਰੀ ਕਰਦੇ ਹਨ, ਉਨ੍ਹਾਂ ਨੂੰ ਠੱਲ੍ਹ ਪੈਣ ਦੇ ਨਾਲ-ਨਾਲ ਜਦੋਂ ਲੋਕਾਂ ਦੇ ਟੈਕਸ ਦਾ ਪੈਸਾ ਸਰਕਾਰ ਦੇ ਖਜ਼ਾਨੇ ਵਿੱਚ ਜਾਵੇਗਾ ਤਾਂ ਸਰਕਾਰ ਉਸ ਪੈਸੇ ਨੂੰ ਲੋਕਾਂ ਦੀ ਭਲਾਈ ਲਈ ਖਰਚ ਕਰੇਗੀ।

## ਜੇ ਕੇ ਐੱਸ ਪਬਲਿਕ ਸਕੂਲ 'ਚ 'ਜੀਵਨ ਹੁਨਰ' ਵਿਸ਼ੇ 'ਤੇ ਸੈਮੀਨਾਰ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਗੁਰੂ ਹਰਸਹਾਏ ਦੇ ਨਾਮਵਰ ਸਕੂਲ ਜੇ ਕੇ ਐੱਸ ਪਬਲਿਕ ਸਕੂਲ ਵਿੱਚ ਬੱਚਿਆਂ ਲਈ ਜੀਵਨ ਹੁਨਰਾਂ ਤੇ ਸ਼ੈਲੀ ਬਾਰੇ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦਾ ਆਯੋਜਨ ਅਧਿਆਪਕਾ ਮਨਜੀਤ ਕੌਰ ਤੇ ਸਮਾ ਅਰੋੜਾ ਨੇ ਕੀਤਾ, ਜਿਸ ਦੀ ਅਗਵਾਈ ਮੈਡਮ ਪਰਮਿੰਦਰ ਕੌਰ ਨੇ ਕੀਤੀ। ਅਜਿਹਾ ਕਰਵਾਉਣ ਦਾ ਮਕਸਦ ਬੱਚਿਆਂ ਨੂੰ ਜੀਵਨ ਦੇ ਹੁਨਰ ਬਾਰੇ ਦੱਸਣਾ ਤੇ ਉਨ੍ਹਾਂ ਵਿੱਚ ਸਕਾਰਾਤਮਕਤਾ ਲਿਆਉਣਾ ਹੈ। ਇਸ ਸੈਮੀਨਾਰ ਵਿੱਚ ਦੱਸਿਆ ਕਿ ਕਿਵੇਂ ਅਸੀਂ ਆਪਣੇ ਜੀਵਨ ਵਿੱਚ ਹੁਨਰ ਨੂੰ ਅਪਣਾ ਕੇ ਅੱਗੇ ਵਧ ਸਕਦੇ ਹਾਂ।

ਉਨ੍ਹਾਂ ਨੇ ਬੱਚਿਆਂ ਨੂੰ ਇੱਕ ਸਮੂਹ ਵਿੱਚ ਕੰਮ ਕਰਨਾ, ਧੀਰਜ ਬਣਾਈ ਰੱਖਣਾ, ਸਮੱਸਿਆਵਾਂ ਨੂੰ ਹੱਲ ਕਰਨਾ, ਫੈਸਲੇ ਲੈਣਾ, ਭਾਵਨਾਵਾਂ ਨੂੰ ਕਾਬੂ ਕਰਨਾ ਆਦਿ ਸਿਖਾਇਆ। ਉਨ੍ਹਾਂ ਦੱਸਿਆ ਕਿ ਸਿੱਖਿਆ ਦੇ ਨਾਲ-ਨਾਲ ਜੀਵਨ ਹੁਨਰ ਵੀ ਬਹੁਤ ਜ਼ਰੂਰੀ ਹੈ। ਇਸ ਨਾਲ ਆਤਮ ਵਿਸ਼ਵਾਸ ਵਧਦਾ ਹੈ। ਇਸ ਤੋਂ ਇਲਾਵਾ ਸੈਮੀਨਾਰ ਨੂੰ ਮਨੋਰੰਜਕ ਬਣਾਉਣ ਲਈ ਬੱਚਿਆਂ ਲਈ ਗਤੀਵਿਧੀਆਂ ਵੀ ਕਰਾਈਆਂ ਗਈਆਂ। ਵਿਦਿਆਰਥੀਆਂ ਨੇ ਸੈਮੀਨਾਰ ਨੂੰ ਬੜੇ ਧਿਆਨ ਨਾਲ ਸੁਣਿਆ ਤੇ ਇਸ ਨਾਲ ਸਬੰਧਤ ਸਵਾਲਾਂ ਦੇ ਜਵਾਬ ਵੀ ਦਿੱਤੇ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੀਨੂੰ ਮੋਂਗਾ ਨੇ ਬੱਚਿਆਂ ਨੂੰ ਇਸ ਸੈਮੀਨਾਰ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਹਰ ਇੱਕ ਦੇ ਅੰਦਰ ਕੋਈ ਨਾ ਕੋਈ ਹੁਨਰ ਜ਼ਰੂਰ ਹੁੰਦਾ ਹੈ, ਬਸ ਉਸ ਨੂੰ ਬਾਹਰ ਲਿਆਉਣ ਦਾ ਤਰੀਕਾ ਹੋਣਾ ਚਾਹੀਦਾ ਹੈ ਅਤੇ ਸਕੂਲ ਦੀ ਸ਼ਮੂਲੀਅਤ ਇਸ ਵਿੱਚ ਸਭ ਤੋਂ ਵੱਧ ਹੈ।

# ਨਜਾਇਜ਼ ਕਬਜ਼ਾ ਧਾਰਕਾਂ ਅੱਗੇ ਪ੍ਰਸ਼ਾਸਨ ਨੇ ਹੱਥ ਖੜੇ ਕੀਤੇ : ਢੋਸੀਵਾਲ




ਦੁਕਾਨਾਂ ਮੂਹਰੇ ਨਜਾਇਜ਼ ਕਬਜ਼ੇ ਦੇ ਦ੍ਰਿਸ਼।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਤੇ ਸਥਾਨਕ ਨਗਰ ਕੌਂਸਲ ਵੱਲੋਂ ਸਰਕਾਰੀ ਦੁਕਾਨਾਂ ਲੀਜ/ਕਿਰਾਏ ਉਪਰ ਦਿੱਤੀਆਂ ਹੋਈਆਂ ਹਨ। ਕਿਰਾਏਦਾਰਾਂ ਤੇ ਲੀਜ ਧਾਰਕਾਂ ਨਾਲ ਹੋਏ ਐਗਰੀਮੈਂਟ ਅਨੁਸਾਰ ਨਾ ਤਾਂ ਇਨ੍ਹਾਂ ਦੁਕਾਨਾਂ ਮੂਹਰੇ ਆਮ ਲੋਕਾਂ ਦੀ ਵਰਤੋਂ ਲਈ ਬਣਾਏ ਵਰਾਂਡਿਆਂ ਉਪਰ ਕਿਰਾਏਦਾਰਾਂ ਵੱਲੋਂ ਕੋਈ ਨਜਾਇਜ਼ ਕਬਜ਼ਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਨ੍ਹਾਂ ਦੁਕਾਨਾਂ ਦੀ ਭੰਨ ਤੋੜ ਕਰਕੇ ਵਾਧਾ ਘਾਟਾ ਕੀਤਾ ਜਾ ਸਕਦਾ ਹੈ। ਭਾਵ ਦੁਕਾਨ ਦੀ ਬਣਤਰ ਵਾਲੇ ਮੁੱਢਲੇ ਸਰੂਪ ਨੂੰ ਹੀ ਕਾਇਮ ਰੱਖਿਆ ਜਾਣਾ ਲਾਜ਼ਮੀ ਹੈ, ਪ੍ਰੰਤੂ ਇਨ੍ਹਾਂ ਦੁਕਾਨਾਂ ਦੇ ਕਿਰਾਏਦਾਰਾਂ ਵੱਲੋਂ ਐਗਰੀਮੈਂਟ ਦੀਆਂ ਸ਼ਰਤਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਕੇ ਪ੍ਰਸ਼ਾਸਨ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਜਾ ਰਿਹਾ ਹੈ। ਸਥਾਨਕ ਰੈੱਡ ਕਰਾਸ ਭਵਨ ਕੋਲ ਬਣੀਆਂ ਰੈੱਡ ਕਰਾਸ ਦੀਆਂ ਦੁਕਾਨਾਂ ਦੇ ਕਿਰਾਏਦਾਰਾਂ ਵੱਲੋਂ ਆਮ ਲੋਕਾਂ ਦੀ ਵਰਤੋਂ ਲਈ ਧੁੱਪ, ਛਾਂ, ਮੀਂਹ ਤੇ ਹਨੇਰੀ ਤੋਂ ਬਚਾਅ ਲਈ ਬਣਾਏ ਸਰਕਾਰੀ ਵਰਾਂਡਿਆਂ ਵਿੱਚ ਆਪਣਾ ਸਾਮਾਨ ਰੱਖ ਕੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਸਰਕਾਰੀ ਸੜਕ 'ਤੇ ਵੀ ਸਾਮਾਨ ਰੱਖ ਕੇ ਟ੍ਰੈਫਿਕ ਵਿੱਚ ਵਿਘਨ ਪਾਇਆ ਜਾ ਰਿਹਾ ਹੈ। ਇਸ ਤਰ੍ਹਾਂ ਕੋਟਕਪੂਰਾ ਰੋਡ 'ਤੇ ਵੀ ਕੁਝ ਕਿਰਾਏਦਾਰਾਂ ਵੱਲੋਂ ਐਗਰੀਮੈਂਟ ਦੀ ਘੋਰ ਉਲੰਘਣਾ ਕਰਦੇ ਹੋਏ ਦੁਕਾਨਾਂ ਦੀ ਸ਼ਰੇਆਮ ਭੰਨ ਤੋੜ ਕੀਤੀ ਗਈ ਹੈ। ਦੁਕਾਨਾਂ ਦਾ ਸਾਇਜ਼ ਵਧਾ ਲਿਆ ਗਿਆ ਹੈ। ਸਰਕਾਰੀ ਦੁਕਾਨਾਂ ਦੇ ਕਿਰਾਏਦਾਰਾਂ ਵੱਲੋਂ ਨਜਾਇਜ਼ ਕਬਜ਼ਿਆਂ ਸਬੰਧੀ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਤੇ ਕਾਨੂੰਨ ਪਸੰਦ ਵਿਅਕਤੀਆਂ ਵੱਲੋਂ ਕਈ ਵਾਰ ਜ਼ਿਲ੍ਹਾ ਪ੍ਰਸ਼ਾਸਨ ਤੇ ਨਗਰ ਕੌਂਸਲ ਨਾਲ ਸੰਪਰਕ ਕੀਤਾ ਗਿਆ ਹੈ, ਪ੍ਰੰਤੂ ਸਿਰਫ ਅੱਖਾਂ ਪੂੰਝਣ ਲਈ ਹੀ ਰਸਮੀ ਜਿਹੀ ਕਾਰਵਾਈ ਕੀਤੀ ਜਾਂਦੀ ਹੈ, ਕੋਈ ਠੋਸ ਕਦਮ ਨਹੀਂ ਉਠਾਇਆ ਜਾਂਦਾ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਸਰਕਾਰੀ ਦੁਕਾਨਾਂ ਮੂਹਰੇ ਨਜਾਇਜ਼ ਕਬਜ਼ੇ ਤੇ ਭੰਨ ਤੋੜ ਦੀ ਕਾਰਵਾਈ ਦੀ ਪੁਰਜ਼ੋਰ ਸ਼ਬਦਾਂ ਵਿੱਚ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨਜਾਇਜ਼ ਕਬਜ਼ਿਆਂ ਤੇ ਭੰਨ ਤੋੜ ਦੀ ਕਾਰਵਾਈ ਵਿਚ ਸਰਕਾਰੀ ਤੰਤਰ ਦੀ ਸ਼ਹਿ ਦੀ ਪੂਰੀ ਸੰਭਾਵਨਾ ਜਾਪਦੀ ਹੈ। ਅਜਿਹੀ ਘੋਰ ਉਲੰਘਣਾ ਸਰਕਾਰੀ ਤੇ ਵਿਭਾਗੀ ਸ਼ਹਿ ਤੋਂ ਬਿਨਾਂ ਅਸੰਭਵ ਹੈ। ਪ੍ਰਧਾਨ ਢੋਸੀਵਾਲ ਨੇ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਸਰਕਾਰੀ ਵਰਾਂਡਿਆਂ ਉਪਰ ਨਜਾਇਜ਼ ਕਬਜ਼ੇ ਤੇ ਦੁਕਾਨਾਂ ਦੀ ਭੰਨ ਤੋੜ ਲਈ ਜ਼ਿੰਮੇਵਾਰ ਜ਼ਿਲ੍ਹਾ ਰੈੱਡ ਕਰਾਸ, ਨਗਰ ਕੌਂਸਲ ਤੇ ਹੋਰਨਾਂ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਵੀ ਸਰਕਾਰੀ ਕਰਮਚਾਰੀ ਆਪਣੀ ਡਿਊਟੀ ਪ੍ਰਤੀ ਕੁਤਾਹੀ ਵਰਤਣ ਦੀ ਜ਼ੁਰੱਅਤ ਨਾ ਕਰ ਸਕੇ।

## ਨੌਜਵਾਨ ਖੇਡਾਂ ਨਾਲ ਜੁੜ ਕੇ ਸੂਬੇ ਤੇ ਦੇਸ਼ ਦਾ ਨਾਂਅ ਦੁਨੀਆ 'ਚ ਹੋਰ ਉੱਚਾ ਚੁੱਕਣ : ਬੁੱਧ ਰਾਮ



**ਬੁਢਲਾਡਾ (ਅਸ਼ੋਕ ਲਾਕੜਾ)**

ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ-2023 ਤਹਿਤ ਬਲਾਕ ਪੱਧਰੀ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਬੁਢਲਾਡਾ ਦੇ ਸ੍ਰੀ ਗੁਰੂ ਤੇਗ ਬਹਾਦਰ ਸਟੇਡੀਅਮ ਵਿਖੇ ਕਰਵਾਏ ਖੇਡ ਮੁਕਾਬਲਿਆਂ ਦੌਰਾਨ ਹਲਕਾ ਵਿਧਾਇਕ ਬੁਢਲਾਡਾ ਸ੍ਰੀ ਬੁੱਧ ਰਾਮ ਵੱਲੋਂ ਉਚੇਚੇ ਤੌਰ 'ਤੇ ਪਹੁੰਚ ਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਕੋਆਪ੍ਰੇਟਿਵ ਮੈਸ ਵੱਲੋਂ ਖਿਡਾਰੀਆਂ ਨੂੰ ਮੁਹੱਈਆ ਕਰਵਾਈ ਜਾਣ ਵਾਲੀ ਡਾਈਟ ਦੀ ਸ਼ਲਾਘਾ ਕੀਤੀ। ਉਨ੍ਹਾ ਨੌਜਵਾਨਾਂ ਨੂੰ ਖੇਡਾਂ ਨਾਲ ਜੁੜ ਕੇ ਆਪਣੇ ਸੂਬੇ ਦਾ ਨਾਮ ਦੁਨੀਆ ਵਿੱਚ ਹੋਰ ਉੱਚਾ ਚੁੱਕਣ ਲਈ ਪ੍ਰੇਰਿਤ ਕੀਤਾ। ਉਨ੍ਹਾ ਕਿਹਾ ਕਿ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈ ਕੇ ਆਪਣੀ ਖੇਡ ਪ੍ਰਤਿਭਾ ਵਿੱਚ ਨਿਖਾਰ ਲਿਆਉਣਾ ਚਾਹੀਦਾ ਹੈ। ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ ਨੇ ਖੇਡ ਨਤੀਜਿਆਂ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਦੂਜੇ ਦਿਨ ਦੇ ਮੁਕਾਬਲਿਆਂ ਵਿੱਚ ਕਰੀਬ 2000 ਖਿਡਾਰੀਆਂ ਨੇ ਭਾਗ ਲਿਆ। ਬਲਾਕ ਬੁਢਲਾਡਾ ਵਿਖੇ ਅੰਡਰ 14 ਕਬੱਡੀ (ਨੈਸ਼ਨਲ ਸਟਾਇਲ) 'ਚ ਸਰਕਾਰੀ ਮਾਡਲ ਸਕੂਲ ਕੁਲਰੀਆਂ ਨੇ ਪਹਿਲਾ ਤੇ ਸਰਕਾਰੀ ਹਾਈ ਸਕੂਲ ਗੁਰਨੇ ਕਲਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬਲਾਕ ਝੁਨੀਰ ਵਿਖੇ ਅੰਡਰ-14 ਕਬੱਡੀ (ਨੈਸ਼ਨਲ ਸਟਾਇਲ) ਲੜਕਿਆਂ 'ਚ ਜੋਗੀਪੀਰ ਚਹਿਲਾਂ ਨੇ ਪਹਿਲਾ ਤੇ ਭਾਈ ਗੁਰਦਾਸ ਮਾਖਾ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕਬੱਡੀ (ਸਰਕਲ ਸਟਾਇਲ) ਵਿੱਚ ਸਰਕਾਰੀ ਹਾਈ ਸਕੂਲ ਫਤਿਹਪੁਰ ਨੇ ਪਹਿਲਾ ਤੇ ਸਰਕਾਰੀ ਹਾਈ ਸਕੂਲ ਨੰਦਗੜ੍ਹ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜਾਗਰੂਕਤਾ ਸੈਮੀਨਾਰ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਰਾਜ ਕੁਮਾਰ ਮਾਨਯੋਗ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਸ਼੍ਰੀਮਤੀ ਹਰਪ੍ਰੀਤ ਕੌਰ ਸੀ.ਜੇ.ਐੱਮ/ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੇਂਟ ਸਹਾਰਾ ਕਾਲਜ ਆਫ ਐਜੂਕੇਸ਼ਨ ਫਿਰੋਜ਼ਪੁਰ ਰੋਡ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਯੁਵਾ ਸੰਵਾਦ ਇੰਡੀਆ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ 18 ਸਾਲ ਤੋਂ ਲੈ ਕੇ 25 ਸਾਲ ਉਮਰ ਤੱਕ ਦੇ ਨੌਜਵਾਨਾਂ ਨੇ ਹਿੱਸਾ ਲਿਆ। ਇਸ ਮੌਕੇ ਸਕੱਤਰ ਸਾਹਿਬ ਨੇ ਭਾਰਤ ਵਿਕਾਸ ਸਬੰਧੀ ਯੁਵਾ ਪੀੜ੍ਹੀ ਦੇ ਰੋਲ ਬਾਰੇ ਜਾਣੂ ਕਰਵਾਇਆ ਤੇ ਵਿਦਿਆਰਥੀਆਂ ਨੂੰ ਪੋਕਸੋ ਐਕਟ ਤੇ ਨਾਲਸਾ ਦੀਆਂ ਵੱਖ ਵੱਖ ਸਕੀਮਾਂ ਸਨ। ਮੈਡਮ ਹਰਪ੍ਰੀਤ ਕੌਰ ਨੇ ਦੱਸਿਆ ਕਿ ਉਹ ਜ਼ਿਲ੍ਹਾ ਕਚਹਿਰੀ ਕੰਪਲੈਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਆ ਕੇ ਕਾਨੂੰਨੀ ਸਲਾਹ/ਸਹਾਇਤਾ ਲੈ ਸਕਦੇ ਹਨ। ਉਨ੍ਹਾ ਦੱਸਿਆ ਕਿ 9 ਸਤੰਬਰ 2023 ਨੂੰ ਲੱਗ ਰਹੀ ਨੈਸ਼ਨਲ ਲੋਕ ਅਦਾਲਤ 'ਚ ਵੱਧ ਤੋਂ ਵੱਧ ਕੇਸ ਲਗਾਏ ਜਾਣ, ਜਿਸ ਵਿੱਚ ਆਪਣੇ ਕੇਸ ਦਾ ਲੋਕ ਅਦਾਲਤ ਵਿੱਚ ਨਿਪਟਾਰਾ ਕਰਾਉਣ ਲਈ ਉਹ ਸਬੰਧਤ ਅਦਾਲਤ ਨੂੰ ਦਰਖਾਸਤ ਦੇ ਕੇ ਆਪਣੇ ਕੇਸ ਦਾ ਨਿਪਟਾਰਾ ਕਰਵਾ ਸਕਦੇ ਹਨ। ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਟੋਲ ਫ੍ਰੀ ਨੰਬਰ 1968 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਵਿਦਿਆਰਥੀਆਂ ਨੂੰ ਪੋਕਸੋ ਐਕਟ 'ਤੇ ਡਾਕੂਮੈਂਟਰੀ ਫਿਲਮ ਦਿਖਾਈ ਗਈ। ਸਬੰਧੀ ਜਾਗਰੂਕ ਕੀਤਾ। ਇਸ ਮੌਕੇ ਸਕੂਲ ਦੇ ਸਟਾਫ ਨੂੰ ਵੀ ਜਿਨਸੀ ਛੇੜ-ਛਾੜ ਸਬੰਧੀ ਜਾਗਰੂਕ ਕੀਤਾ ਗਿਆ।

ਇਸ ਮੌਕੇ ਮਾਨਵਾ ਫਾਊਂਡੇਸ਼ਨ ਦੇ ਚੇਅਰਮੈਨ ਡਾ. ਨਰੇਸ਼ ਪਰੂਥੀ, ਐਜੂਕੇਸ਼ਨ ਪ੍ਰਿੰਸੀਪਲ ਡਾਕਟਰ ਸੰਦੀਪ ਸਿੰਘ ਕਟਾਰੀਆ, ਨਹਿਰੂ ਯੁਵਾ ਕੇਂਦਰ ਦੇ ਸਕੱਤਰ ਮਿਸ ਕੋਮਲ ਨੀਗਮ ਤੇ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਮਿਸ ਰਮਨਦੀਪ ਕੌਰ ਵੀ ਹਾਜ਼ਰ

## ਦੇਵ ਸਮਾਜ ਕਾਲਜ ਦੀ ਸੰਦੀਪ ਕੌਰ ਤੇ ਬਲਜੀਤ ਕੌਰ ਦਾ ਐੱਮ ਏ ਇਤਿਹਾਸ ਦੀ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ

**ਪੰਜਾਬ ਯੂਨੀਵਰਸਿਟੀ ਦੇ ਟਾਪਰਜ਼ ਦੀ ਸੂਚੀ 'ਚ ਵਿਦਿਆਰਥਣਾਂ ਦਾ ਨਾਂਅ**



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਅਕਾਦਮਿਕ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਯੂਨੀਵਰਸਿਟੀ ਦਾ ਏ ਗ੍ਰੇਡ ਪ੍ਰਾਪਤ ਦੇਵ ਸਮਾਜ ਕਾਲਜ ਕਾਲਜ ਫਿਰੋਜ਼ਪੁਰ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਵਿੱਚ ਨਿਰੰਤਰ ਅਗਰਸਰ ਹੈ। ਇਸੇ ਲੜੀ ਤਹਿਤ ਇਸ ਕਾਲਜ ਦੇ ਇਤਿਹਾਸ ਵਿਭਾਗ ਦੇ ਐੱਮ ਏ ਇਤਿਹਾਸ, ਚੌਥੇ ਸਮੈਸਟਰ ਦੀ ਪ੍ਰੀਖਿਆ ਵਿੱਚ ਸਰਵਸ੍ਰੇਸ਼ਠ ਪ੍ਰਦਰਸ਼ਨ ਕਰਨ ਵਾਲੀਆਂ ਵਿਦਿਆਰਥਣਾਂ ਵਿੱਚੋਂ ਸੰਦੀਪ ਕੌਰ ਤੇ ਬਲਜੀਤ ਕੌਰ ਨੇ ਸਿੱਖਿਆ ਦੇ ਖੇਤਰ ਵਿੱਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਇਤਿਹਾਸ ਵਿਭਾਗ ਦੇ ਮੁਖੀ ਡਾ. ਅਮਿਤ ਕੁਮਾਰ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਐੱਮ ਏ ਇਤਿਹਾਸ ਚੌਥੇ ਸਮੈਸਟਰ ਦੀ ਪ੍ਰੀਖਿਆ ਵਿੱਚ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੀ ਵਿਦਿਆਰਥਣ ਸੰਦੀਪ ਕੌਰ ਨੇ ਯੂਨੀਵਰਸਿਟੀ ਪੱਧਰ 'ਤੇ ਚੌਥਾ ਤੇ ਬਲਜੀਤ ਕੌਰ ਨੇ ਨੌਂਵਾਂ ਸਥਾਨ ਪ੍ਰਾਪਤ ਕਰਕੇ ਸੰਸਥਾ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਉਨ੍ਹਾਂ ਕਿਹਾ ਕਿ ਪੜ੍ਹਾਈ ਵਿੱਚ ਅੱਵਲ ਰਹਿਣ ਵਾਲੀਆਂ ਵਿਦਿਆਰਥਣਾਂ ਦਾ ਸਾਰਾ ਵਿਹਲਾ ਸਮਾਂ ਲਾਇਬ੍ਰੇਰੀ ਵਿੱਚ ਗੁਜ਼ਰਦਾ ਸੀ।ਇਸ ਮੌਕੇ ਪ੍ਰਿੰਸੀਪਲ ਡਾ. ਸੰਗੀਤਾ ਨੇ ਕਿਹਾ ਕਿ ਦੇਵ ਸਮਾਜ ਕਾਲਜ ਫਾਰ ਵੋਮੈਨ ਫਿਰੋਜ਼ਪੁਰ ਦਾ ਆਪਣਾ ਇੱਕ ਸ਼ਾਨਦਾਰ ਇਤਿਹਾਸ ਹੈ।ਇੱਥੋਂ ਦੇ ਵਿਦਿਆਰਥੀਆਂ ਨੇ ਸਿੱਖਿਆ ਦੇ ਖੇਤਰ ਵਿੱਚ ਹਮੇਸ਼ਾ ਸਫਲਤਾ ਦੇ ਝੰਡੇ ਗੱਡੇ ਹਨ।ਉਨ੍ਹਾਂ ਵਿਦਿਆਰਥਣ ਸੰਦੀਪ ਕੌਰ ਤੇ ਬਲਜੀਤ ਕੌਰ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਵਿਦਿਆਰਥਣਾਂ ਦੀ ਸਖਤ ਮਿਹਨਤ, ਲਗਨ ਤੇ ਅਧਿਆਪਕਾਂ ਦੇ ਮਾਰਗ ਦਰਸ਼ਨ ਸਦਕਾ, ਜੋ ਪੁਜ਼ੀਸ਼ਨ ਹਾਸਲ ਕੀਤੀ ਹੈ, ਉਹ ਕਾਲਜ ਦੇ ਨਾਲ ਨਾਲ ਮਾਪਿਆਂ ਲਈ ਵੀ ਮਾਣ ਵਾਲੀ ਗੱਲ ਹੈ।ਦ੍ਰਿੜ੍ਹ ਇਰਾਦੇ ਨਾਲ ਕੀਤੀ ਮਿਹਨਤ ਸਾਬਿਤ ਕਦਮੀ ਅੱਗੇ ਵਧਣ ਵਿੱਚ ਸਹਾਈ ਹੁੰਦੀ ਹੈ।ਇਸ ਮੌਕੇ ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ ਤੇ ਉਸ ਦੇ ਸੁਨਹਿਰੀ ਭਵਿੱਖ ਲਈ ਕਾਮਨਾ ਕੀਤੀ।

## ਪੰਜਵੀਂ 'ਚੋਂ ਅੱਵਲ ਆਉਣ ਵਾਲੇ ਬੱਚਿਆਂ ਦੀ ਕੀਤੀ ਹੌਸਲਾ-ਅਫਜ਼ਾਈ



**ਸਮਰਾਲਾ (ਸੁਰਜੀਤ ਸਿੰਘ)**-ਇੱਥੇ ਨੇੜਲੇ ਪਿੰਡ ਦੀਵਾਲਾ ਦੇ ਜੰਮਪਲ ਇੰਜੀ. ਇਕਬਾਲ ਸਿੰਘ ਐੱਸ ਡੀ ਓ (ਰਿਟਾ.) ਵੱਲੋਂ ਸਵਰਗੀ ਮਨੀ ਸਿੰਘ ਕਾਨੰਨਗੋ ਦੀ ਯਾਦ ਵਿੱਚ ਆਪਣੇ ਪਿੰਡ ਦੇ ਪ੍ਰਾਈਮਰੀ ਸਕੂਲ ਦੇ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਹਰ ਸਾਲ ਪੜ੍ਹਾਈ ਵਿੱਚ ਅੱਵਲ ਆਉਣ ਵਾਲੇ ਬੱਚਿਆਂ ਨੂੰ ਇਨਾਮ ਦਿੱਤਾ ਜਾਂਦਾ ਹੈ। ਇਸ ਸਾਲ ਵੀ ਉਨ੍ਹਾਂ ਵੱਲੋਂ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਕਰਵਾਏ ਸਮਾਗਮ ਦੌਰਾਨ ਪੰਜਵੀਂ ਜਮਾਤ ਵਿੱਚ ਚੰਗੇ ਨੰਬਰ ਲੈ ਕੇ ਪਹਿਲੇ ਸਥਾਨ 'ਤੇ ਆਉਣ ਵਾਲੀ ਜੈਸਮੀਨ ਕੌਰ ਨੂੰ ਇਨਾਮ ਵਜੋਂ ਸਾਈਕਲ ਦਿੱਤਾ। ਇਸੇ ਤਰ੍ਹਾਂ ਦੂਜੇ ਨੰਬਰ 'ਤੇ ਆਉਣ ਵਾਲੀ ਵਿਦਿਆਰਥਣ ਸੁਖਨੀਤ ਕੌਰ ਨੂੰ ਸੰਤੋਖ ਸਿੰਘ ਨੇ ਇੱਕ ਹਜ਼ਾਰ ਰੁਪਏ ਇਨਾਮ ਦੇ ਤੌਰ 'ਤੇ ਨਕਦ ਰਾਸ਼ੀ ਦਿੱਤੀ। ਇੰਜੀ. ਇਕਬਾਲ ਸਿੰਘ ਨੇ ਸਕੂਲੀ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਕੁੱਝ ਵੱਡਾ ਬਣਨ ਲਈ ਉਹ ਲਗਨ ਨਾਲ ਆਪਣੀ ਪੜ੍ਹਾਈ ਕਰਨ। ਉਨ੍ਹਾਂ ਕਿਹਾ ਕਿ ਸਖਤ ਮਿਹਨਤ ਨੂੰ ਹੀ ਹਮੇਸ਼ਾ ਮਿੱਠੇ ਫਲ ਲਗਦੇ ਹਨ। ਇਸ ਲਈ ਮਿੱਠੇ ਫਲਾਂ ਦਾ ਸਵਾਦ ਚਖਣ ਲਈ ਸਖਤ ਮਿਹਨਤ ਕਰਨ ਦੀ ਲੋੜ ਹੁੰਦੀ ਹੈ। ਇਸ ਮੌਕੇ ਸਕੂਲ ਦੇ ਹੈੱਡ ਟੀਚਰ ਸੁਖਵੀਰ ਸਿੰਘ ਤੇ ਅਧਿਆਪਕਾ ਅਮਨਜੋਤ ਕੌਰ ਨੂੰ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਮਿਹਨਤੀ ਟੀਚਰਾਂ ਦੀ ਬੱਚਿਆਂ ਨੂੰ ਲਗਨ ਨਾਲ ਪੜ੍ਹਾਉਣ ਲਈ ਸ਼ਲਾਘਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਸਵਰਨ ਸਿੰਘ, ਮਾਸਟਰ ਸਮਸ਼ੇਰ ਸਿੰਘ, ਮੇਵਾ ਸਿੰਘ, ਗੁਰਜੀਤ ਸਿੰਘ, ਪ੍ਰੇਮ ਸਿੰਘ, ਇੰਜੀ: ਪ੍ਰਿਤਪਾਲ ਸਿੰਘ, ਗੁਰਪ੍ਰੀਤ ਸਿੰਘ ਸਮੇਤ ਪਿੰਡ ਦੇ ਹੋਰ ਪਤਵੰਤੇ ਹਾਜ਼ਰ ਸਨ।

## ਮਾਤਾ ਦਲਬੀਰ ਕੌਰ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀ ਭੇਟ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਵਿਧਾਇਕ ਜਥੇਦਾਰ ਜਗਤਾਰ ਸਿੰਘ ਰਾਜਲਾ ਦੇ ਮਾਤਾ ਤੇ ਮਰਹੂਮ ਅਕਾਲੀ ਆਗੂ ਅਤੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਰਾਜਲਾ ਦੇ ਧਰਮਪਤਨੀ ਮਾਤਾ ਦਲਬੀਰ ਕੌਰ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਗੁਰਦੁਆਰਾ ਈਸਰਸਰ ਸਾਹਿਬ ਢੈਂਠਲ ਵਿਖੇ ਪਾਏ ਗਏ, ਜਿੱਥੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਸਾਹਿਬ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਲੋਕ ਸਭਾ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ,ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ, ਸਤਵਿੰਦਰ ਸਿੰਘ ਟੌਹੜਾ, ਸਾਬਕਾ ਵਿਧਾਇਕ ਰਜਿੰਦਰ ਸਿੰਘ ਨੇ ਕਿਹਾ ਕਿ ਰਾਜਲਾ ਪਰਿਵਾਰ ਨੇ ਹਮੇਸ਼ਾ ਪੰਥ ਦੀ ਸੇਵਾ ਕੀਤੀ ਤੇ ਪਰਿਵਾਰ ਗੁਰੂ ਨੂੰ ਮੰਨਣ ਵਾਲਾ ਹੈ। ਇਸ ਮੌਕੇ ਜਥੇਦਾਰ ਜਗਤਾਰ ਸਿੰਘ, ਤਹਿਸੀਲਦਾਰ ਮਨਜੀਤ ਸਿੰਘ ਤੇ ਜਰਨੈਲ ਸਿੰਘ ਨੇ ਪਰਿਵਾਰ ਵੱਲੋਂ ਆਈ ਸੰਗਤ ਦਾ ਧੰਨਵਾਦ ਕੀਤਾ। ਮਾਤਾ ਜੀ ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਵਿੱਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ।

ਇਸ ਮੌਕੇ ਰਾਜਲਾ ਪਰਿਵਾਰ ਨਾਲ ਦੁੱਖ ਸਾਂਝੇ ਕਰਨ ਵਾਲਿਆਂ 'ਚ ਵੱਡੀ ਗਿਣਤੀ 'ਚ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਤੋਂ ਇਲਾਵਾ ਸਮੂਹ ਰਿਸ਼ਤੇਦਾਰ ਤੇ ਸਨੇਹੀ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਹਾਜ਼ਰ ਸਨ। ਇਸ ਮੌਕੇ ਸ਼ਰਧਾਜਲੀਆਂ ਭੇਟ ਕਰਨ ਵਾਲਿਆਂ ਵਿੱਚ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਬੀਬੀ ਕੁਲਦੀਪ ਕੌਰ ਟੌਹੜਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਕਿਸਾਨ ਆਗੂ ਬੂਟਾ ਸਿੰਘ ਸ਼ਾਦੀਪੁਰ, ਸਾਬਕਾ ਐਮ ਐੱਲ ਏ ਰਜਿੰਦਰ ਸਿੰਘ, ਅਮਰਜੀਤ ਸਿੰਘ ਪੰਜਰਥ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਗੁਪਤਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ ਸਮੇਤ ਕਈ ਧਾਰਮਿਕ, ਰਾਜਨੀਤਕ ਤੇ ਸਮਾਜਿਕ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਹਾਜ਼ਰ ਸਨ।

## ਠਾਣਾ ਸਿੰਘ ਦੇ ਸ਼ਰਧਾਂਜਲੀ ਸਮਾਗਮ ਲਈ ਲੋਕਾਂ 'ਚ ਭਾਰੀ ਉਤਸ਼ਾਹ

**ਨੁੱਕੜ ਮੀਟਿੰਗਾਂ 'ਚ ਲੋਕਾਂ ਨੇ ਸਮਾਗਮ ਦੀ ਚੁੱਕੀ ਜ਼ਿੰਮੇਵਾਰੀ**



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਨਕਸਲਬਾੜੀ ਲਹਿਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੀ ਉਘੀ ਸ਼ਖ਼ਸੀਅਤ ਕਾਮਰੇਡ ਠਾਣਾ ਸਿੰਘ ਦੇ 17 ਸਤੰਬਰ ਨੂੰ ਪਿੰਡ ਭਲਾਈਆਣਾ ਵਿੱਚ ਕੀਤੇ ਜਾ ਰਹੇ ਸ਼ਰਧਾਂਜਲੀ ਸਮਾਗਮ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਸ ਦਾ ਪ੍ਰਗਟਾਵਾ ਪਿੰਡ ਵਿੱਚ ਹੋਈਆਂ ਤਿੰਨ ਨੁੱਕੜ ਮੀਟਿੰਗਾਂ ਵਿੱਚ ਪਹੁੰਚੇ ਲੋਕਾਂ ਦੇ ਰੌਂਅ ਨੂੰ ਦੇਖਦਿਆਂ ਮਿਲਿਆ। ਮੀਟਿੰਗਾਂ ਵਿੱਚ ਪਹੁੰਚੇ ਮਜ਼ਦੂਰਾਂ ਕਿਸਾਨਾਂ ਨੇ ਸ਼ਰਧਾਂਜਲੀ ਸਮਾਗਮ ਦੀਆਂ ਕੁੱਲ ਜ਼ੁੰਮੇਵਾਰੀਆਂ ਨੂੰ ਖੁਸ਼ੀ ਖੁਸ਼ੀ ਨਿਭਾਉਣ ਦਾ ਫੈਸਲਾ ਕੀਤਾ। ਇਨ੍ਹਾਂ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਸ਼ਰਧਾਂਜਲੀ ਸਮਾਗਮ ਕਮੇਟੀ ਦੇ ਸੂਬਾਈ ਮੈਂਬਰ ਜੋਰਾ ਸਿੰਘ ਨਸਰਾਲੀ ਤੇ ਪਿਆਰੇ ਲਾਲ ਨੇ ਕਿਹਾ ਕਿ ਸਾਥੀ ਠਾਣਾ ਸਿੰਘ ਨੇ ਸਾਰੀ ਉਮਰ ਕਿਸਾਨਾਂ ਮਜ਼ਦੂਰਾਂ ਦੀ ਪੁੱਗਤ ਵਾਲਾ ਰਾਜ ਪ੍ਰਬੰਧ ਲਿਆਉਣ ਲਈ ਜੀ-ਜਾਨ ਨਾਲ ਕੰਮ ਕੀਤਾ। ਉਨ੍ਹਾਂ ਦਾ ਬਿਲਕੁਲ ਸਾਫ ਤੇ ਸਪੱਸ਼ਟ ਮੱਤ ਸੀ ਕਿ ਜਦੋਂ ਤੱਕ ਮੁਲਕ ਦੇ ਵਿਕਾਸ ਨੂੰ ਬੰਨ੍ਹ ਮਾਰਨ ਵਾਲੇ ਲੋਕਾਂ ਦੇ ਦੁਸ਼ਮਣਾਂ ਸਾਮਰਾਜੀ ਮੁਲਕਾਂ, ਜਗੀਰਦਾਰਾਂ ਤੇ ਦਲਾਲ ਕਾਰਪੋਰੇਟ ਘਰਾਣਿਆਂ ਨੂੰ ਲੋਕਾਂ ਦੀ ਟਾਕਰਾ ਲਹਿਰ ਰਾਹੀਂ ਹਰਾਇਆ ਨਹੀਂ ਜਾਂਦਾ ਉਦੋਂ ਤੱਕ ਭਾਰਤੀ ਲੋਕ ਲੁੱਟ ਤੇ ਜਬਰ ਤੋਂ ਮੁਕਤ ਨਹੀਂ ਹੋ ਸਕਦੇ। ਉਨ੍ਹਾਂ ਨੇ ਅਜਿਹੀ ਇਨਕਲਾਬੀ ਟਾਕਰਾ ਲਹਿਰ ਉਸਾਰਨ ਲਈ ਹਰ ਤਬਕੇ ਵਿਸ਼ੇਸ਼ ਕਰਕੇ ਮਜ਼ਦੂਰਾਂ ਕਿਸਾਨਾਂ ਨੂੰ ਜਥੇਬੰਦ ਕਰਕੇ ਸੰਘਰਸ਼ਾਂ ਰਾਹੀਂ ਉਨ੍ਹਾਂ ਦੀ ਸਿਆਸੀ ਚੇਤਨਾ ਨੂੰ ਉੱਚਾ ਚੁੱਕਣ ਲਈ ਅਸਰਦਾਰ ਢੰਗ ਨਾਲ ਸਿੱਖਿਆਦਾਇਕ ਮੁਹਿੰਮਾਂ ਚਲਾਈਆਂ ਤੇ ਲੋਕ ਸੰਘਰਸ਼ਾਂ ਨੂੰ ਲਾਮਬੰਦ ਤੇ ਅਗਵਾਈ ਦੇਣ ਲਈ ਨੌਜਵਾਨਾਂ ਦੇ ਪੂਰ ਤਿਆਰ ਕੀਤੇ। ਸਾਥੀ ਠਾਣਾ ਸਿੰਘ ਨੇ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ ਇਸ ਗੱਲ ਦਾ ਹੋਕਾ ਦਿੱਤਾ ਕਿ ਪਾਰਲੀਮਾਨੀ ਰਾਹ ਲੁਟੇਰੀਆਂ ਹਾਕਮ ਜਮਾਤਾਂ ਵੱਲੋਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਤੇ ਧੋਖਾ ਦੇਣ ਲਈ ਜਥੇਬੰਦ ਕੀਤਾ ਗਿਆ ਲੋਕ ਵਿਰੋਧੀ ਢਾਂਚਾ ਹੈ। ਇਸ ਲਈ ਲੋਕਾਂ ਨੂੰ ਇਸ ਤੋਂ ਮੁਕਤੀ ਦੀ ਝਾਕ ਛੱਡ ਕੇ ਜਨਤਕ ਇਨਕਲਾਬੀ ਟਾਕਰਾ ਲਹਿਰਾਂ ਨੂੰ ਵਿਸ਼ਾਲ ਤੇ ਮਜ਼ਬੂਤ ਕਰਨਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਸ਼ਰਧਾਂਜਲੀ ਸਮਾਗਮ ਸਮੇਂ ਸਾਥੀ ਠਾਣਾ ਸਿੰਘ ਦੇ ਨਕਸਲਬਾੜੀ ਲਹਿਰ ਵਿੱਚ ਪਾਏ ਯੋਗਦਾਨ ਨੂੰ ਸਲਾਮ ਕਰਦਿਆਂ ਇਨਕਲਾਬੀ ਲਹਿਰ ਨੂੰ ਮਜ਼ਬੂਤ ਕਰਨ ਦਾ ਅਹਿਦ ਕੀਤਾ ਜਾਵੇਗਾ। ਇਨ੍ਹਾਂ ਮੀਟਿੰਗਾਂ ਵਿੱਚ ਇਲਾਕਾ ਕਮੇਟੀ ਦੇ ਮੈਂਬਰ ਵੀ ਸ਼ਾਮਲ ਸਨ।

## ...ਸ.ਫ਼ਾ 1 ਦੇ ਬਾਕੀ

### ਸਟਾਲਿਨ ਦੇ ਬੇਟੇ ...

ਤੱਕ ਚਲਦਾ ਰਹੇਗਾ। ਉਨ੍ਹਾ ਕਿਹਾ ਕਿ ਉਧਯਨਿਧੀ ਨੂੰ ਸਨਾਤਨ ਦਾ ਅਸਲੀ ਮਤਲਬ ਨਹੀਂ ਪਤਾ, ਉਹ ਜੋ ਕਹਿ ਰਹੇ ਹਨ, ਉਹ ਬਿਲਕੁੱਲ ਗਲਤ ਹੈ।

ਸੋਸ਼ਲ ਮੀਡੀਆ ਪਲੇਟਫਾਰਮ 'ਐੱਕਸ' 'ਤੇ ਇੱਕ ਵਿਅਕਤੀ ਨੇ ਕਿਹਾ—ਉਹ ਉਧਯਨਿਧੀ ਸਟਾਲਿਨ ਖਿਲਾਫ਼ ਕਾਨੂੰਨੀ ਕਦਮ ਉਠਾਉਣ ਬਾਰੇ ਵਿਚਾਰ ਕਰ ਰਹੇ ਹਨ। ਇਸ 'ਤੇ ਉਧਯਨਿਧੀ ਨੇ ਜਵਾਬ ਦਿੰਦੇ ਹੋਏ ਕਿਹਾ, 'ਮੈਂ ਕਿਸੇ ਵੀ ਕਾਨੂੰਨੀ ਚੁਣੌਤੀ ਲਈ ਤਿਆਰ ਹਾਂ। ਅਸੀਂ ਇਸ ਤਰ੍ਹਾਂ ਦੀਆਂ ਭਗਵਾਂ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਾਂ। ਅਸੀਂ ਪੇਰੀਅਰ ਅਤੇ ਅੰਨਾ ਦੇ ਫਾਲੋਵਰ ਹਾਂ।'

ਇਸ ਦੌਰਾਨ ਉਧਯਨਿਧੀ ਨੇ ਆਪਣੇ ਬਿਆਨ 'ਤੇ ਬਖੇੜਾ ਹੁੰਦਾ ਦੇਖ ਸਫਾਈ ਦਿੱਤੀ। ਉਨ੍ਹਾ ਅਮਿਤ ਮਾਲਵੀਆ ਦੇ ਟਵੀਟ ਦਾ ਜਵਾਬ ਦਿੰਦੇ ਹੋਏ ਲਿਖਿਆ, 'ਮੈਂ ਕਦੀ ਵੀ ਸਨਾਤਨ ਧਰਮ ਦਾ ਪਾਲਣ ਕਰਨ ਵਾਲੇ ਲੋਕਾਂ ਦੇ ਕਤਲੇਆਮ ਦੀ ਗੱਲ ਨਹੀਂ ਕਹੀ। ਸਨਾਤਨ ਧਰਮ ਇੱਕ ਸਿਧਾਂਤ ਹੈ, ਜੋ ਲੋਕਾਂ ਨੂੰ ਜਾਤੀ ਅਤੇ ਧਰਮ ਦੇ ਨਾਂਅ 'ਤੇ ਵੰਡਦਾ ਹੈ। ਸਨਾਤਨ ਧਰਮ ਪੁੱਟ ਸੁੱਟਣਾ ਮਾਨਵਤਾ ਅਤੇ ਮਾਨਵ ਸਮਾਨਤਾ ਨੂੰ ਕਾਇਮ ਰੱਖਣਾ ਹੈ। ਮੈਂ ਆਪਣੇ ਕਹੇ ਹਰ ਸ਼ਬਦ 'ਤੇ ਦ੍ਰਿੜ੍ਹਤਾ ਨਾਲ ਕਾਇਮ ਹਾਂ। ਮੈਂ ਪੱਛੜੇ ਅਤੇ ਹਾਸ਼ੀਏ 'ਤੇ ਖੜੇ ਲੋਕਾਂ ਵੱਲੋਂ ਬੋਲਿਆ ਹਾਂ, ਜੋ ਸਨਾਤਨ ਧਰਮ ਕਾਰਨ ਪੀੜਤ ਹਨ।'

ਡੀ ਐੱਮ ਕੇ ਸੰਯੁਕਤ ਸਕੱਤਰ ਅਤੇ ਬੁਲਾਰੇ ਸਰਵਨਨ ਅੰਨਾਦੁਰਈ ਨੇ ਕਿਹਾ ਕਿ ਉਧਯਨਿਧੀ ਦੇ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਜੇ ਪ੍ਰਧਾਨ ਮੰਤਰੀ 'ਕਾਂਗਰਸ ਮੁਕਤ ਭਾਰਤ' ਕਹਿੰਦੇ ਹਨ ਤਾਂ ਕੀ ਉਹ ਕਤਲੇਆਮ ਦਾ ਸੱਦਾ ਦਿੰਦੇ ਹਨ।' ਅੰਨਾਦੁਰਈ ਨੇ ਕਿਹਾ ਕਿ ਲੋਕ ਗਲਤ ਖ਼ਬਰਾਂ ਅਤੇ ਨਫ਼ਰਤ ਫੈਲਾਅ ਰਹੇ ਹਨ। ਜਦ ਅਸੀਂ ਕਹਿੰਦੇ ਹਾਂ 'ਸਨਾਤਨ ਧਰਮ' ਨੂੰ ਖ਼ਤਮ ਕਰਨਾ ਚਾਹੁੰਦੇ ਹਾਂ ਤਾਂ ਇਸ ਦਾ ਮਤਲਬ ਹੈ ਕਿ ਅਸੀਂ ਕਠੋਰ ਜਾਤੀ ਵਿਵਸਥਾ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ।

### ਟੈਕਸ ਚੋਰਾਂ ਖਿਲਾਫ ਸਖਤ...

ਵਾਹਨਾਂ ਵਿਰੁੱਧ ਕਾਰਵਾਈ ਕੀਤੀ ਗਈ। ਉਨ੍ਹਾ ਕਿਹਾ ਕਿ ਕਰ ਚੋਰਾਂ ਖਿਲਾਫ ਜਾਰੀ ਇਸ ਮੁਹਿੰਮ ਦੇ ਤਹਿਤ ਸਿਪੂ ਸ਼ੰਭੂ ਵੱਲੋਂ ਸਭ ਤੋਂ ਵੱਧ 3.21 ਕਰੋੜ ਦੇ ਜੁਰਮਾਨਾ ਲਗਾਏ ਅਤੇ 3.18 ਕਰੋੜ ਰੁਪਏ ਦੇ ਜੁਰਮਾਨੇ ਵਸੂਲਣ ਵਿੱਚ ਸਫਲਤਾ ਹਾਸਲ ਕੀਤੀ। ਇਸੇ ਤਰ੍ਹਾਂ ਸਿਪੂ ਪਟਿਆਲਾ ਵੱਲੋਂ 2.80 ਕਰੋੜ ਰੁਪਏ ਦੇ ਲਾਏ ਗਏ ਜੁਰਮਾਨਿਆਂ 'ਚੋਂ 2.67 ਕਰੋੜ ਰੁਪਏ ਦੀ ਵਸੂਲੀ ਕਰਨ 'ਚ ਸਫਲਤਾ ਹਾਸਲ ਕੀਤੀ ਗਈ। ਸਿਪੂ ਦੀਆਂ ਟੀਮਾਂ ਵੱਲੋਂ ਚਲਾਈ ਗਈ ਇਸ ਮੁਹਿੰਮ ਦੀ ਕਾਮਯਾਬੀ ਲਈ ਚੀਮਾ ਨੇ ਉਨ੍ਹਾ ਨੂੰ ਵਧਾਈ ਦਿੱਤੀ ਅਤੇ ਆਪਣੇ ਪ੍ਰਦਰਸ਼ਨ 'ਚ ਹੋਰ ਸੁਧਾਰ ਲਿਆਉਣ ਲਈ ਪ੍ਰੇਰਿਤ ਕੀਤਾ।

## 'ਖੇਡਾਂ ਵਤਨ ਪੰਜਾਬ ਦੀਆਂ-2023' ਅਧੀਨ ਬਲਾਕ ਪੱਧਰੀ ਟੂਰਨਾਮੈਂਟ ਦਾ ਪਹਿਲਾ ਦਿਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ਨਰਿੰਦਰਜੀਤ ਸਿੰਘ)**

ਖੇਡ ਵਿਭਾਗ, ਪੰਜਾਬ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2023 ਅਧੀਨ ਬਲਾਕ ਪੱਧਰੀ, ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਖੇਡਾਂ ਵਿੱਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਮਿਤ ਤਲਵਾੜ ਦੀ ਰਹਿਨੁਮਾਈ ਹੇਠ ਵੱਖ-ਵੱਖ ਬਲਾਕਾਂ ਵਿੱਚ ਬਲਾਕ ਪੱਧਰੀ ਟੂਰਨਾਮੈਂਟ ਕਰਵਾਏ ਗਏ। ਇਹ ਜਾਣਕਾਰੀ ਦਿੰਦਿਆਂ ਸੁਖਚੈਨ ਸਿੰਘ ਜਿਲ੍ਹਾ ਸਪੋਰਟਸ ਅਫਸਰ, ਅੰਮ੍ਰਿਤਸਰ ਨੇ ਦਸਿੱਆ ਕਿ ਬਲਾਕ ਪੱਧਰ ਟੂਰਨਾਮੈਂਟ ਵਿੱਚ ਕੁੱਲ 8 ਗੇਮਾਂ (ਫੁੱਟਬਾਲ, ਕਬੱਡੀ ਨੈਸ਼ਨਲ ਸਟਾਈਲ, ਕਬੱਡੀ ਸਰਕਲ ਸਟਾਈਲ, ਖੋਹ-ਖੋਹ, ਐਥਲੈਟਿਕਸ, ਵਾਲੀਬਾਲ ਸਮੈਸ਼ਿੰਗ, ਵਾਲੀਬਾਲ ਸ਼ੂਟਿੰਗ, ਰੱਸਾਕਸੀ) ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਖੇਡਾਂ ਦਾ ਉਦਘਾਟਨ ਕੀਰਤਨ ਦਰਬਾਰ ਸੋਸਾਇਟੀ ਗਰਾਊਂਡ ਬਲਾਕ ਅਜਨਾਲਾ ਵਿਖੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਕੀਤਾ ਗਿਆ। ਉਦਘਾਟਨ ਸਮਾਰੋਹ ਦੌਰਾਨ ਸਭਿਆਚਾਰਕ ਪ੍ਰੋਗਰਾਮ ਗੱਤਕਾ ਅਤੇ ਗਿੱਧਾ ਕਰਵਾਇਆ ਗਿਆ। ਇਸ ਮੌਕੇ ਅਰਵਿੰਦਰ ਪਾਲ ਸਿੰਘ ਐਸਡੀਐਮ ਅਜਨਾਲਾ, ਅਵਤਾਰ ਸਿੰਘ ਤਹਿਸੀਲਦਾਰ, ਨੇਹਾ ਚਾਵਲਾ ਸੀਨੀਅਰ ਸਹਾਇਕ, ਇੰਦਰਵੀਰ ਸਿੰਘ ਨੋਡਲ ਅਫਸਰ, ਸਮੂਹ ਕੋਚ, ਸਟੇਜ ਕਨਵੀਨਰ ਯੁੱਧਵੀਰ ਸਿੰਘ ਅਤੇ ਜਸਪ੍ਰੀਤ ਸਿੰਘ ਫਿਜ਼ੀਕਲ ਟਰੇਨਰ (ਪੀ.ਆਈ.ਐਸ) ਆਦਿ ਹਾਜ਼ਰ ਸਨ। ਬਲਾਕ ਅਜਨਾਲਾ ਵਿੱਚ ਬਲਾਕ ਪੱਧਰ ਟੂਰਨਾਮੈਂਟ ਕੀਰਤਨ ਦਰਬਾਰ ਸੋਸਾਇਟੀ ਗਰਾਊਂਡ ਅਤੇ ਸਰਕਾਰੀ ਕਾਲਜ ਅਜਨਾਲਾ ਵਿਖੇ ਕਰਵਾਏ ਗਏ। ਬਲਾਕ ਅਜਨਾਲਾ ਵਿੱਚ ਤਕਰੀਬਨ 480 ਖਿਡਾਰੀਆਂ ਨੇ ਭਾਗ ਲਿਆ। ਗੇਮ ਖੋਹ ਖੋਹ ਅੰਡਰ-14 ਲੜਕੀਆਂ ਦੇ ਮੁਕਾਬਲਿਆਂ ਵਿੱਚ ਮਾਖੋਵਾਲਾ ਨੇ ਪਹਿਲਾ ਅਤੇ ਸੁਧਾਰ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਬਲਾਕ ਅਟਾਰੀ ਵਿੱਚ ਓਲੰਪੀਅਨ ਸ਼ਮਸ਼ੇਰ ਸਿੰਘ ਸ:ਸੀ:ਸੈ:ਸਕੂਲ ਅਟਾਰੀ ਵਿਖੇ ਬਲਾਕ ਪੱਧਰ ਟੂਰਨਾਮੈਂਟ ਕਰਵਾਇਆ ਗਿਆ। ਇਨ੍ਹਾਂ ਖੇਡਾਂ ਵਿੱਚ ਏ.ਡੀ. ਸੀ. ਜਸਵਿੰਦਰ ਸਿੰਘ ਰਮਦਾਸ ਐਮਐਲਏ. ਹਲਕਾ ਅਟਾਰੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਫੁੱਟਬਾਲ ਲੜਕਿਆਂ ਵਿੱਚ ਅੰਡਰ-14 ਨੇਸ਼ਟਾ ਕਲੱਬ ਅਤੇ ਸਰਕਾਰੀ ਸੀ:ਸੈ:ਸਕੂਲ ਅਟਾਰੀ ਵਿਚਕਾਰ ਕਰਵਾਇਆ ਗਿਆ ਜਿਸ ਵਿੱਚ ਨੇਸ਼ਟਾ ਕਲੱਬ ਨੇ ਜਿੱਤ ਪ੍ਰਾਪਤ ਕੀਤੀ। ਬਲਾਕ ਅਟਾਰੀ ਵਿੱਚ ਲਗਭਗ 203 ਖਿਡਾਰੀਆਂ ਨੇ ਭਾਗ ਲਿਆ। ਬਲਾਕ ਜੰਡਿਆਲਾ ਗੁਰੂ ਵਿੱਚ ਸ:ਸੀ:ਸੈ: ਸਕੂਲ ਬੰਡਾਲਾ ਵਿਖੇ ਬਲਾਕ ਪੱਧਰ ਟੂਰਨਾਮੈਂਟ ਕਰਵਾਇਆ ਗਿਆ। ਸੁਹਿੰਦਰ ਕੌਰ ਪਤਨੀ ਹਰਭਜਨ ਸਿੰਘ ਈਟੀਓ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਲਗਭਗ 790 ਖਿਡਾਰੀਆਂ ਨੇ ਭਾਗ ਲਿਆ। ਬਲਾਕ ਪੱਧਰੀ ਟੂਰਨਾਮੈਂਟ ਖੇਡ ਸਟੇਡੀਅਮ ਹਰਸ਼ਾ ਛੀਨਾ ਅਤੇ ਦਵਿੰਦਰਾ ਇੰਟਰਨੈਸ਼ਨਲ ਸਕੂਲ ਵਿਖੇ ਕਰਵਾਏ ਗਏ। ਉਦਘਾਟਨ ਬਲਦੇਵ ਸਿੰਘ ਮਿਆਦੀਆ ਚੇਅਰਮੈਨ ਪਨਗਰੇਨ ਪੰਜਾਬ ਵੱਲੋਂ ਕੀਤਾ ਗਿਆ। ਵਾਲੀਬਾਲ ਅੰਡਰ-14 ਲੜਕਿਆ ਦੇ ਮੁਕਾਬਲਿਆ ਵਿੱਚ ਜਗਦੇਵ ਕਲਾਂ ਨੇ ਪਹਿਲਾ ਸਥਾਨ ਅਤੇ ਗੁਰੂ ਕਾ ਬਾਗ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਖੋਹ-ਖੋਹ ਅੰਡਰ-14 ਲੜਕਿਆ ਦੇ ਮੁਕਾਬਲਿਆ ਵਿੱਚ ਗੁਰੂ ਕਾ ਬਾਗ ਦੀ ਟੀਮ ਨੇ ਪਹਿਲਾ ਸਥਾਨ ਅਤੇ ਹਰਸ਼ਾ ਛੀਨਾ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਲੜਕੀਆਂ ਦੀ ਟੀਮ ਵਿੱਚ ਕਲਗੀਧਰ ਸਕੂਲ ਦੀ ਟੀਮ ਨੇ ਪਹਿਲਾ ਅਤੇ ਸਹਿਬਜ਼ਾਦਾ ਬਾਬਾ ਫਤਹਿ ਸਿੰਘ ਪਬਲਿਕ ਸਕੂਲ ਗੁਰੂ ਕਾ ਬਾਗ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕਬੱਡੀ ਅੰਡਰ-14 ਲੜਕਿਆਂ ਦੇ ਮੁਕਾਬਲਿਆ ਵਿੱਚ ਸੰਤ ਕਰਤਾਰ ਸਿੰਘ ਜੀ ਸਪੋਰਟਸ ਕੱਲਬ ਨੇ ਪਹਿਲਾ ਅਤੇ ਗੁਰੂ ਕਲਗੀਧਰ ਸਕੂਲ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੇ ਮੁਕਾਬਲਿਆ ਵਿੱਚ ਸੰਤ ਕਰਤਾਰ ਸਿੰਘ ਸਪੋਰਟਸ ਕਲੱਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਹਨਾਂ ਖੇਡਾਂ ਵਿੱਚ ਲਗਭਗ 237 ਖਿਡਾਰੀਆਂ ਨੇ ਭਾਗ ਲਿਆ। ਵੇਰਕਾ ਵਿੱਚ ਬਲਾਕ ਪੱਧਰੀ ਟੂਰਨਾਮੈਂਟ ਖੇਡ ਸਟੇਡੀਅਮ ਮਾਨਾਂਵਾਲਾ ਕਲਾਂ ਵਿਖੇ ਕਰਵਾਏ ਗਏ। ਸੁਖਰਾਜ ਸਿੰਘ ਰੰਧਾਵਾ ਸਰਪੰਚ ਗ੍ਰਾਮ ਪੰਚਾਇਤ ਮਾਨਾਂਵਾਲਾ ਕਲਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਐਥਲੈਟਿਕਸ 60 ਮੀਟਰ ਲੜਕੀਆਂ ਦੇ ਮੁਕਾਬਲਿਆਂ ਅਤੇ ਲੰਬੀ ਛਾਲ ਵਿੱਚ ਵਿਸ਼ਮਨਜੋਤ ਕੌਰ ਪੁੱਤਰੀ ਜਗਰੂਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਖੋ-ਖੋ ਵਿੱਚ ਭਗਤ ਪੂਰਨ ਸਿੰਘ ਆਦਰਸ਼ ਸੀ:ਸੈ:ਸਕੂਲ ਮਾਨਾਂਵਾਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

4-Sep-PAGE-3.qxd 9/3/2023 8:47 PM Page 1



# ਹਸਪਤਾਲ ਦੀ ਬਣ ਰਹੀ ਨਵੀਂ ਬਿਲਡਿੰਗ ਦੇ ਚੌਗਿਰਦੇ 'ਚੋਂ ਦਰੱਖਤ ਕੱਟਣ 'ਤੇ ਲੋਕਾਂ 'ਚ ਰੋਸ



**ਕਲਾਨੌਰ, (ਮਨਦੀਪ ਕੁਮਾਰ)**-ਕਲਾਨੌਰ ਹਸਪਤਾਲ ਦੀ ਨਵੀਂ ਬਣ ਰਹੀ ਬਿਲਡਿੰਗ ਦੇ ਚੌਗਿਰਦੇ ਵਿਚ ਪਿਛਲੇ ਸਮੇਂ ਦੌਰਾਨ ਖਾਲਸਾ ਪੰਚਾਇਤ ਤੇ ਵਾਤਾਵਰਨ ਪ੍ਰੇਮੀਆਂ ਵਲੋਂ ਲਗਾਏ ਗਏ ਨਿੰਮ, ਅਮਲਤਾਸ, ਸਵੰਝਣਾਂ ਤੋਂ ਇਲਾਵਾ ਫਲਦਾਰ ਬੂਟਿਆਂ 'ਤੇ ਕੁਹਾੜਾ ਚੱਲਣ ਕਾਰਨ ਵਾਤਾਵਰਨ ਪ੍ਰੇਮੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਹਸਪਤਾਲ ਦੇ ਵਿੱਚ ਕੱਟੇ ਗਏ ਦਰੱਖਤਾਂ ਨੂੰ ਦਿਖਾਉਂਦਿਆਂ ਖਾਲਸਾ ਪੰਚਾਇਤ ਦੇ ਪ੍ਰਧਾਨ ਤੇ ਵਾਤਾਵਰਨ ਪ੍ਰੇਮੀ ਰਜਿੰਦਰ ਸਿੰਘ ਭੰਗੂ, ਸਮਾਜ ਸੇਵਕ ਰਾਜੇਸ਼ ਕੁਮਾਰ ਟੋਨੀ ਸੱਚਰ ਕੇਬਲ ਨੈੱਟਵਰਕ ਵਾਲੇ, ਭਾਈ ਰਣਜੀਤ ਸਿੰਘ ਖਾਲਸਾ ਮੈਡੀਕਲ ਸਟੋਰ ਆਦਿ ਵਾਤਾਵਰਨ ਪ੍ਰੇਮੀਆਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਿਛਲੇ ਸਮੇਂ ਦੌਰਾਨ ਹਰਿਆਵਲ ਲਹਿਰ ਤਹਿਤ ਕਲਾਨੌਰ ਹਸਪਤਾਲ ਦੇ ਰਿਹਾਇਸ਼ੀ ਕਵਾਟਰਾਂ ਦੇ ਚੌਗਿਰਦੇ ਵਿਚ ਵਾਤਾਵਰਣ ਦੀ ਸ਼ੁੱਧਤਾ ਲਈ ਨਿੰਮ, ਅਮਲਤਾਸ, ਸਵੰਝਣਾਂ, ਅਮਰੂਦ, ਅੰਬ ਆਦਿ ਕਿਸਮਾਂ ਦੇ ਬੂਟੇ ਲਗਾਏ ਹੋਏ ਸਨ। ਉਨ੍ਹਾਂ ਦੱਸਿਆ ਕਿ ਇਹ ਬੂਟੇ ਹੁਣ ਆਕਸੀਜਨ ਤੇ ਸ਼ੁੱਧ ਵਾਤਾਵਰਣ ਮੁਹੱਈਆ ਕਰਵਾ ਰਹੇ ਸਨ ਕਿ ਇਨ੍ਹਾਂ ਦੀ ਕਟਾਈ ਕਰ ਦਿੱਤੀ ਗਈ ਹੈ। ਇਸ ਮੌਕੇ ਭਾਈ ਰਜਿੰਦਰ ਸਿੰਘ ਭੰਗੂ ਤੇ ਟੋਨੀ ਸੱਚਰ ਨੇ ਕਿਹਾ ਕਿ ਇਨ੍ਹਾਂ ਬੂਟਿਆਂ ਦੀ ਕਟਾਈ ਸੰਬੰਧਿਤ ਸਿਹਤ ਵਿਭਾਗ ਦੇ ਅਧਿਕਾਰੀ ਦੀ ਸ਼ਹਿ 'ਤੇ ਹੋਈ ਹੋਈ ਹੈ। ਉਨ੍ਹਾਂ ਨੇ ਡਿਪਟੀ ਕਮਿਸਨਰ ਗੁਰਦਾਸਪੁਰ ਤੇ ਜੰਗਲਾਤ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਦਰੱਖਤਾਂ ਦੀ ਕਟਾਈ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਦੇ ਐੱਸਐੱਮਓ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਗੱਲਬਾਤ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਜਾਵੇ ਕਿਉਂਕਿ ਇਮਾਰਤ ਉਨ੍ਹਾਂ ਨੂੰ ਹੈਂਡ ਓਵਰ ਨਹੀਂ ਕੀਤੀ ਗਈ। ਇਸ ਸਬੰਧੀ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਉਨ੍ਹਾਂ ਵੱਲੋਂ ਕਿਸੇ ਪ੍ਰਕਾਰ ਦੇ ਬੂਟਿਆਂ ਦੀ ਕਟਾਈ ਨਹੀਂ ਕੀਤੀ ਗਈ ਸਗੋਂ ਲੋਕ ਨਿਰਮਾਣ ਵਿਭਾਗ ਵੱਲੋਂ ਬੂਟੇ ਲਗਾਏ ਜਾਂਦੇ ਹਨ ਕਟਾਏ ਨਹੀਂ ਜਾਂਦੇ। ਇਸ ਸਬੰਧੀ ਜੰਗਲਾਤ ਵਿਭਾਗ ਦੇ ਡੀਐੱਫਓ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕੇ ਇਹ ਬੂਟੇ ਸਿਹਤ ਵਿਭਾਗ ਨਾਲ ਸਬੰਧਿਤ ਹਨ। ਉਨ੍ਹਾਂ ਕਿਹਾ ਕਿ ਜੇਕਰ ਜੰਗਲਾਤ ਵਿਭਾਗ ਵੱਲੋਂ ਲਗਾਏ ਬੂਟਿਆਂ ਜਿਨ੍ਹਾਂ 'ਤੇ ਨੰਬਰ ਲਗਾਏ ਹਨ, ਨੂੰ ਕੱਟਿਆ ਗਿਆ ਤਾਂ ਕੱਟਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਹੋਵੇਗੀ।

# ਆਮ ਆਦਮੀ ਪਾਰਟੀ ਨੂੰ ਹਲਕਾ ਕਾਦੀਆਂ 'ਚ ਮਿਲਿਆ ਵੱਡਾ ਹੁੰਗਾਰਾ

**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**-ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦਾ ਪਰਿਵਾਰ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ। ਚੇਅਰਮੈਨ ਸੇਖਵਾਂ ਦੀ ਅਗਵਾਈ ਆਮ ਆਦਮੀ ਪਾਰਟੀ ਨੂੰ ਵਿਧਾਨ ਸਭਾ ਹਲਕਾ ਕਾਦੀਆਂ ਵਿੱਚ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਪਿੰਡ ਢੀਂਡਸਾ ਅਤੇ ਮਾਲੀਆ ਦੇ ਕਈ ਅਕਾਲੀ ਪਰਿਵਾਰ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਪਿੰਡ ਢੀਂਡਸਾ ਅਤੇ ਮਾਲੀਆ ਦੇ ਪ੍ਰਮੁੱਖ ਆਗੂਆਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਦੇ ਹੋਏ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਇਨ੍ਹਾਂ ਸਾਰੇ ਆਗੂਆਂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦਾ ਖਿਆਲ ਰੱਖਣ ਵਾਲੀ ਪਾਰਟੀ ਹੈ, ਇਹੀ ਕਾਰਨ ਹੈ ਕਿ ਪਾਰਟੀ ਦਾ ਘੇਰਾ ਦਿਨੋਂ-ਦਿਨ ਵਿਸ਼ਾਲ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਾਥ ਸਦਕਾ ਪਾਰਟੀ ਅਗਾਮੀ ਲੋਕ ਸਭਾ ਚੋਣਾਂ ਵਿੱਚ ਹੂੰਝਾ ਫੇਰ ਜਿੱਤ ਹਾਸਲ ਕਰੇਗੀ। ਇਸ ਮੌਕੇ ਪਿੰਡ ਮਾਲੀਆ ਤੋਂ ਸਾਬਕਾ ਸਰਪੰਚ ਲਖਵਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਉਪਰੰਤ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਹਿੱਤ ਦੇ ਫੈਸਲਿਆਂ ਤੋਂ ਪੂਰਾ ਅਵਾਮ ਖੁਸ਼ ਹੈ। ਇਸ ਮੌਕੇ ਬਲਵਿੰਦਰ ਸਿੰਘ ਸੋਨਾ ਬਾਜਵਾ, ਡਾ ਜਸਪਾਲ ਸਿੰਘ ਪੰਧੇਰ, ਮੋਹਨ ਸਿੰਘ ਜਾਗੋਵਾਲ, ਦਿਲਬਾਗ ਸਿੰਘ, ਗਗਨਦੀਪ ਸਿੰਘ, ਹਰਮਨ ਸਿੰਘ ਬਾਜਵਾ, ਸੁਖਦੇਵ ਸਿੰਘ ਗੋਲਡੀ, ਗੁਰਮੇਜ ਸਿੰਘ, ਨਰਿੰਦਰ ਸਿੰਘ ਨਿਮਾਣਾ, ਸਤਿੰਦਰਪਾਲ ਸਿੰਘ, ਸਰਪੰਚ ਆਫਤਾਪ ਸਿੰਘ, ਸੁਰਜੀਤ ਸਿੰਘ, ਜੋਬਨ ਸਿੰਘ, ਗੁਰਦੀਪ ਸਿੰਘ, ਸਤਨਾਮ ਸਿੰਘ ਆਦਿ ਆਗੂ ਹਾਜ਼ਰ ਸਨ ।



# ਦਸਤੂਰ-ਏ-ਦਸਤਾਰ ਲਹਿਰ ਵੱਲੋਂ ਸਾਲਾਨਾ ਧਾਰਮਿਕ ਮੁਕਾਬਲੇ ਆਯੋਜਿਤ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ-ਏ-ਦਸਤਾਰ ਲਹਿਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਪਿੰਡ ਵਾਂ ਵਿਖੇ ਸਾਲਾਨਾ ਧਾਰਮਿਕ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਨ੍ਹਾਂ ਮੁਕਾਬਲਿਆਂ 'ਚ 13 ਸਕੂਲਾਂ ਦੇ ਕੁੱਲ 39 ਬੱਚਿਆਂ ਨੇ ਭਾਗ ਲਿਆ, ਜਿਨ੍ਹਾਂ 'ਚੋਂ ਗੁਰੂ ਨਾਨਕ ਡੀਏਵੀ ਸਕੂਲ ਭਿੱਖੀਵਿੰਡ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 3100 ਰੁਪਏ ਦੀ ਇਨਾਮੀ ਰਾਸ਼ੀ, ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ 2500 ਰੁਪਏ ਦੀ ਇਨਾਮੀ ਰਾਸ਼ੀ ਅਤੇ ਬਾਬਾ ਦੀਪ ਸਿੰਘ ਸਕੂਲ ਬੇਗੇਪੁਰ ਨੇ ਤੀਸਰਾ ਸਥਾਨ ਹਾਸਲ ਕਰਕੇ 2000 ਰੁਪਏ ਰਾਸ਼ੀ ਅਤੇ ਸ਼ੀਲਡਾਂ ਹਾਸਲ ਪ੍ਰਾਪਤ ਕੀਤੀਆਂ। ਦੱਸਣਯੋਗ ਹੈ ਕਿ ਸੁਸਾਇਟੀ ਵੱਲੋਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸੁਸਾਇਟੀ ਵੱਲੋਂ ਕੁਇਜ਼ ਮੁਕਾਬਲਿਆਂ ਤੋਂ ਇਲਾਵਾ ਦਸਤਾਰ ਅਤੇ ਦੁਮਾਲਾ ਮੁਕਾਬਲੇ ਵੀ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ 300 ਤੋਂ ਵੱਧ ਲੜਕੇ ਅਤੇ ਲੜਕੀਆਂ ਨੇ ਭਾਗ ਲਿਆ। ਦਸਤਾਰ ਅਤੇ ਦੁਮਾਲਾ ਮੁਕਾਬਲਿਆਂ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਕਬਜ਼ਾ ਕਰਨ ਵਾਲੇ ਵਿਦਿਆਰਥੀਆਂ ਨੂੰ ਦਸਤਾਰਾਂ ਅਤੇ ਸ਼ੀਲਡਾਂ ਦੇ ਕੇ ਕੌਮ ਦੀ ਚੜ੍ਹਦੀ ਕਲਾ ਲਈ ਕਾਰਜ ਕਰਨ ਲਈ ਪ੍ਰੇਰਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਭਾਈ ਹਰਜੀਤ ਸਿੰਘ ਆਸਟਰੀਆ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਗੁਰਸੇਵਕ ਸਿੰਘ ਬੋਪਾਰਾਏ, ਸਕੱਤਰ ਭਾਈ ਸੁਖਪਾਲ ਸਿੰਘ ਠੱਟਾ, ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ, ਖਜਾਨਚੀ ਮਨਦੀਪ ਸਿੰਘ ਘੋਲੀਆ ਕਲਾਂ, ਜੋਨਲ ਇੰਚਾਰਜ ਭਿੱਖੀਵਿੰਡ ਭਾਈ ਨਿਰਮਲ ਸਿੰਘ ਸੁਰਸਿੰਘ, ਭਾਈ ਹੀਰਾ ਸਿੰਘ ਸੋਹਲ ਅਤੇ ਭਾਈ ਗੁਰਜੰਟ ਸਿੰਘ ਭਿੱਖੀਵਿੰਡ ਨੇ ਦੱਸਿਆ ਕਿ ਪਿਛਲੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ ਪੁਰਬ ਨੂੰ ਸਮਰਪਿਤ ਪਹਿਲਾ ਸਮਾਗਮ ਪੱਟੀ ਵਿਖੇ ਕਰਵਾਇਆ ਗਿਆ ਸੀ।

ਉਪਰੋਕਤ ਆਗੂਆਂ ਨੇ ਦੱਸਿਆ ਕਿ ਮੁਕਾਬਲਿਆਂ 'ਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਸੁਖਵਿੰਦਰ ਸਿੰਘ ਦਦੇਹਰ, ਭਾਈ ਜਗਜੀਤ ਸਿੰਘ ਚੀਮਾਂ ਕਲਾਂ, ਭਾਈ ਮਨਜੀਤ ਸਿੰਘ, ਬਾਬਾ ਬਲਵਿੰਦਰ ਸਿੰਘ ਮਾੜੀਕੰਬੋਕੇ, ਕੰਵਰ ਚੜ੍ਹਤ ਸਿੰਘ, ਦਸਤਾਰ ਕੋਚ ਅਤੇ ਇਲਾਕੇ ਦੀਆਂ ਮਾਣਮੱਤੀਆਂ ਸਖਸ਼ੀਅਤਾਂ ਵੱਲੋਂ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਹਰਪ੍ਰੀਤ ਸਿੰਘ ਪੱਟੀ, ਸੰਦੀਪ ਸਿੰਘ ਧਾਰੀਵਾਲ, ਅਕਾਸ਼ਦੀਪ ਸਿੰਘ ਪੱਟੀ, ਵਾਰਿਸਦੀਪ ਸਿੰਘ ਪੱਟੀ, ਹਰਜੀਤ ਸਿੰਘ ਲਹਿਰੀ, ਰਾਜਨਦੀਪ ਸਿੰਘ ਕੈਰੋਂ, ਗੁਰਪ੍ਰੀਤ ਸਿੰਘ ਕੈਰੋਂ, ਹਰਚਰਨ ਸਿੰਘ ਉਬੋਕੇ, ਭਾਈ ਗੁਰਮੀਤ ਸਿੰਘ ਮਾਲੂਵਾਲ, ਭਾਈ ਦਿਲਬਾਗ ਸਿੰਘ ਡੱਲ, ਮੈਨੇਜਰ ਕੁਲਦੀਪ ਸਿੰਘ ਬਾਠ, ਭਾਈ ਸੁਖਵਿੰਦਰ ਸਿੰਘ ਖਾਲੜਾ, ਭਾਈ ਨਿਸ਼ਾਨ ਸਿੰਘ ਮਰਗਿੰਦਪੁਰਾ, ਭਾਈ ਪ੍ਰਭਦੀਪ ਸਿੰਘ ਮਾਣੋਚਾਹਲ, ਭਾਈ ਰਾਮ ਸਿੰਘ, ਗ੍ਰੰਥੀ ਭਾਈ ਹਰਜਿੰਦਰ ਸਿੰਘ, ਚੇਅਰਮੈਨ ਆਈ. ਟੀ. ਕਾਲਜ ਇੰਦਰਜੀਤ ਸਿੰਘ, ਕੈਨਬਰਾ ਇੰਸਟੀਚਿਊਟ ਅਮਰਕੋਟ ਦੇ ਐਮਡੀ ਬਾਬਾ ਸੁਖਵਿੰਦਰ ਸਿੰਘ, ਭਾਈ ਰਾਮ ਸਿੰਘ, ਕਾਰਜ ਸਿੰਘ, ਜਰਨੈਲ ਸਿੰਘ, ਸਾਬਕਾ ਸਰਪੰਚ ਸੁਰਜੀਤ ਸਿੰਘ, ਪਰਵਿੰਦਰ ਸਿੰਘ, ਸਰਪੰਚ ਕਸ਼ਮੀਰ ਸਿੰਘ, ਸਾਬਕਾ ਸਰਪੰਚ ਦੇਸਾ ਸਿੰਘ, ਸਾਬਕਾ ਸਰਪੰਚ ਮੁਖਤਾਰ ਸਿੰਘ, ਰਾਜ ਸਿੰਘ, ਭਾਈ ਜੁਗਰਾਜ ਸਿੰਘ ਆਦਿ ਹਾਜ਼ਰ ਸਨ।

# ਪੇਬੈਂਡ ਦੀ ਅਦਾਇਗੀ ਲਈ ਵਿਧਵਾ ਖਾ ਰਹੀ ਹੈ ਥਾਂ-ਥਾਂ ਧੱਕੇ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੇਬੈਂਡ ਦੀ ਅਦਾਇਗੀ ਪ੍ਰਾਪਤ ਕਰਨ ਲਈ ਵਿਧਵਾ ਸਰਬਜੀਤ ਕੌਰ ਤਹਿਸੀਲ ਪੱਟੀ 'ਚ ਖਾ ਰਹੀ ਹੈ ਧੱਕੇ। ਕੋਈ ਨਹੀਂ ਸੁਣਦਾ ਵਿਧਵਾ ਦੀ ਪੁਕਾਰ। ਵਿਧਵਾ ਸਰਬਜੀਤ ਕੌਰ ਪਤਨੀ ਸਵ:ਰਾਮ ਸਿੰਘ ਨੇ ਤਹਿਸੀਲ ਕੰਪਲੈਕਸ ਪੱਟੀ ਵਿਖੇ ਭਰੇ ਮਨ ਨਾਲ ਆਪਣੀ ਦੁੱਖ ਭਰੀ ਦਾਸਤਾਨ ਪੱਤਰਕਾਰਾਂ ਨੂੰ ਸੁਣਾਉਂਦਿਆਂ ਦੱਸਿਆ ਕਿ ਮੇਰਾ ਪਤੀ ਸਵ. ਰਾਮ ਸਿੰਘ ਰੈਵੀਨਿਊ ਵਿਭਾਗ ਤਹਿਸੀਲ ਪੱਟੀ ਅਧੀਨ ਪੈਂਦੇ ਪਿੰਡ ਅਲਗੋਂ ਕੋਠੀ ਵਿਖੇ ਬਤੌਰ ਪਟਵਾਰੀ ਦੀ ਅਸਾਮੀ ਉਪਰ ਸੇਵਾਵਾਂ ਨਿਭਾਉਂਦੇ ਸਨ ਜੋ 30 ਸਤੰਬਰ 2008 ਨੂੰ ਵਿਭਾਗ ਵਿੱਚੋਂ ਸੇਵਾ ਮੁਕਤ ਹੋ ਗਏ। ਸਰਬਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਭਾਗ ਵੱਲੋਂ ਜਾਰੀ ਕੀਤੇ ਗਏ ਪੀਪੀਏ ਨੰਬਰ 221631 ਅਨੁਸਾਰ ਪੈਨਸ਼ਨ ਲੈ ਰਹੇ ਸਨ ਅਤੇ 15 ਨਵੰਬਰ 2021 ਨੂੰ ਉਨ੍ਹਾਂ ਦੀ ਮੌਤ ਹੋ ਗਈ। ਹੁਣ ਮੈਂ ਪੈਨਸ਼ਨ ਲੈ ਰਹੀ ਹਾਂ। ਉਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਪਹਿਲੀ ਜਨਵਰੀ 2006 ਤੋਂ 30 ਨਵੰਬਰ 2011 ਤੱਕ ਪੈਨਸਨਰਾਂ ਨੂੰ ਪੇਬੈਂਡ ਮਿਲਣ ਯੋਗ ਹੈ ਜਿਸ ਨੂੰ ਲੈ ਕੇ ਮੈਂ ਕਈ ਚੱਕਰ ਤਹਿਸੀਲ ਦਫਤਰ ਪੱਟੀ ਵਿਖੇ ਮਾਰ ਕੇ ਅੱਕ ਗਈ ਹਾਂ ਅਤੇ ਤਹਿਸੀਲ ਦਫਤਰ ਪੱਟੀ ਵਿਖੇ ਲਿਖਤੀ ਬੇਨਤੀ ਕੀਤੀ ਕਿ ਮੈਂ ਵਿਧਵਾ ਔਰਤ ਹਾਂ, ਮੇਰੇ ਕੋਲੋਂ ਹਰ ਰੋਜ਼ ਦਫਤਰ ਚੱਕਰ ਨਹੀਂ ਮਾਰੇ ਜਾਂਦੇ ਪਰ ਇਸਦੇ ਬਾਵਜੂਦ ਕਿਸੇ ਅਧਿਕਾਰੀ ਨੇ ਉਸਦੀ ਇੱਕ ਨਹੀਂ ਸੁਣੀ। ਜ਼ਿਕਰਯੋਗ ਹੈ ਕਿ ਰੈਵੀਨਿਊ ਪਟਵਾਰੀ ਦੀ ਵਿਧਵਾ ਵੱਲੋਂ ਆਪਣੇ ਹੀ ਮਹਿਕਮੇ 'ਚ ਹੱਕ ਲੈਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ। ਇਸ ਤੋਂ ਪਹਿਲਾਂ ਵੀ ਇੱਕ ਔਰਤ ਤਹਿਸੀਲ ਪੱਟੀ ਅਧੀਨ ਪੈਂਦੇ ਪਿੰਡ 'ਚੋਂ ਪਟਵਾਰੀ ਦੀ ਵਿਧਵਾ ਵੱਲੋਂ ਆਪਣੇ ਪਤੀ ਦੀ ਵਿਰਾਸਤ ਦਾ ਇੰਤਕਾਲ ਆਪਣੇ ਪਰਿਵਾਰ ਦੇ ਨਾਮ ਕਰਵਾਉਣ ਲਈ ਦਰ-ਦਰ ਦੀਆਂ ਠੋਕਰਾਂ ਖਾਣ ਤੋਂ ਬਾਅਦ ਥੱਕ ਹਾਰ ਕੇ ਵਾਪਸ ਕੈਨੇਡਾ ਪਰਤ ਗਈ। ਪਟਵਾਰੀ/ਤਹਿਸੀਲਦਾਰ ਵੱਲੋਂ ਉਸਨੂੰ ਕੋਈ ਨਿਆਂ ਨਹੀਂ ਮਿਲਿਆ। ਵਿਧਵਾ ਨੇ ਡਿਪਟੀ ਕਮਿਸ਼ਨਰ ਤਰਨ ਤਾਰਨ ਅਤੇ ਰੈਵੀਨਿਊ ਵਿਭਾਗ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਪਹਿਲੀ ਜਨਵਰੀ 2006 ਤੋਂ 30 ਨਵੰਬਰ 2011 ਤੱਕ ਪੇਬੈਂਡ ਦਾ ਬਣਦਾ ਬਕਾਇਆ ਦਿੱਤਾ ਜਾਵੇ।

# ਬੱਚਿਆਂ ਤੇ ਨੌਜਵਾਨਾਂ 'ਚ ਨਵਾਂ ਉਤਸ਼ਾਹ ਭਰਨਗੇ ਖੇਡ ਮੁਕਾਬਲੇ : ਧਾਲੀਵਾਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-2 ਦੇ ਤਹਿਤ ਅਜਨਾਲਾ ਵਿਖੇ ਬਲਾਕ ਪੱਧਰੀ ਖੇਡ ਮੁਕਾਬਲੇ ਕਰਵਾਏ ਗਏ। ਉਦਘਾਟਨੀ ਸਮਾਗਮ ਵਿੱਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਨੂੰ ਸੰਬੋਧਨ ਕਰਦੇ ਹੋਏ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਜ਼ਿਲ੍ਹਿਆਂ ਵਿੱਚ ਕਰਵਾਏ ਜਾਣ ਵਾਲੇ ਖੇਡ ਮੁਕਾਬਲੇ ਨੌਜਵਾਨਾਂ 'ਚ ਨਵਾਂ ਉਤਸ਼ਾਹ ਭਰਨਗੇ। ਉਨ੍ਹਾਂ ਨੇ ਸਕੂਲਾਂ ਦੇ ਬੱਚਿਆਂ ਨੂੰ ਇਸ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਵੀ ਕੀਤਾ। ਧਾਲੀਵਾਲ ਨੇ ਸ਼ੁਰੂ ਹੋਣ ਜਾ ਰਹੀਆਂ ਬਲਾਕ ਪੱਧਰੀ ਖੇਡਾਂ ਵਿੱਚ ਹਿੱਸਾ ਲੈਣ ਲਈ ਸਮੂਹ ਸਕੂਲ ਮੁਖੀਆਂ ਨੂੰ ਮੁਬਾਰਕਾਂ ਦਿੰਦੇ ਹੋਏ ਵੱਧ ਤੋਂ ਵੱਧ ਬੱਚਿਆਂ ਨੂੰ ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਲਈ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਚੁਸਤ ਦਰੁਸਤ ਬਣਾਉਣ ਲਈ ਖੇਡਾਂ ਦਾ ਵੱਡਾ ਯੋਗਦਾਨ ਹੈ ਅਤੇ ਸਾਡੇ ਖੇਡ ਮੰਤਰੀ ਮੀਤ ਹੇਅਰ ਦੀ ਮਿਹਨਤ ਨਾਲ ਖੇਡਾਂ ਦਾ ਇਹ ਮਹਾਂ ਕੁੰਭ ਸ਼ੁਰੂ ਕੀਤਾ ਗਿਆ ਹੈ, ਜਿਸ ਦੇ ਜੇਤੂਆਂ ਨੂੰ ਸੱਤ ਕਰੋੜ ਰੁਪਏ ਦੇ ਇਨਾਮ ਦਿੱਤੇ ਜਾਣਗੇ। ਉਨ੍ਹਾਂ ਸਮੂਹ ਪੰਜਾਬ ਵਾਸੀਆਂ ਨੂੰ ਇਨ੍ਹਾਂ ਖੇਡਾਂ ਵਿੱਚ ਬਤੌਰ ਖਿਡਾਰੀ ਜਾਂ ਦਰਸ਼ਕ ਪਹੁੰਚ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਦੀ ਅਪੀਲ ਕੀਤੀ। ਇਸ ਮੌਕੇ ਜਸਪਾਲ ਸਿੰਘ ਭੱਟੀ, ਦੀਪਕ ਚੈਨਪੁਰੀਆ, ਦਵਿੰਦਰ ਸਿੰਘ ਸੋਨੂੰ, ਅਜੇ ਕੁਮਾਰ, ਪਵਿੱਤਰ ਸਿੰਘ, ਰਾਸਪਾਲ ਸਿੰਘ ਕੋਟਲਾ, ਅਮਿਤ ਪੁਰੀ ਅਤੇ ਸ਼ਮਸ਼ੇਰ ਸਿੰਘ ਹਾਜ਼ਰ ਸਨ।

# ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

## ਹੜ੍ਹਾਂ ਕਾਰਨ ਢਹਿ-ਢੇਰੀ ਹੋਏ ਘਰਾਂ ਦਾ ਕੰਮ ਛੇਤੀ ਸ਼ੁਰੂ ਕਰਵਾਉਣ ਦਾ ਦਿਵਾਇਆ ਭਰੋਸਾ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾਕਟਰ ਐੱਸ. ਪੀ. ਸਿੰਘ ਓਬਰਾਏ ਵੱਲੋਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਫਿਰੋਜ਼ਪੁਰ ਤੋਂ ਵਿਧਾਇਕ ਨਰੇਸ਼ ਕਟਾਰੀਆ ਦੀ ਮੌਜੂਦਗੀ ਵਿੱਚ ਹਰੀਕੇ ਪੱਤਣ ਦਰਿਆ ਦੇ ਨੇੜਲੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਡਾ. ਓਬਰਾਏ ਦਾ ਸ਼ਾਨਦਾਰ ਸਵਾਗਤ ਕਰਨ ਉਪਰੰਤ ਕਿਹਾ ਕਿ ਸਮਾਜ ਸੇਵਾ ਦੇ ਖੇਤਰ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਨਾਂ ਹੈ।

ਉਨ੍ਹਾਂ ਵੱਲੋਂ ਸੇਵਾ ਦੇ ਖੇਤਰ ਵਿੱਚ ਕੀਤੇ ਜਾਂਦੇ ਵਿਲੱਖਣ ਤੇ ਮਿਸਾਲੀ ਸੇਵਾ ਕਾਰਜਾਂ ਦੀ ਪੂਰੀ ਦੁਨੀਆਂ ਅੰਦਰ ਕਿਤੇ ਮਿਸਾਲ ਨਹੀਂ ਮਿਲਦੀ। ਉਨ੍ਹਾਂ ਦੱਸਿਆ ਕਿ ਹਰੀਕੇ ਨਜ਼ਦੀਕ ਧੁੱਸੀ ਬੰਨ੍ਹ ਅੰਦਰ ਪਾਣੀ ਆਉਣ ਦੇ ਪਹਿਲੇ ਦਿਨ ਤੋਂ ਘੜੁੰਮ ਬੰਨ੍ਹ ਟੁੱਟਣ ਤੋਂ ਲੈ ਕੇ ਅੱਜ ਤੱਕ ਡਾ. ਓਬਰਾਏ ਦੀ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਟਰੱਸਟ ਵੱਲੋਂ ਵੱਡੇ ਪੱਧਰ 'ਤੇ ਸੇਵਾ ਕਾਰਜ ਨਿਰੰਤਰ ਨਿਭਾਏ ਜਾ ਰਹੇ ਹਨ। ਇਸੇ ਦੌਰਾਨ ਗੱਲਬਾਤ ਕਰਦਿਆਂ ਡਾ. ਓਬਰਾਏ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੰਜਾਬ ਭਰ ਵਿੱਚ ਆਏ ਹੜ੍ਹਾਂ ਉਪਰੰਤ ਪਹਿਲੇ ਦਿਨ ਤੋਂ ਹੀ ਰਾਹਤ ਕਾਰਜ ਨਿਭਾਏ ਜਾ ਰਹੇ ਹਨ ਜਿਸ ਤਹਿਤ ਤਰਨਤਾਰਨ ਜ਼ਿਲ੍ਹੇ ਵਿੱਚ ਪ੍ਰਭਾਵਿਤ ਲੋਕਾਂ ਨੂੰ ਟਰੱਸਟ ਦੀ ਤਰਨਤਾਰਨ ਇਕਾਈ ਦੇ ਸਰਵੇ ਮੁਤਾਬਿਕ ਪਹਿਲੇ ਦਿਨ ਤੋਂ ਹੀ ਲੋੜੀਂਦਾ ਪਸ਼ੂਆਂ ਦਾ ਚਾਰਾ, ਪਸ਼ੂਆਂ ਦੀਆਂ ਦਵਾਈਆਂ, ਸੁੱਕੇ ਰਾਸ਼ਨ ਦੀਆਂ ਕਿੱਟਾਂ, ਮੱਛਰਦਾਨੀਆਂ ਅਤੇ ਹੋਰ ਰਾਹਤ ਦਾ ਸਾਮਾਨ ਨਿਰੰਤਰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੱਜ ਵੀ 350 ਕੁਇੰਟਲ ਮੱਕੀ ਦਾ ਆਚਾਰ ਇੱਥੇ ਆਇਆ ਹੈ, ਜੋ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਵਿਧਾਇਕ ਨਰੇਸ ਕਟਾਰੀਆ ਦੀ ਮੌਜੂਦਗੀ ਵਿੱਚ ਲੋੜਵੰਦਾਂ ਨੂੰ ਤਕਸੀਮ ਕਰ ਗਿਆ ਹੈ। ਡਾ. ਓਬਰਾਏ ਨੇ ਇਹ ਵੀ ਦੱਸਿਆ ਕਿ ਹੜ੍ਹ ਕਾਰਨ ਨੁਕਸਾਨੇ ਗਏ ਘਰਾਂ ਨੂੰ ਬਣਾਉਣ ਦਾ ਜੋ ਐਲਾਨ ਸਾਡੇ ਵੱਲੋਂ ਕੀਤਾ ਗਿਆ ਹੈ, ਉਨ੍ਹਾਂ ਘਰਾਂ ਦੀਆਂ ਲਿਸਟਾਂ ਤਿਆਰ ਹੋ ਰਹੀਆਂ ਹਨ ਅਤੇ ਜਲਦੀ ਹੀ ਉਹ ਘਰ ਤਿਆਰ ਕਰਵਾ ਕੇ ਦਿੱਤੇ ਜਾਣਗੇ। ਇਸ ਦੌਰਨ ਡਾਕਟਰ ਓਬਰਾਏ ਨੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਵੀ ਹੌਸਲਾ ਦਿੰਦਿਆਂ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਸ ਮੁਸ਼ਕਿਲ ਸਮੇਂ ਵਿੱਚ ਹਰ ਤਰ੍ਹਾਂ ਨਾਲ ਉਨ੍ਹਾਂ ਦੇ ਨਾਲ ਖੜ੍ਹਾ ਹੈ। ਇਸ ਮੌਕੇ ਟਰੱਸਟ ਦੀ ਫਿਰੋਜ਼ਪੁਰ ਇਕਾਈ ਦੇ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਮਹਿਲਾ ਵਿੰਗ ਦੇ ਪ੍ਰਧਾਨ ਅਮਰਜੀਤ ਕੌਰ ਛਾਬੜਾ, ਦਵਿੰਦਰ ਸਿੰਘ ਛਾਬੜਾ, ਤਰਨਤਾਰਨ ਇਕਾਈ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ, ਵਾਈਸ ਪ੍ਰਧਾਨ ਵਿਸ਼ਾਲ ਸੂਦ, ਖਜ਼ਾਨਚੀ ਡਾ. ਇੰਦਰਪ੍ਰੀਤ ਸਿੰਘ ਧਾਮੀ, ਸਤਨਾਮ ਸਿੰਘ, ਡਾ. ਸਰਬਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਜੋਤੀਸ਼ਾਹ, ਚੇਅਰਮੈਨ ਦਿਲਬਾਗ ਸਿੰਘ, ਗੁਲਸ਼ਨ ਮਲਹੋਤਰਾ, ਦਇਆ ਸਿੰਘ ਅਲੀਪੁਰ, ਪ੍ਰਗਟ ਸਿੰਘ ਹਰੀਕੇ ਆਦਿ ਹਾਜ਼ਰ ਸਨ।



## ਰੇਲਗੱਡੀਆਂ ਦਾ ਅਸਥਾਈ ਰੱਦਕਰਨਾ/ਟਰਮੀਨਲ ਤਬਦੀਲੀ/ ਪੁਨਰਨਿਰਧਾਰਣ/ਮਾਰਗ ਤਬਦੀਲੀ ਅਤੇ ਅਤਿਰਿਕਤ ਠਹਿਰਾਵ

ਦਿੱਲੀ ਖੇਤਰ ਵਿਚ ਆਯੋਜਿਤ ਹੋਣ ਵਾਲੇ ਪ੍ਰਤੀਸ਼ਿਠਤ G20 Summit 2023 ਪ੍ਰੋਗਰਾਮ ਦੀ ਤਿਆਰੀਆਂ ਅਤੇ ਸੁਰੱਖਿਆ ਦੇ ਮੱਦੇਨਜ਼ਰ ਰੇਲਵੇ ਦੁਵਾਰਾ ਹੇਠਾ ਅਨੁਸਾਰ ਰੇਲਗੱਡੀਆ ਨੂੰ ਅਸਥਾਈ ਰੂਪ ਤੋਂ ਰੱਦ/ਟਰਮੀਨਲ ਤਬਦੀਲੀ/ਪੁਨਰਨਿਰਧਾਰਦ/ਮਾਰਗ ਤਬਦੀਲੀ ਅਤੇ ਅਤਿਰਿਕਤ ਠਹਿਰਾਵ ਆਦਿ ਪ੍ਰਦਾਨ ਕਰਨ ਦਾ ਫੈਸਲਾ ਲਿਤਾ ਗਿਆ ਹੈ:-

### ਮੇਲ/ਐਕਸਪ੍ਰੈਸ ਰੇਲਗੱਡੀਆਂ ਦਾ ਰੱਦਕਰਨਾ

| ਰੇਲਗੱਡੀ ਨੰ: | ਰੇਲਗੱਡੀ ਦਾ ਨਾਮ | ਰੱਦ ਕਰਨ ਦੀ ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|
| 12280 | ਨਵੀਂ ਦਿੱਲੀ - ਵੀਰਾਂਗਨਾ ਲਖਸ਼ਮੀਬਾਈ ਝਾਂਸੀ ਤਾਜ ਐਕਸਪ੍ਰੈਸ | 09.09.2023, 10.09.2023 |
| 22479 | ਨਵੀਂ ਦਿੱਲੀ - ਲੋਹਿਯਾਂ ਖਾਸ ਜੰ: ਸਰਬਤ ਦਾ ਭਲਾ ਐਕਸਪ੍ਰੈਸ | 09.09.2023, 10.09.2023 |
| 14737 | ਭਿਵਾਨੀ ਜੰ: - ਤਿਲਕ ਬ੍ਰਿਜ ਐਕਸਪ੍ਰੈਸ | 09.09.2023, 10.09.2023 |
| 14727 | ਸ੍ਰੀ ਗੰਗਾ ਨਗਰ ਜੰ: - ਤਿਲਕ ਬ੍ਰਿਜ ਐਕਸਪ੍ਰੈਸ | 08.09.2023, 09.09.2023 |
| 14030 | ਮੇਰਠ ਕੈਂਟ - ਸ੍ਰੀ ਗੰਗਾਨਗਰ ਜੰ: ਸਪੈਸ਼ਲ | 09.09.2023, 10.09.2023 |
| 14086 | ਸਿਰਸਾ - ਤਿਲਕ ਬ੍ਰਿਜ ਐਕਸਪ੍ਰੈਸ | 09.09.2023, 10.09.2023, 11.09.2023 |
| 14315 | ਬਰੇਲੀ ਜੰ: - ਨਵੀਂ ਦਿੱਲੀ ਇੰਟਰਸਿਟੀ ਐਕਸਪ੍ਰੈਸ | 08.09.2023, 09.09.2023, 10.09.2023 |
| 14323 | ਨਵੀਂ ਦਿੱਲੀ - ਰੋਹਤਕ ਜੰ: ਇੰਟਰਸਿਟੀ ਐਕਸਪ੍ਰੈਸ | 08.09.2023, 09.09.2023, 10.09.2023 |
| 14682 | ਜਲੰਧਰ ਸਿਟੀ ਜੰ: - ਨਵੀਂ ਦਿੱਲੀ ਐਕਸਪ੍ਰੈਸ | 09.09.2023, 10.09.2023 |
| 12459 | ਨਵੀਂ ਦਿੱਲੀ - ਅੰਮ੍ਰਿਤਸਰ ਐਕਸਪ੍ਰੈਸ | 09.09.2023, 10.09.2023 |
| 12460 | ਅੰਮ੍ਰਿਤਸਰ - ਨਵੀਂ ਦਿੱਲੀ ਐਕਸਪ੍ਰੈਸ | 09.09.2023, 10.09.2023 |
| 14681 | ਨਵੀਂ ਦਿੱਲੀ - ਜਲੰਧਰ ਸਿਟੀ ਜੰ: ਐਕਸਪ੍ਰੈਸ | 09.09.2023, 10.09.2023 |
| 14324 | ਰੋਹਤਕ ਜੰ: - ਨਵੀਂ ਦਿੱਲੀ ਇੰਟਰਸਿਟੀ ਐਕਸਪ੍ਰੈਸ | 08.09.2023, 09.09.2023, 10.09.2023 |
| 14316 | ਨਵੀਂ ਦਿੱਲੀ - ਬਰੇਲੀ ਜੰ: ਇੰਟਰਸਿਟੀ ਐਕਸਪ੍ਰੈਸ | 09.09.2023, 10.09.2023, 11.09.2023 |
| 14085 | ਤਿਲਕ ਬ੍ਰਿਜ - ਸਿਰਸਾ ਐਕਸਪ੍ਰੈਸ | 08.09.2023, 09.09.2023, 10.09.2023 |
| 14728 | ਤਿਲਕ ਬ੍ਰਿਜ - ਸ੍ਰੀ ਗੰਗਾਨਗਰ ਐਕਸਪ੍ਰੈਸ | 09.09.2023, 10.09.2023 |
| 14738 | ਤਿਲਕ ਬ੍ਰਿਜ - ਭਿਵਾਨੀ ਜੰ: ਐਕਸਪ੍ਰੈਸ | 09.09.2023, 10.09.2023 |
| 12279 | ਵੀਰਾਂਗਨਾ ਲਖਸ਼ਮੀਬਾਈ ਝਾਂਸੀ - ਨਵੀਂ ਦਿੱਲੀ ਤਾਜ ਐਕਸਪ੍ਰੈਸ | 09.09.2023, 10.09.2023 |
| 22480 | ਲੋਹਿਯਾਂ ਖਾਸ ਜੰ: - ਨਵੀਂ ਦਿੱਲੀ ਸਰਬਤ ਦਾ ਭਲਾ ਐਕਸਪ੍ਰੈਸ | 09.09.2023, 10.09.2023 |
| 22429 | ਦਿੱਲੀ ਜੰ: - ਪਠਾਨਕੋਟ ਜੰ: ਐਕਸਪ੍ਰੈਸ | 10.09.2023 |
| 20411 | ਦਿੱਲੀ ਜੰ: - ਸਹਾਰਨਪੁਰ ਜੰ: ਸੁਪਰਫਾਸਟ ਐਕਸਪ੍ਰੈਸ | 09.09.2023, 10.09.2023 |
| 14305 | ਦਿੱਲੀ ਜੰ: - ਹਰਿਦੁਵਾਰ ਜੰ: ਐਕਸਪ੍ਰੈਸ ਸਪੈਸ਼ਲ | 09.09.2023, 10.09.2023 |
| 14522 | ਅੰਬਾਲਾ ਕੈਂਟ ਜੰ: - ਦਿੱਲੀ ਜੰ: ਐਕਸਪ੍ਰੈਸ ਸਪੈਸ਼ਲ | 09.09.2023, 10.09.2023 |
| 14732 | ਬਠਿੰਡਾ ਜੰ: - ਦਿੱਲੀ ਜੰ: ਕਿਸਾਨ ਐਕਸਪ੍ਰੈਸ | 09.09.2023, 10.09.2023 |
| 14508 | ਫਾਜਿਲਕਾ ਜੰ: - ਦਿੱਲੀ ਜੰ: ਐਕਸਪ੍ਰੈਸ | 09.09.2023, 10.09.2023 |
| 14507 | ਦਿੱਲੀ ਜੰ: - ਫਾਜਿਲਕਾ ਜੰ: ਐਕਸਪ੍ਰੈਸ | 09.09.2023, 10.09.2023 |
| 14521 | ਦਿੱਲੀ ਜੰ: -ਅੰਬਾਲਾ ਕੈਂਟ ਜੰ: ਐਕਸਪ੍ਰੈਸ ਸਪੈਸ਼ਲ | 09.09.2023, 10.09.2023 |
| 12481 | ਦਿੱਲੀ ਜੰ: - ਸ੍ਰੀ ਗੰਗਾਨਗਰ ਇੰਟਰਸਿਟੀ ਐਕਸਪ੍ਰੈਸ | 09.09.2023, 10.09.2023 |
| 12482 | ਸ੍ਰੀ ਗੰਗਾਨਗਰ - ਦਿੱਲੀ ਜੰ: ਇੰਟਰਸਿਟੀ ਐਕਸਪ੍ਰੈਸ | 09.09.2023, 10.09.2023 |
| 14731 | ਦਿੱਲੀ ਜੰ: - ਬਠਿੰਡਾ ਜੰ: ਕਿਸਾਨ ਐਕਸਪ੍ਰੈਸ | 09.09.2023, 10.09 2023 |
| 14304 | ਹਰਿਦੁਵਾਰ ਜੰ: - ਦਿੱਲੀ ਜੰ: ਐਕਸਪ੍ਰੈਸ ਸਪੈਸ਼ਲ | 09.09.2023, 10.09.2023 |
| 14332 | ਕਾਲਕਾ - ਦਿੱਲੀ ਜੰ: ਐਕਸਪ੍ਰੈਸ ਸਪੈਸ਼ਲ | 09.09.2023, 10.09.2023 |
| 14029 | ਸ੍ਰੀ ਗੰਗਾਨਗਰ - ਦਿੱਲੀ ਜੰ: ਐਕਸਪ੍ਰੈਸ ਸਪੈਸ਼ਲ | 09.09.2023, 10.09.2023 |
| 14331 | ਦਿੱਲੀ ਜੰ: - ਕਾਲਕਾ ਐਕਸਪ੍ਰੈਸ ਸਪੈਸ਼ਲ | 09.09.2023, 10.09.2023 |
| 22430 | ਪਠਾਨਕੋਟ ਜੰ: - ਦਿੱਲੀ ਜੰ: ਸੁਪਰਫਾਸਟ ਐਕਸਪ੍ਰੈਸ | 10.09.2023 |
| 14023 | ਦਿੱਲੀ ਜੰ: - ਕੁਰਖਸ਼ੇਤਰ ਜੰ: ਐਕਸਪ੍ਰੈਸ | 09.09.2023 |
| 20412 | ਸਹਾਰਨਪੁਰ ਜੰ: - ਦਿੱਲੀ ਜੰ: ਸੁਪਰਫਾਸਟ ਐਕਸਪ੍ਰੈਸ | 09.09.2023, 10.09.2023 |
| 14151 | ਕਾਨਪੁਰ ਸੈਂਟਰਲ ਜੰ: - ਆਨੰਦ ਵਿਹਾਰ ਟਰਮੀਨਲ ਐਕਸਪ੍ਰੈਸ | 10.09.2023 |
| 14152 | ਆਨੰਦ ਵਿਹਾਰ ਟਰਮੀਨਲ - ਕਾਨਪੁਰ ਸੈਂਟਰਲ ਜੰ: ਐਕਸਪ੍ਰੈਸ | 10.09.2023 |
| 14024 | ਕੁਰਖਸ਼ੇਤਰ ਜੰ: - ਦਿੱਲੀ ਜੰ: ਐਕਸਪ੍ਰੈਸ | 10.09.2023 |

### ਮੇਲ/ਐਕਸਪ੍ਰੈਸ ਰੇਲਗੱਡੀਆਂ ਦਾ ਟਰਮੀਨਲ ਤਬਦੀਲੀ

| ਰੇਲਗੱਡੀ ਨੰ: | ਰੇਲਗੱਡੀ ਦਾ ਨਾਮ | ਨਵਾਂ ਟਰਮੀਨਲ | ਵਰਤਮਾਨ ਟਰਮੀਨਲ | ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|---|---|
| 12393 | ਰਾਜੇਂਦਰ ਨਗਰ ਟ. - ਨਵੀਂ ਦਿੱਲੀ ਸੰਪੂਰਣ ਕ੍ਰਾਂਤੀ ਐਕਸਪ੍ਰੈਸ | ਆਨੰਦ ਵਿਹਾਰ ਟਰਮੀਨਲ | ਨਵੀਂ ਦਿੱਲੀ | 08.09.2023, 09.09.2023 |
| 12394 | ਨਵੀਂ ਦਿੱਲੀ - ਰਾਜੇਂਦਰ ਨਗਰ ਟ. ਸੰਪੂਰਣ ਕ੍ਰਾਂਤੀ ਐਕਸਪ੍ਰੈਸ | ਆਨੰਦ ਵਿਹਾਰ ਟਰਮੀਨਲ | ਨਵੀਂ ਦਿੱਲੀ | 09.09.2023, 10.09.2023 |
| 14003 | ਮਾਲਦਾ ਟਾਊਨ - ਨਵੀਂ ਦਿੱਲੀ ਐਕਸਪ੍ਰੈਸ | ਦਿੱਲੀ ਜੰ: | ਨਵੀਂ ਦਿੱਲੀ | 09.09.2023 |
| 14004 | ਨਵੀਂ ਦਿੱਲੀ - ਮਾਲਦਾ ਟਾਊਨ ਐਕਸਪ੍ਰੈਸ | ਦਿੱਲੀ ਜੰ: | ਨਵੀਂ ਦਿੱਲੀ | 10.09.2023 |
| 12561 | ਜੈਨਗਰ - ਨਵੀਂ ਦਿੱਲੀ ਸਵਤੰਤਰਤਾ ਸੇਨਾਨੀ ਐਕਸਪ੍ਰੈਸ | ਦਿੱਲੀ ਜੰ: | ਨਵੀਂ ਦਿੱਲੀ | 08.09.2023, 09.09.2023 |
| 12562 | ਨਵੀਂ ਦਿੱਲੀ - ਜੈਨਗਰ ਸਵਤੰਤਰਤਾ ਸੇਨਾਨੀ ਐਕਸਪ੍ਰੈਸ | ਦਿੱਲੀ ਜੰ: | ਨਵੀਂ ਦਿੱਲੀ | 09.09.2023, 10.09.2023 |
| 12565 | ਦਰਭੰਗਾ ਜੰ: - ਨਵੀਂ ਦਿੱਲੀ ਬਿਹਾਰ ਸੰਪਰਕ ਕ੍ਰਾਂਤੀ ਐਕਸਪ੍ਰੈਸ | ਆਨੰਦ ਵਿਹਾਰ ਟਰਮੀਨਲ | ਨਵੀਂ ਦਿੱਲੀ | 08.09.2023, 09.09.2023 |
| 12566 | ਨਵੀਂ ਦਿੱਲੀ - ਦਰਭੰਗਾ ਜੰ: ਬਹਾਰ ਸੰਪਰਕ ਕ੍ਰਾਂਤੀ ਐਕਸਪ੍ਰੈਸ | ਆਨੰਦ ਵਿਹਾਰ ਟਰਮੀਨਲ | ਨਵੀਂ ਦਿੱਲੀ | 09.09.2023, 10.09.2023 |
| 14211 | ਆਗਰਾ ਕੈਂਟ - ਨਵੀਂ ਦਿੱਲੀ ਇੰਟਰਸਿਟੀ ਐਕਸਪ੍ਰੈਸ | ਹਜ਼ਰਤ ਨਿਜ਼ਾਮੁਦੀਨ | ਨਵੀਂ ਦਿੱਲੀ | 09.09.2023, 10.09.2023 |
| 14212 | ਨਵੀਂ ਦਿੱਲੀ - ਆਗਰਾ ਕੈਂਟ ਇੰਟਰਸਿਟੀ ਐਕਸਪ੍ਰੈਸ | ਹਜ਼ਰਤ ਨਿਜ਼ਾਮੁਦੀਨ | ਨਵੀਂ ਦਿੱਲੀ | 09.09.2023, 10.09.2023 |
| 12419 | ਲਖਨਊ ਜੰ: - ਨਵੀਂ ਦਿੱਲੀ ਗੋਮਤੀ ਐਕਸਪ੍ਰੈਸ | ਹਜ਼ਰਤ ਨਿਜ਼ਾਮੁਦੀਨ | ਨਵੀਂ ਦਿੱਲੀ | 09.09.2023, 10.09.2023 |
| 12420 | ਨਵੀਂ ਦਿੱਲੀ - ਲਖਨਊ ਜੰ: ਗੋਮਤੀ ਐਕਸਪ੍ਰੈਸ | ਹਜ਼ਰਤ ਨਿਜ਼ਾਮੁਦੀਨ | ਨਵੀਂ ਦਿੱਲੀ | 09.09.2023, 10.09.2023 |

### ਮੇਲ/ਐਕਸਪ੍ਰੈਸ ਰੇਲਗੱਡੀਆਂ ਦਾ ਪੁਨਰਨਿਰਧਾਰਣ

| ਰੇਲਗੱਡੀ ਨੰ: | ਰੇਲਗੱਡੀ ਦਾ ਨਾਮ | ਪੁਨਰਨਿਰਧਾਰਣ ਰੇਲਗੱਡੀਆਂ |
|---|---|---|
| 14211 | ਆਗਰਾ ਕੈਂਟ - ਨਵੀਂ ਦਿੱਲੀ ਇੰਟਰਸਿਟੀ ਐਕਸਪ੍ਰੈਸ | ਰੇਲਗੱਡੀ ਮਿਤੀ 09.09.2023 , 10.09.2023 ਨੂੰ ਆਗਰਾ ਕੈਂਟ ਤੋਂ 05:45 ਦੀ ਜਗ੍ਹਾਂ ਉਤੇ 07.45 ਵਜੇ (120 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ । |
| 12419 | ਲਖਨਊ ਜੰ: - ਨਵੀਂ ਦਿੱਲੀ ਗੋਮਤੀ ਐਕਸਪ੍ਰੈਸ | ਰੇਲਗੱਡੀ ਮਿਤੀ 09.09.2023 , 10.09.2023 ਨੂੰ ਆਗਰਾ ਕੈਂਟ ਤੋਂ 05:45 ਦੀ ਜਗ੍ਹਾਂ ਉਤੇ 06.45 ਵਜੇ (60 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ । |

### ਮੇਲ/ਐਕਸਪ੍ਰੈਸ ਰੇਲਗੱਡੀਆਂ ਦਾ ਮਾਰਗ ਤਬਦੀਲੀ

| ਰੇਲਗੱਡੀ ਨੰ: ਅਤੇ ਗੱਡੀ ਦਾ ਨਾਮ | ਤਬਦੀਲੀ ਮਾਰਗ | ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|
| 19565 ਓਖਾ - ਦੇਹਰਾਦੂਨ ਉਤਰਾਂਚਲ ਐਕਸਪ੍ਰੈਸ | ਵਾਯਾ ਦਿੱਲੀ ਜੰ: | 08.09.2023 |
| 12204 ਅੰਮ੍ਰਿਤਸਰ ਜੰ: - ਸਹਰਸਾ ਗਰੀਬ ਰੱਥ ਐਕਸਪ੍ਰੈਸ | ਵਾਯਾ ਦਿੱਲੀ ਜੰ: | 09.09.2023, 10.09.2023 |
| 14303 ਦਿੱਲੀ ਜੰ: - ਹਰਿਦੁਵਾਰ ਜੰ: ਐਕਸਪ੍ਰੈਸ ਸਪੈਸ਼ਲ | ਵਾਯਾ ਦਿੱਲੀ ਜੰ: - ਦਿੱਲੀ ਸ਼ਾਹਦਰਾ - ਸਾਹਿਬਾਬਾਦ | 09.09.2023, 10.09.2023 |
| 19566 ਦੇਹਰਾਦੂਨ - ਓਖਾ ਉਤਰਾਂਚਲ ਐਕਸਪ੍ਰੈਸ | ਵਾਯਾ ਦਿੱਲੀ ਜੰ: | 10.09.2023 |
| 14623 ਸਿਵਨੀ - ਫਿਰੋਜ਼ਪੁਰ ਕੈਂਟ ਜੰ: ਪਾਤਾਲਕੋਟ ਐਕਸਪ੍ਰੈਸ | ਵਾਯਾ ਓਖਾ - ਹਜ਼ਰਤ ਨਿਜ਼ਾਮੁਦੀਨ - ਨਵੀਂ ਦਿੱਲੀ - ਸ਼ਕੂਰਬਸਤੀ | 07.09.2023, 08.09.2023, 09.09.2023, 10.09.2023 |

### ਮੇਲ/ਐਕਸਪ੍ਰੈਸ ਰੇਲਗੱਡੀਆਂ ਦੇ ਅਤਿਰਿਕਤ ਠਹਿਰਾਵ ਪ੍ਰਦਾਨ

| ਰੇਲਗੱਡੀ ਨੰ: | ਰੇਲਗੱਡੀ ਦਾ ਨਾਮ | ਅਤਿਰਿਕਤ ਠਹਿਰਾਵ 09.09.2023 | ਅਤਿਰਿਕਤ ਠਹਿਰਾਵ 10.09.2023 | ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|---|---|
| 12414 | ਜੰਮੂ ਤਵੀ - ਅਜਮੇਰ ਜੰ: ਐਕਸਪ੍ਰੈਸ | ਬਾਦਲੀ | ਬਾਦਲੀ | 08.09.2023, 09.09.2023 |
| 12450 | ਚੰਡੀਗੜ੍ਹ - ਮਡਗਾਂਵ ਗੋਵਾ ਸੰਪਰਕ ਕ੍ਰਾਂਤੀ ਐਕਸਪ੍ਰੈਸ | ਬਾਦਲੀ | – | 09.09.2023 |
| 12426 | ਜੰਮੂ ਤਵੀ - ਨਵੀਂ ਦਿੱਲੀ ਰਾਜਧਾਨੀ | ਬਾਦਲੀ | ਬਾਦਲੀ | 08.09.2023, 09.09.2023 |
| 12446 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਨਵੀਂ ਦਿੱਲੀ ਉਤਰ ਸੰਪਰਕਕ੍ਰਾਂਤੀ | ਬਾਦਲੀ | ਬਾਦਲੀ | 08.09.2023, 09.09.2023 |
| 14012 | ਹੋਸ਼ਿਯਾਰਪੁਰ - ਆਗਰਾ ਕੈਂਟ ਐਕਸਪ੍ਰੈਸ ਟ੍ਰੇਨ | ਬਾਦਲੀ | ਬਾਦਲੀ | 08.09.2023, 09.09.2023 |
| 20808 | ਅੰਮ੍ਰਿਤਸਰ - ਵਿਸ਼ਾਖਪਟਣਮ ਸੁਪਰਫਾਸਟ | – | ਬਾਦਲੀ | 09.09.2023 |
| 22686 | ਚੰਡੀਗੜ੍ਹ - ਯਸ਼ਵੰਤਪੁਰ ਐਕਸਪ੍ਰੈਸ | ਬਾਦਲੀ | – | 09.09.2023 |
| 22462 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਨਵੀਂ ਦਿੱਲੀ ਸ੍ਰੀ ਸ਼ਕਤੀ ਐਕਸ | ਬਾਦਲੀ | ਬਾਦਲੀ | 08.09.2023, 09.09.2023 |
| 12006 | ਕਾਲਕਾ - ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ | ਬਾਦਲੀ | ਬਾਦਲੀ | 09.09.2023, 10.09.2023 |
| 11078 | ਜੰਮੂ ਤਵੀ - ਪੂਣੇ ਝੇਲਮ ਐਕਸਪ੍ਰੈਸ | ਬਾਦਲੀ | ਬਾਦਲੀ | 08.09.2023, 09.09.2023 |
| 12204 | ਅੰਮ੍ਰਿਤਸਰ - ਸਹਰਸਾ ਗਰੀਬ ਰੱਥ | ਬਾਦਲੀ | ਬਾਦਲੀ | 09.09.2023, 10.09.2023 |
| 12014 | ਅੰਮ੍ਰਿਤਸਰ - ਨਵੀਂ ਦਿੱਲੀ ਸ਼ਤਾਬਦੀ | ਬਾਦਲੀ | ਬਾਦਲੀ | 09.09.2023, 10.09.2023 |
| 12058 | ਦੌਲਤਪੁਰ ਚੌਕ - ਨਵੀਂ ਦਿੱਲੀ ਜਨਸ਼ਤਾਬਦੀ ਐਕਸਪ੍ਰੈਸ | ਬਾਦਲੀ | ਬਾਦਲੀ | 09.09.2023, 10.09.2023 |
| 12716 | ਅੰਮ੍ਰਿਤਸਰ - ਹਜ਼ੂਰ ਸਾਹਿਬ ਨਾਂਦੇੜ ਸਚਖੰਡ ਐਕਸਪ੍ਰੈਸ | ਬਾਦਲੀ | ਬਾਦਲੀ | 09.09.2023, 10.09.2023 |
| 12484 | ਅੰਮ੍ਰਿਤਸਰ - ਕੋਚਚੁਵੇਲੀ ਐਕਸਪ੍ਰੈਸ | – | ਬਾਦਲੀ | 10.09.2023 |
| 12046 | ਚੰਡੀਗੜ੍ਹ - ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ | ਬਾਦਲੀ | ਬਾਦਲੀ | 09.09.2023, 10.09.2023 |
| 12926 | ਅੰਮ੍ਰਿਤਸਰ - ਮੁੰਬਈ ਸੈਂਟਰਲ ਪਛਿਮ ਐਕਸਪ੍ਰੈਸ | ਬਾਦਲੀ | ਬਾਦਲੀ | 09.09.2023, 10.09.2023 |
| 12752 | ਜੰਮੂ ਤਵੀ - ਹਜ਼ੂਰ ਸਾਹਿਬ ਨਾਂਦੇੜ ਐਕਸਪ੍ਰੈਸ | – | ਬਾਦਲੀ | 10.09.2023 |
| 22448 | ਅੰਮਬ ਅੰਦੋਰਾ - ਨਵੀਂ ਦਿੱਲੀ ਬੰਦੇ ਭਾਰਤ | ਬਾਦਲੀ | ਬਾਦਲੀ | 09.09.2023, 10.09.2023 |
| 12380 | ਅੰਮ੍ਰਿਤਸਰ - ਸਿਯਾਲਦਾਹ ਜਲਿਯਾਂਵਾਲਾਬਾਗ ਐਕਸਪ੍ਰੈਸ | – | ਬਾਦਲੀ | 10.09.2023 |
| 12472 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਬਾਂਦ੍ਰਾ ਟ. ਸਵਰਾਜ ਐਕਸਪ੍ਰੈਸ | ਬਾਦਲੀ | – | 09.09.2023 |
| 12478 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਜਾਮਨਗਰ ਐਕਸਪ੍ਰੈਸ | – | ਬਾਦਲੀ | 10.09.2023 |
| 12012 | ਕਾਲਕਾ - ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ | ਬਾਦਲੀ | ਬਾਦਲੀ | 09.09.2023, 10.09.2023 |
| 22456 | ਕਾਲਕਾ - ਸਾਈਨਗਰ ਸ਼ਿਰਡੀ ਸੁਪਰਫਾਸਟ | – | ਬਾਦਲੀ | 10.09.2023 |
| 12498 | ਅੰਮ੍ਰਿਤਸਰ - ਨਵੀਂ ਦਿੱਲੀ ਸ਼ਾਨੇ ਪੰਜਾਬ ਐਕਸਪ੍ਰੈਸ | ਬਾਦਲੀ | ਬਾਦਲੀ | 09.09.2023, 10.09.2023 |
| 12030 | ਅੰਮ੍ਰਿਤਸਰ - ਨਵੀਂ ਦਿੱਲੀ ਸਵਰਣ ਸ਼ਤਾਬਦੀ ਐਕਸਪ੍ਰੈਸ | ਬਾਦਲੀ | ਬਾਦਲੀ | 09.09.2023, 10.09.2023 |
| 22440 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਨਵੀਂ ਦਿੱਲੀ ਬੰਦੇ ਭਾਰਤ | ਬਾਦਲੀ | ਬਾਦਲੀ | 09.09.2023, 10.09.2023 |
| 20957 | ਇੰਦੋਰ - ਨਵੀਂ ਦਿੱਲੀ ਸੁਪਰਫਾਸਟ ਐਕਸਪ੍ਰੈਸ | ਫਰੀਦਾਬਾਦ | – | 08.09.2023 |
| 20805 | ਵਿਸ਼ਾਖਪਟਣਮ - ਨਵੀਂ ਦਿੱਲੀ ਏਪੀ ਐਕਸਪ੍ਰੈਸ | ਹ.ਨਿਜ਼ਾਮੁਦੀਨ | ਹ.ਨਿਜ਼ਾਮੁਦੀਨ | 07.09.2023, 08.09.2023 |
| 12951 | ਮੁੰਬਈ - ਨਵੀਂ ਦਿੱਲੀ ਤੇਜਸ ਰਾਜਧਾਨੀ | ਹ.ਨਿਜ਼ਾਮੁਦੀਨ | ਹ.ਨਿਜ਼ਾਮੁਦੀਨ | 08.09.2023, 09.09.2023 |
| 12751 | ਹਜ਼ੂਰ ਸਾਹਿਬ ਨਾਂਦੇੜ - ਜੰਮੂ ਤਵੀ ਐਕਸਪ੍ਰੈਸ | ਹ.ਨਿਜ਼ਾਮੁਦੀਨ | – | 08.09.2023 |
| 22125 | ਨਾਗਪੁਰ - ਅੰਮ੍ਰਿਤਸਰ ਏਸੀ ਐਕਸਪ੍ਰੈਸ | – | ਹ.ਨਿਜ਼ਾਮੁਦੀਨ | 09.09.2023 |
| 22209 | ਮੁੰਬਈ - ਨਵੀਂ ਦਿੱਲੀ ਦੁਰੰਤੋ | ਹ.ਨਿਜ਼ਾਮੁਦੀਨ | — | 08.09.2023 |
| 14011 | ਆਗਰਾ ਕੈਂਟ - ਹੋਸ਼ਿਯਾਰਪੁਰ ਐਕਸਪ੍ਰੈਸ ਟ੍ਰੇਨ | ਹ.ਨਿਜ਼ਾਮੁਦੀਨ, ਫਰੀਦਾਬਾਦ | ਹ.ਨਿਜ਼ਾਮੁਦੀਨ, ਫਰੀਦਾਬਾਦ | 09.09.2023, 10.09.2023 |
| 20451 | ਸੋਗਰਿਯਾ - ਨਵੀਂ ਦਿੱਲੀ ਸੁਪਰਫਾਸਟ ਐਕਸਪ੍ਰੈਸ | ਫਰੀਦਾਬਾਦ | ਫਰੀਦਾਬਾਦ | 09.09.2023, 10.09.2023 |
| 19803 | ਕੋਟਾ - ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਸਾਪਤਾਹਿਕ | ਫਰੀਦਾਬਾਦ | – | 09.09.2023 |
| 12001 | ਰਾਨੀ ਕਮਲਾਪਤੀ - ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈਸ | ਹ.ਨਿਜ਼ਾਮੁਦੀਨ | ਹ.ਨਿਜ਼ਾਮੁਦੀਨ | 09.09.2023, 10.09.2023 |
| 02569 | ਦਰਭੰਗਾ - ਨਵੀਂ ਦਿੱਲੀ ਕਲੋਨ ਸਪੈਸ਼ਲ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 08.09.2023, 09.09.2023 |
| 12397 | ਗਯਾ - ਨਵੀਂ ਦਿੱਲੀ ਮਹਾਬੋਧਿ ਐਕਸਪ੍ਰੈਸ | ਸਾਹਿਬਾਬਾਦ | ਸਾਹਿਬਾਬਾਦ | 08.09.2023, 09.09.2023 |
| 02563 | ਬਰੋਨੀ - ਨਵੀਂ ਦਿੱਲੀ ਕਲੋਨ ਸਪੈਸ਼ਲ ਐਕਸਪ੍ਰੈਸ | ਸਾਹਿਬਾਬਾਦ | ਸਾਹਿਬਾਬਾਦ | 08.09.2023, 09.09.2023 |
| 12565 | ਦਰਭੰਗਾ - ਨਵੀਂ ਦਿੱਲੀ ਬਿਹਾਰ ਸੰਪਰਕ ਕ੍ਰਾਂਤੀ ਐਕਸਪ੍ਰੈਸ | ਆਨੰਦ ਵਿਹਾਰ ਟ. | ਆਨੰਦ ਵਿਹਾਰ ਟ. | 08.09.2023, 09.09.2023 |
| 12555 | ਗੋਰਖਪੁਰ - ਬਠਿੰਡਾ ਗੋਰਖਧਾਮ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 08.09.2023, 09.09.2023 |
| 12451 | ਕਾਨਪੁਰ - ਨਵੀਂ ਦਿੱਲੀ ਸ਼ਮਰ ਸ਼ਕਤੀ ਐਕਸਪ੍ਰੈਸ | ਸਾਹਿਬਾਬਾਦ | ਸਾਹਿਬਾਬਾਦ | 08.09.2023, 09.09.2023 |
| 12303 | ਹਾਵੜਾ - ਨਵੀਂ ਦਿੱਲੀ ਪੂਰਵ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 08.09.2023, 09.09.2023 |
| 19408 | ਵਾਰਾਣਸੀ - ਅਹਿਮਦਾਬਾਦ ਐਕਸਪ੍ਰੈਸ | – | ਦਿੱਲੀ ਸ਼ਾਹਦਰਾ | 09.09.2023 |
| 12275 | ਪ੍ਰਯਾਗਰਾਜ - ਨਵੀਂ ਦਿੱਲੀ ਹਮਸਫਰ ਐਕਸਪ੍ਰੈਸ | ਗਾਜੀਆਬਾਦ | — | 08.09.2023 |
| 12273 | ਹਾਵੜਾ - ਨਵੀਂ ਦਿੱਲੀ ਦੁਰੰਤੋ ਐਕਸਪ੍ਰੈਸ | ਗਾਜੀਆਬਾਦ | — | 08.09.2023 |
| 04651 | ਜੈਨਗਰ - ਅੰਮ੍ਰਿਤਸਰ ਹਮਸਫ਼ਰ ਐਕਸਪ੍ਰੈਸ ਕਲੋਨ ਸਪੈਸ਼ਲ | ਗਾਜੀਆਬਾਦ | — | 08.09.2023 |
| 12309 | ਰਾਜੇਂਦਰ ਨਗਰ ਟ. - ਨਵੀਂ ਦਿੱਲੀ ਤੇਜਸ ਰਾਜਧਾਨੀ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 08.09.2023, 09.09.2023 |
| 12559 | ਬਨਾਰਸ - ਨਵੀਂ ਦਿੱਲੀ ਸ਼ਿਵਗੰਗਾ ਸੁਪਰਫਾਸਟ | ਗਾਜੀਆਬਾਦ | ਗਾਜੀਆਬਾਦ | 08.09.2023, 09.09.2023 |
| 12379 | ਸਿਯਾਲਦਾਹ - ਅੰਮ੍ਰਿਤਸਰ ਜਲਿਯਾਵਾਲਾਬਾਗ ਐਕਸਪ੍ਰੈਸ | ਦਿੱਲੀ ਸ਼ਾਹਦਰਾ | – | 08.09.2023 |
| 20817 | ਭੁਵਨੇਸ਼ਵਰ - ਨਵੀਂ ਦਿੱਲੀ ਤੇਜਸ ਰਾਜਧਾਨੀ | – | ਗਾਜੀਆਬਾਦ | 09.09.2023 |
| 22823 | ਭੁਵਨੇਸ਼ਵਰ - ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ | ਗਾਜੀਆਬਾਦ | – | 08.09.2023 |
| 12301 | ਹਾਵੜਾ - ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 08.09.2023, 09.09.2023 |
| 12423 | ਡਿਬਰੂਗੜ੍ਹ ਟਾਊਨ - ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 07.09.2023, 08.09.2023 |
| 12313 | ਸਿਯਾਲਦਹ - ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 08.09.2023, 09.09.2023 |
| 12877 | ਰਾਂਚੀ - ਨਵੀਂ ਦਿੱਲੀ ਗਰੀਬਰੱਥ ਐਕਸਪ੍ਰੈਸ | ਸਾਹਿਬਾਬਾਦ | – | 08.09.2023 |
| 20839 | ਰਾਂਚੀ - ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ | – | ਗਾਜੀਆਬਾਦ | 09.09.2023 |
| 20801 | ਇਸਲਾਮੁਪਰ - ਨਵੀਂ ਦਿੱਲੀ ਮਗਧ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 08.09.2023, 09.09.2023 |
| 05734 | ਕਟਿਹਾਰ - ਅੰਮ੍ਰਿਤਸਰ ਸਪੈਸ਼ਲ | – | ਦਿੱਲੀ ਸ਼ਾਹਦਰਾ | 09.09.2023 |
| 14619 | ਅਗਰਤਲਾ - ਫਿਰੋਜ਼ਪੁਰ ਕੈਂਟ ਐਕਸਪ੍ਰੈਸ | ਸਾਹਿਬਾਬਾਦ | – | 07.09.2023 |
| 22449 | ਗੋਹਾਟੀ - ਨਵੀਂ ਦਿੱਲੀ ਐਕਸਪ੍ਰੈਸ | | ਸਾਹਿਬਾਬਾਦ | 09.09.2023 |
| 15715 | ਕਿਸ਼ਨਗੰਜ - ਅਜਮੇਰ ਜੰ: ਗਰੀਬ ਨਵਾਜ ਐਕਸਪ੍ਰੈਸ | ਦਿੱਲੀ ਸ਼ਾਹਦਰਾ | – | 08.09.2023 |
| 20503 | ਡਿਬਰੂਗੜ੍ਹ - ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ | ਗਾਜੀਆਬਾਦ | – | 07.09.2023 |
| 20505 | ਡਿਬਰੂਗੜ੍ਹ - ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ | — | ਗਾਜੀਆਬਾਦ | 08.09.2023 |
| 12323 | ਹਾਵੜਾ - ਬਾੜਮੇਰ ਐਕਸਪ੍ਰੈਸ | ਦਿੱਲੀ ਸ਼ਾਹਦਰਾ | – | 08.09.2023 |
| 22435 | ਵਾਰਣਸੀ - ਨਵੀਂ ਦਿੱਲੀ ਬੰਦੇ ਭਾਰਤ ਐਕਸਪ੍ਰੈਸ | ਗਾਜੀਆਬਾਦ | ਗਾਜੀਆਬਾਦ | 09.09.2023, 10.09.2023 |
| 14623 | ਸਿਵਨੀ - ਫਿਰੋਜ਼ਪੁਰ ਕੈਂਟ ਪਾਤਾਲਕੋਟ ਐਕਸ | ਨਵੀਂ ਦਿੱਲੀ | ਨਵੀਂ ਦਿੱਲੀ | 07.09.2023, 08.09.2023, 09.09.2023, 10.09.2023 |
| 14624 | ਫਿਰੋਜ਼ਪੁਰ - ਸਿਵਨੀ ਪਾਤਾਲਕੋਟ ਐਕਸ | ਓਖਾ, ਪਟੇਲ ਨਗਰ | ਓਖਾ, ਪਟੇਲ ਨਗਰ | 08.09.2023, 09.09.2023, 10.09.2023, 11.09.2023 |
| 22706 | ਜੰਮੂ ਤਵੀ - ਤਿਰੂਪਤੀ ਹਮਸਫ਼ਰ | ਬਾਦਲੀ, ਪਟੇਲ ਨਗਰ, ਓਖਾ | — | 08.09.2023 |

ਰੇਲਯਾਤਰੀਆਂ ਨੂੰ ਹੋਣ ਵਾਲੀ ਅਸੁਵਿਧਾ ਦੇ ਲਈ ਖੇਦ ਹੈ ।

ਰੇਲਯਾਤਰੀਆਂ ਨੂੰ ਪਰਾਮਰਸ਼ ਦਿਤਾ ਜਾਂਦਾ ਹੈ ਕਿ ਮਿਤੀ 08, 09 ਅਤੇ 10 ਸਤੰਬਰ 2023 ਨੂੰ ਰੇਲਮਦਦ ਹੈਲਪਲਾਈਨ ਨੰ: 139 ਜਾਂ NTES App ਉਤੇ ਰੇਲਗੱਡੀਆਂ ਦੀ ਸਥਿਤੀ ਦੇਖਕੇ ਅਪਣੀ ਯਾਤਰਾ ਪਲਾਨ ਕਰੋ ।

ਰੇਲਮਦਦ ਵੇਬਸਾਈਟ ਦੇਖੋ: www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ | G20 | ਉੱਤਰ ਰੇਲਵੇ

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ

4-Sep-PAGE-4-23.qxd 9/3/2023 8:47 PM Page 1

ਨਵਾਂ ਜ਼ਮਾਨਾ
ਸੋਮਵਾਰ, 4 ਸਤੰਬਰ 2023

# ਅਡਾਨੀ ਬਾਰੇ ਮੋਦੀ ਦੀ ਚੁੱਪ

*ਅਡਾਨੀ ਦੀਆਂ ਕੰਪਨੀਆਂ ਬਾਰੇ ਹਿੰਡਨਬਰਗ ਰਿਪੋਰਟ ਤੋਂ ਬਾਅਦ ਖੋਜੀ ਪੱਤਰਕਾਰਾਂ ਦੀ ਜਥੇਬੰਦੀ ਆਰਗੇਨਾਈਜ਼ਡ ਕਰਾਈਮ ਕੁਰੱਪਸ਼ਨ ਰਿਪੋਰਟਿੰਗ ਪ੍ਰੋਜੈਕਟ ਨੇ ਖੁਲਾਸਾ ਕੀਤਾ ਹੈ ਕਿ ਗੌਤਮ ਅਡਾਨੀ ਨੇ ਆਪਣੀਆਂ ਕੰਪਨੀਆਂ ਵਿੱਚ ਕਾਲਾ ਧਨ ਲਗਾ ਕੇ ਵੱਡਾ ਘੁਟਾਲਾ ਕੀਤਾ ਹੈ। ਦੋ ਕੌਮਾਂਤਰੀ ਅਖ਼ਬਾਰਾਂ 'ਗਾਰਡੀਅਨ' ਤੇ 'ਫਾਈਨੈਂਸ਼ੀਅਲ ਟਾਈਮਜ਼' ਨੇ ਕਿਹਾ ਹੈ ਕਿ ਗੌਤਮ ਅਡਾਨੀ ਦੇ ਭਰਾ ਵਿਨੋਦ ਅਡਾਨੀ ਦੀਆਂ ਵਿਦੇਸ਼ੀ ਕੰਪਨੀਆਂ ਨਾਲ ਜੁੜੇ ਦੋ ਵਿਅਕਤੀਆਂ ਨੇ ਅਡਾਨੀ ਦੀਆਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਨਿਵੇਸ਼ ਕੀਤਾ ਸੀ। ਇਹ ਦੋ ਵਿਅਕਤੀ ਸੰਯੁਕਤ ਅਰਬ ਅਮੀਰਾਤ ਦਾ ਨਾਗਰਿਕ ਨਾਸਿਰ ਅਲੀ ਸ਼ਾਬਾਨ ਅਲੀ ਤੇ ਤਾਇਵਾਨ ਦਾ ਨਾਗਰਿਕ ਚਾਂਗ ਚੁੰਗ ਲਿੰਗ ਹਨ। ਇਹ ਦੋਵੇਂ ਵਿਨੋਦ ਅਡਾਨੀ ਦੇ ਸਹਿਯੋਗੀ ਹਨ।*

*ਡਾਇਰੈਕਟੋਰੇਟ ਆਫ਼ ਰੈਵਨਿਊ ਇੰਟੈਲੀਜੈਂਸ ਨੇ ਸਤੰਬਰ 2014 ਵਿੱਚ ਹੀ ਸੇਬੀ ਨੂੰ ਸ਼ਿਕਾਇਤ ਕੀਤੀ ਸੀ ਕਿ ਅਡਾਨੀ ਦੀਆਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਗੜਬੜ ਹੋ ਰਹੀ ਹੈ, ਪਰ ਸੇਬੀ ਨੇ ਜਾਂਚ ਕਰਨ ਦੀ ਖੇਚਲ ਨਾ ਕੀਤੀ। ਇਸ ਤਰ੍ਹਾਂ ਇਹ ਘੁਟਾਲਾ ਲਗਾਤਾਰ ਚਲਦਾ ਰਿਹਾ। ਸੇਬੀ ਨੇ ਸੁਪਰੀਮ ਕੋਰਟ ਵਿੱਚ ਵੀ ਗਲਤ ਬਿਆਨੀ ਕਰਕੇ ਅਡਾਨੀ ਵੱਲੋਂ ਕੀਤੀ ਜਾ ਰਹੀ ਲੁੱਟ ਉੱਤੇ ਪਰਦਾ ਪਾਇਆ ਹੈ। ਦੇਸ਼ ਦੀਆਂ ਵਿਰੋਧੀ ਪਾਰਟੀਆਂ ਤੇ ਨਾਗਰਿਕ ਸਮਾਜ ਦੇ ਲੋਕ ਲਗਾਤਾਰ ਮੰਗ ਕਰਦੇ ਰਹੇ ਹਨ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਾਈ ਜਾਵੇ, ਪਰ ਸਰਕਾਰ ਅਡਾਨੀ ਉੱਤੇ ਮਿਹਰਬਾਨ ਹੋਣ ਕਰਕੇ ਇਸ ਮੰਗ ਨੂੰ ਅਣਸੁਣਿਆ ਕਰਦੀ ਆ ਰਹੀ ਹੈ।*

*ਓ ਸੀ ਸੀ ਆਰ ਪੀ ਦੀ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਉਕਤ ਦੋਵਾਂ ਵਿਅਕਤੀਆਂ ਨੇ ਬਰਮੂਡਾ ਤੇ ਮਾਰੀਸ਼ਸ਼ ਸਥਿਤ ਕੁਝ ਨਾਮਨਿਹਾਦ ਕੰਪਨੀਆਂ ਰਾਹੀਂ ਅਡਾਨੀਆਂ ਦੀਆਂ ਕੰਪਨੀਆਂ ਵਿੱਚ ਕਰੋੜਾਂ ਡਾਲਰਾਂ ਦਾ ਨਿਵੇਸ਼ ਕੀਤਾ ਸੀ। ਰਿਪੋਰਟ ਮੁਤਾਬਕ ਇਹ ਸਾਰਾ ਧਨ ਅਗਿਆਤ ਸਰੋਤਾਂ ਤੋਂ ਆਇਆ ਕਾਲਾ ਧਨ ਸੀ।*

*ਵਿਰੋਧੀ ਪਾਰਟੀਆਂ ਦੇ ਆਗੂ ਅਰਵਿੰਦ ਕੇਜਰੀਵਾਲ, ਸੰਜੇ ਸਿੰਘ ਤੇ ਰਾਹੁਲ ਗਾਂਧੀ ਇਸ ਮਾਮਲੇ ਨੂੰ ਲਗਾਤਾਰ ਉਠਾਉਂਦੇ ਰਹੇ ਹਨ। ਰਾਹੁਲ ਗਾਂਧੀ ਨੂੰ ਤਾਂ ਸੰਸਦ ਵਿੱਚ ਇਹ ਮਸਲਾ ਉਠਾਉਣ ਉੱਤੇ ਆਪਣੀ ਸੰਸਦ ਮੈਂਬਰੀ ਤੱਕ ਗੁਆਉਣੀ ਪਈ ਸੀ। 'ਇੰਡੀਆ' ਗੱਠਜੋੜ ਦੀ ਮੁੰਬਈ ਮੀਟਿੰਗ ਮੌਕੇ ਵੀ ਰਾਹੁਲ ਗਾਂਧੀ ਨੇ ਪ੍ਰੈੱਸ ਕਾਨਫਰੰਸ ਕਰ ਕੇ ਮੰਗ ਕੀਤੀ ਸੀ ਕਿ ਅਡਾਨੀ ਸਮੂਹ ਬਾਰੇ ਆਈ ਤਾਜ਼ਾ ਰਿਪੋਰਟ ਤੋਂ ਬਾਅਦ ਇਸ ਘੁਟਾਲੇ ਦੀ ਜੇ ਪੀ ਸੀ ਤੋਂ ਜਾਂਚ ਕਰਾਈ ਜਾਣੀ ਚਾਹੀਦੀ ਹੈ।*

*ਰਾਹੁਲ ਨੇ ਕਿਹਾ ਕਿ ਦੁਨੀਆ ਦੇ ਦੋ ਫਾਈਨੈਂਸ਼ੀਅਲ ਅਖ਼ਬਾਰਾਂ ਨੇ ਲਿਖਿਆ ਹੈ ਕਿ ਇੱਕ ਪਰਵਾਰ, ਜੋ ਮੋਦੀ ਦੇ ਕਾਫ਼ੀ ਕਰੀਬ ਹੈ, ਉਸ ਨੇ ਆਪਣੇ ਖੁਦ ਦੇ ਸ਼ੇਅਰ ਅੰਦਰਖਾਤੇ ਖਰੀਦ ਕੇ ਫਿਰ ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਕੀਤਾ। ਅਰਬਾਂ ਡਾਲਰ ਅਡਾਨੀ ਦੀਆਂ ਕੰਪਨੀਆਂ ਦੇ ਨੈੱਟਵਰਕ ਰਾਹੀਂ ਵੱਖ-ਵੱਖ ਦੇਸ਼ਾਂ ਵਿੱਚ ਗਿਆ ਤੇ ਫਿਰ ਵਾਪਸ ਆਇਆ। ਫਿਰ ਇਸ ਪੈਸੇ ਰਾਹੀਂ ਅਡਾਨੀ ਨੇ ਆਪਣੇ ਸ਼ੇਅਰਾਂ ਦੀ ਕੀਮਤ ਵਧਾਈ ਤੇ ਹੁਣ ਉਹ ਭਾਰਤ ਦੇ ਸਰਕਾਰੀ ਅਦਾਰਿਆਂ ਨੂੰ ਖਰੀਦ ਰਹੇ ਹਨ।*

*ਇਸ ਲਈ ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਇਹ ਪੈਸਾ ਕਿਸ ਦਾ ਹੈ? ਇਹ ਅਡਾਨੀ ਦਾ ਹੈ ਜਾਂ ਕਿਸੇ ਹੋਰ ਦਾ? ਜੇ ਕਿਸੇ ਹੋਰ ਦਾ ਹੈ ਤਾਂ ਕਿਸ ਦਾ? ਇਸ ਸਾਰੇ ਗੋਰਖਧੰਦੇ ਦਾ ਮਾਸਟਰ ਮਾਈਂਡ ਗੌਤਮ ਅਡਾਨੀ ਦਾ ਭਰਾ ਵਿਨੋਦ ਅਡਾਨੀ ਹੈ। ਸੇਬੀ ਵੱਲੋਂ ਕੀਤੀ ਗਈ ਜਾਂਚ ਵਿੱਚ ਜਿਸ ਵਿਅਕਤੀ ਨੇ ਅਡਾਨੀ ਨੂੰ ਕਲੀਨ ਚਿੱਟ ਦਿੱਤੀ ਸੀ, ਉਸ ਨੂੰ ਅਡਾਨੀ ਦੇ ਚੈਨਲ ਐੱਨ ਡੀ ਟੀ ਵੀ ਦਾ ਡਾਇਰੈਕਟਰ ਬਣਾ ਦਿੱਤਾ ਗਿਆ ਹੈ, ਪਰ ਸਵਾਲਾਂ ਦਾ ਸਵਾਲ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਡਾਨੀ ਦੀਆਂ ਧੋਖਾਦੇਹੀਆਂ ਬਾਰੇ ਚੁੱਪ ਕਿਉਂ ਹਨ? ਸੀ ਬੀ ਆਈ ਤੇ ਈ ਡੀ ਵਰਗੀਆਂ ਏਜੰਸੀਆਂ ਨੂੰ ਅਡਾਨੀ ਦੀ ਜਾਂਚ ਕਰਨ ਲਈ ਕਿਉਂ ਨਹੀਂ ਕਿਹਾ ਜਾਂਦਾ?*

*ਮੋਦੀ ਦੀ ਚੁੱਪ ਤੋਂ ਤਾਂ ਇਹੋ ਲੱਗਦਾ ਕਿ 'ਫਕੀਰ' ਦੇ ਝੋਲੇ ਵਿੱਚ ਵੀ ਲੁੱਟ ਦਾ ਕੁਝ ਹਿੱਸਾ ਤਾਂ ਜ਼ਰੂਰ ਹੋਵੇਗਾ।*

# ਰੇਲ ਹਾਦਸਿਆਂ ਦੀ ਮੁੱਖ ਵਜ੍ਹਾ ਰੇਲਵੇ ਦਾ ਨਿੱਜੀਕਰਨ

**ਸੁਮੀਤ ਸਿੰਘ**

ਇਸ ਸਾਲ 2 ਜੂਨ ਨੂੰ ਉੜੀਸਾ ਦੇ ਬਾਲਾਸੌਰ ਜ਼ਿਲ੍ਹੇ ਦੇ ਬਹਾਨਗਾ ਬਾਜ਼ਾਰ ਰੇਲਵੇ ਸਟੇਸ਼ਨ 'ਤੇ ਤਿੰਨ ਰੇਲ ਗੱਡੀਆਂ ਦੇ ਆਪਸ ਵਿਚ ਟਕਰਾਉਣ ਕਾਰਨ ਹੋਏ ਗੰਭੀਰ ਹਾਦਸੇ ਵਿਚ 290 ਯਾਤਰੀਆਂ ਦੀ ਮੌਤ ਹੋ ਗਈ ਸੀ ਅਤੇ 1000 ਤੋਂ ਵੱਧ ਜ਼ਖਮੀ ਹੋਏ ਸਨ। ਰੇਲਵੇ ਅਧਿਕਾਰੀਆਂ ਦੀ ਸ਼ੁਰੂਆਤੀ ਰਿਪੋਰਟ ਵਿਚ ਇੰਟਰਲਾਕਿੰਗ ਸਿਗਨਲ ਦੀ ਖਰਾਬੀ ਨੂੰ ਇਸ ਹਾਦਸੇ ਦਾ ਕਾਰਨ ਦੱਸਿਆ ਗਿਆ ਸੀ, ਪਰ ਫਿਰ ਬਾਅਦ ਵਿਚ ਰੇਲ ਮੰਤਰਾਲੇ ਵੱਲੋਂ ਇਸ ਦੀ ਜਾਂਚ ਸੀ ਬੀ ਆਈ ਨੂੰ ਦੇਣ ਦਾ ਫੈਸਲਾ ਕੀਤਾ ਗਿਆ।

ਇਸ ਤੋਂ ਪਹਿਲਾਂ ਵੀ ਦੇਸ ਵਿਚ ਅਜਿਹੇ ਕਈ ਭਿਆਨਕ ਰੇਲ ਹਾਦਸੇ ਵਾਪਰ ਚੁੱਕੇ ਹਨ, ਜਿਨ੍ਹਾਂ ਵਿਚ ਸੈਂਕੜੇ ਯਾਤਰੀ ਮਾਰੇ ਗਏ, ਹਜ਼ਾਰਾਂ ਜ਼ਖਮੀ ਹੋਏ ਅਤੇ ਕਈ ਕਰੋੜਾਂ ਰੁਪਏ ਦਾ ਮਾਲੀ ਨੁਕਸਾਨ ਹੋਇਆ। ਕੇਂਦਰ ਸਰਕਾਰ ਅਤੇ ਰੇਲ ਮੰਤਰਾਲੇ ਵੱਲੋਂ ਹਰ ਰੇਲ ਹਾਦਸੇ ਮਗਰੋਂ ਵਿਸ਼ੇਸ਼ ਜਾਂਚ ਕਮੇਟੀ ਰਾਹੀਂ ਹਾਦਸੇ ਦੀ ਜਾਂਚ ਕਰਵਾਈ ਜਾਂਦੀ ਹੈ, ਪਰ ਅੱਜ ਤਕ ਕਿਸੇ ਜਾਂਚ ਰਿਪੋਰਟ ਨੂੰ ਜਨਤਕ ਨਹੀਂ ਕੀਤਾ ਗਿਆ ਅਤੇ ਨਾ ਹੀ ਉਸ ਰਿਪੋਰਟ ਦੀਆਂ ਲੋਕ-ਪੱਖੀ ਸਿਫਾਰਸ਼ਾਂ ਨੂੰ ਲਾਗੂ ਕੀਤਾ ਗਿਆ ਹੈ। ਇਸ ਤਰ੍ਹਾਂ ਹਾਦਸੇ ਲਈ ਜ਼ਿੰਮੇਵਾਰ ਦੋਸੀ ਉੱਚ ਅਧਿਕਾਰੀਆਂ ਨੂੰ ਕਦੇ ਕੋਈ ਮਿਸਾਲੀ ਸਜ਼ਾ ਨਹੀਂ ਦਿੱਤੀ ਗਈ। ਬਸ, ਹੇਠਲੇ ਪੱਧਰ ਦੇ ਕੁਝ ਮੁਲਾਜ਼ਮਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਜਾਂਦਾ ਹੈ ਅਤੇ ਮ੍ਰਿਤਕਾਂ ਦੇ ਵਾਰਸਾਂ ਨੂੰ ਮੁਆਵਜ਼ਾ ਦੇ ਕੇ ਸਰਕਾਰ ਦੀਆਂ ਨਿੱਜੀਕਰਨ ਪੱਖੀ ਨੀਤੀਆਂ, ਭ੍ਰਿਸ਼ਟਾਚਾਰ ਅਤੇ ਸੁਰੱਖਿਆ ਵਿਚਲੀਆਂ ਗੰਭੀਰ ਕੁਤਾਹੀਆਂ ਉਤੇ ਪਰਦਾ ਪਾ ਦਿੱਤਾ ਜਾਂਦਾ ਹੈ।

ਕੁਝ ਸਾਲ ਪਹਿਲਾਂ ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਉਤੇ ਰੇਲ ਮੰਤਰਾਲੇ ਵੱਲੋਂ ਭਾਰਤੀ ਰੇਲਵੇ ਦੇ ਸਮੁੱਚੇ ਢਾਂਚੇ ਦੇ ਪੁਨਰ ਨਿਰਮਾਣ ਅਤੇ ਉਤਪਾਦਨ ਦੇ ਵੱਡੇ ਪ੍ਰੋਜੈਕਟਾਂ ਲਈ ਵੱਡੇ ਪੱਧਰ 'ਤੇ ਆਰਥਿਕ ਅਤੇ ਤਕਨੀਕੀ ਸਾਧਨ ਜੁਟਾਉਣ ਦੇ ਉਦੇਸ਼ ਵਜੋਂ ਬਿਬੇਕ ਦੇਬਰੋਏ ਕਮੇਟੀ ਦਾ ਗਠਨ ਕੀਤਾ ਗਿਆ ਸੀ (ਇਹ ਓਹੋ ਮੋਦੀ ਭਗਤ ਬਿਬੇਕ ਦੇਬਰੋਏ ਹੈ, ਜੋ ਇਸ ਵਕਤ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦਾ ਚੇਅਰਮੈਨ ਹੈ ਅਤੇ ਜਿਸ ਨੇ ਇਕ ਅਖਬਾਰ ਵਿਚ ਲੇਖ ਲਿਖ ਕੇ ਮੋਦੀ ਸਰਕਾਰ ਨੂੰ ਭਾਰਤੀ ਸੰਵਿਧਾਨ ਨੂੰ ਨਵੇਂ ਸਿਰਿਉਂ ਲਿਖਣ ਦੀ ਸਲਾਹ ਦਿੱਤੀ ਹੈ ਅਤੇ ਜਿਸ ਦਾ ਦੇਸ਼ ਭਰ 'ਚੋਂ ਵੱਡਾ ਵਿਰੋਧ ਹੋਇਆ ਹੈ) ਜਿਸ ਨੇ ਆਪਣੀ ਰਿਪੋਰਟ ਵਿਚ ਰੇਲਵੇ ਲਈ ਵੱਖਰੇ ਰੇਲ ਬਜਟ ਨੂੰ ਖਤਮ ਕਰਨ, ਰੇਲਵੇ ਵਿਚ ਨਿੱਜੀ-ਸਰਕਾਰੀ ਭਾਈਵਾਲੀ ਤਹਿਤ ਰੇਲਵੇ ਦਾ ਨਿੱਜੀਕਰਨ ਕਰਨ, ਦੇਸ਼ ਦੀਆਂ ਸੱਤ ਪ੍ਰਸਿੱਧ ਰੇਲ ਉਤਪਾਦਨ ਇਕਾਈਆਂ ਦੇ ਨਾਲ-ਨਾਲ ਰੇਲਵੇ ਸਟੇਸ਼ਨਾਂ, ਰੇਲ ਗੱਡੀਆਂ (ਸਵਾਰੀ ਅਤੇ ਮਾਲ ਦੋਵੇਂ), ਰੇਲਵੇ ਸਕੂਲਾਂ, ਰੇਲਵੇ ਪ੍ਰੋਟੈਕਸ਼ਨ ਫੋਰਸ, ਰੇਲਵੇ ਕਾਰਖਾਨਿਆਂ, ਰੇਲਵੇ ਲਾਈਨਾਂ, ਰੇਲਵੇ ਢਾਂਚੇ ਅਤੇ ਇਸ ਨਾਲ ਸੰਬੰਧਤ ਉਤਪਾਦਨ, ਉਸਾਰੀ ਅਤੇ ਰੱਖ ਰਖਾਅ ਦੇ ਕਾਰਜਾਂ ਨੂੰ ਨਿੱਜੀ ਕਾਰਪੋਰੇਟ ਅਦਾਰਿਆਂ - ਨਿੱਜੀ ਠੇਕੇਦਾਰਾਂ ਦੇ ਸਪੁਰਦ ਕਰਨ ਅਤੇ ਰੇਲਵੇ ਬੋਰਡ ਨੂੰ ਭੰਗ ਕਰਕੇ ਉਸ ਨੂੰ ਕਾਰਪੋਰੇਟ ਅਦਾਰੇ ਵਾਂਗ ਚਲਾਉਣ ਆਦਿ ਜਨਤਾ ਵਿਰੋਧੀ ਅਤੇ ਮੁਲਾਜ਼ਮ ਵਿਰੋਧੀ ਸਿਫਾਰਸਾਂ ਕੀਤੀਆਂ ਸਨ, ਜਿਨ੍ਹਾਂ ਨੂੰ ਮੋਦੀ ਸਰਕਾਰ ਵੱਲੋਂ ਬੜੀ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਕੇਂਦਰੀ ਵਿੱਤ ਮੰਤਰੀ ਵੱਲੋਂ 2019-2020 ਦਾ ਬਜਟ ਪੇਸ਼ ਕਰਦਿਆਂ ਭਾਰਤੀ ਰੇਲਵੇ ਵਿਚ ਨਿੱਜੀ - ਸਰਕਾਰੀ ਭਾਈਵਾਲੀ ਦੀ ਨੀਤੀ ਲਾਗੂ ਕਰਨ ਉਤੇ ਜ਼ੋਰ ਦਿੱਤਾ ਗਿਆ ਸੀ। ਇਸ ਪਿੱਛੇ ਮੋਦੀ ਸਰਕਾਰ ਵੱਲੋਂ ਇਹ ਬਹਾਨਾ ਘੜਿਆ ਗਿਆ ਕਿ ਭਾਰਤੀ ਰੇਲਵੇ ਦੇ ਵਿਕਾਸ ਲਈ ਨਵੀਆਂ ਰੇਲਵੇ ਲਾਈਨਾਂ ਵਿਛਾਉਣ, ਰੋਲਿੰਗ ਸਟਾਕ ਯਾਨਿ ਰੇਲ ਇੰਜਣ, ਯਾਤਰੀ ਕੋਚ ਅਤੇ ਵੈਗਨਾਂ ਦੇ ਨਿਰਮਾਣ ਦੇ ਕੰਮ ਵਿਚ ਤੇਜ਼ੀ ਲਿਆਉਣ ਲਈ 2018 ਤੋਂ 2030 ਤੱਕ 50 ਲੱਖ ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਦੀ ਜ਼ਰੂਰਤ ਹੈ, ਜਿਸ ਲਈ ਇਸ ਦੇ ਸਮੁੱਚੇ ਢਾਂਚੇ ਤੋਂ ਇਲਾਵਾ ਇਸ ਦੀਆਂ ਉਤਪਾਦਨ ਇਕਾਈਆਂ,ਕਾਰਖਾਨਿਆਂ, ਰੇਲਵੇ ਸਟੇਸ਼ਨਾਂ ਅਤੇ ਰੇਲ ਗੱਡੀਆਂ ਆਦਿ ਨੂੰ ਬਹੁਕੌਮੀ ਕੰਪਨੀਆਂ ਅਤੇ ਵੱਡੇ ਕਾਰਪੋਰੇਟ ਅਦਾਰਿਆਂ ਨੂੰ ਸੌਂਪਿਆ ਜਾਣਾ ਬੇਹੱਦ ਜ਼ਰੂਰੀ ਹੈ।

ਇਸੇ ਲੋਕ ਵਿਰੋਧੀ ਏਜੰਡੇ ਨੂੰ ਲਾਗੂ ਕਰਨ ਲਈ ਕੇਂਦਰੀ ਵਿੱਤ ਮੰਤਰਾਲੇ ਵੱਲੋਂ ਇਹ ਫੈਸਲਾ ਕੀਤਾ ਗਿਆ ਸੀ ਕਿ ਭਾਰਤੀ ਰੇਲਵੇ ਦੀਆਂ ਸੱਤ ਪ੍ਰਸਿੱਧ ਉਤਪਾਦਨ ਇਕਾਈਆਂ, ਜਿਨ੍ਹਾਂ ਵਿਚ ਮਾਡਰਨ ਕੋਚ ਫੈਕਟਰੀ ਰਾਏਬਰੇਲੀ, ਡੀਜ਼ਲ ਰੇਲ ਇੰਜਣ ਕਾਰਖਾਨਾ ਵਾਰਾਣਸੀ, ਚਿਤਰੰਜਨ ਲੋਕੋਮੋਟਿਵ ਵਰਕਸ ਆਸਨਸੋਲ, ਇੰਟੈਗਰਲ ਕੋਚ ਫੈਕਟਰੀ ਚੇਨਈ, ਡੀਜ਼ਲ ਮਾਡਰਨਾਇਜ਼ੇਸ਼ਨ ਵਰਕਸ ਪਟਿਆਲਾ, ਵੀਲ੍ਹ ਐਂਡ ਐਕਸਲ ਪਲਾਂਟ ਬੰਗਲੌਰ ਅਤੇ ਰੇਲ ਕੋਚ ਫੈਕਟਰੀ ਕਪੂਰਥਲਾ ਸ਼ਾਮਲ ਹਨ, ਦਾ ਨਿੱਜੀ ਸਰਕਾਰੀ ਭਾਈਵਾਲੀ ਨੀਤੀ ਤਹਿਤ ਨਿਗਮੀਕਰਨ ਕਰਕੇ ਉਨ੍ਹਾਂ ਨੂੰ ਭਾਰਤੀ ਰੇਲ ਦੀ ਨਵੀਂ ਇਕਾਈ ਇੰਡੀਅਨ ਰੇਲਵੇ ਰੋਲਿੰਗ ਸਟਾਕ (ਰੇਲ ਦੇ ਡਿੱਬੇ ਅਤੇ ਇੰਜਣ) ਕੰਪਨੀ ਦੇ ਅਧੀਨ ਲਿਆਂਦਾ ਜਾਵੇਗਾ। ਇਸ ਦੇ ਇਲਾਵਾ ਹੁਣ 30 ਫੀਸਦੀ ਰੇਲਵੇ ਸਟੇਸ਼ਨ, 30 ਫੀਸਦੀ ਮਾਲ ਗੱਡੀਆਂ ਅਤੇ 15 ਰੇਲਵੇ ਸਟੇਡੀਅਮ ਵੀ ਨਿੱਜੀ ਹੱਥਾਂ ਵਿੱਚ ਦੇਣ ਦਾ ਫੈਸਲਾ ਕੀਤਾ ਗਿਆ ਹੈ। ਬੇਸ਼ੱਕ ਰੇਲਵੇ ਦੀਆਂ ਸਮੂਹ ਟਰੇਡ ਯੂਨੀਅਨਾਂ ਅਤੇ ਫੈਡਰੇਸ਼ਨਾਂ ਵਲੋਂ ਇਸ ਤਾਨਾਸ਼ਾਹੀ ਫੈਸਲੇ ਦਾ ਪੂਰੇ ਦੇਸ਼ ਵਿਚ ਸਖਤ ਵਿਰੋਧ ਕੀਤਾ ਗਿਆ ਹੈ, ਪਰ ਕੇਂਦਰ ਸਰਕਾਰ ਵੱਲੋਂ ਇਸ ਵਿਰੋਧ ਨੂੰ ਬਹੁਮਤ ਦੇ ਜ਼ੋਰ ਨਾਲ ਦਰਕਿਨਾਰ ਕਰਕੇ ਰੇਲਵੇ ਦੇ ਨਿੱਜੀਕਰਨ ਅਤੇ ਨਿਗਮੀਕਰਨ ਦੀ ਪ੍ਰਕਿਰਿਆ ਨੂੰ ਪਿਛਲੇ ਸਾਲਾਂ ਵਿਚ ਹੋਰ ਤੇਜ਼ੀ ਨਾਲ ਲਾਗੂ ਕੀਤਾ ਗਿਆ ਹੈ।

ਇਸ ਵਕਤ ਭਾਰਤੀ ਰੇਲਵੇ ਵਿਚ ਲਗਭਗ 12 ਲੱਖ ਰੇਲ ਮੁਲਾਜ਼ਮ ਕੰਮ ਕਰ ਰਹੇ ਹਨ ਅਤੇ ਹਰ ਸਾਲ ਹਜ਼ਾਰਾਂ ਮੁਲਾਜ਼ਮ ਸੇਵਾ ਮੁਕਤ ਹੋ ਰਹੇ ਹਨ। ਰੇਲਵੇ ਵਿਚ ਖਾਲੀ ਪਈਆਂ 3.12 ਲੱਖ ਅਸਾਮੀਆਂ ਨੂੰ ਪਿਛਲੇ ਕਈ ਸਾਲਾਂ ਤੋਂ ਜਾਣ ਬੁੱਝ ਕੇ ਨਹੀਂ ਭਰਿਆ ਜਾ ਰਿਹਾ ਅਤੇ ਇਸ ਦੇ ਉਲਟ ਹਰ ਸਾਲ ਅਧਿਕਾਰੀਆਂ ਉਤੇ ਦਬਾਅ ਪਾ ਕੇ ਇਨ੍ਹਾਂ ਅਸਾਮੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ । ਇਸ ਵਕਤ ਖਾਲੀ ਅਸਾਮੀਆਂ ਦੀ ਗਿਣਤੀ 2,74580 ਹੈ। ਇਸੇ ਨੀਤੀ ਹੇਠ ਕੇਂਦਰ ਸਰਕਾਰ ਵੱਲੋਂ ਰੇਲਵੇ ਵਿਚ ਸਥਾਈ ਭਰਤੀ ਨਹੀਂ ਕੀਤੀ ਜਾ ਰਹੀ ਅਤੇ ਠੇਕੇਦਾਰੀ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ । ਇਸ ਦੇ ਨਤੀਜੇ ਵਜੋਂ ਮੌਜੂਦਾ ਮੁਲਾਜ਼ਮਾਂ ਉਤੇ ਕੰਮ ਦਾ ਬੋਝ ਜਿਆਦਾ ਵਧ ਰਿਹਾ ਹੈ ਅਤੇ ਖਾਸ ਕਰਕੇ ਡਰਾਈਵਰ, ਗਾਰਡ ਅਤੇ ਸੇਫਟੀ ਵਰਗ ਨਾਲ ਸੰਬੰਧਤ ਮੁਲਾਜ਼ਮਾਂ ਨੂੰ 12-12 ਘੰਟੇ ਡਿਊਟੀ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਜੋ ਹਾਦਸੇ ਹੋਣ ਦੀ ਵਜ੍ਹਾ ਬਣ ਸਕਦੇ ਹਨ।

ਜ਼ਾਹਿਰ ਹੈ ਕਿ ਰੇਲ ਹਾਦਸਿਆਂ ਦੇ ਵਾਪਰਨ ਦਾ ਇਕ ਸਭ ਤੋਂ ਵੱਡਾ ਕਾਰਨ ਇਹ ਵੀ ਹੈ ਕਿ ਰੇਲਵੇ ਲਾਈਨਾਂ, ਰੇਲ ਗੱਡੀਆਂ, ਰੇਲਵੇ ਸੰਚਾਰ, ਸਿਗਨਲ, ਬਿਜਲੀਕਰਨ ਅਤੇ ਬੁਨਿਆਦੀ ਢਾਂਚੇ ਆਦਿ ਦੇ ਸੰਚਾਲਨ, ਸੁਰੱਖਿਆ ਅਤੇ ਰੱਖ-ਰਖਾਅ ਨਾਲ ਸੰਬੰਧਤ ਆਧੁਨਿਕ ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਦੀ ਵੱਡੀ ਘਾਟ ਹੈ ਅਤੇ ਇਨ੍ਹਾਂ ਨਾਲ ਸੰਬੰਧਤ ਵੱਖ-ਵੱਖ ਵਿਭਾਗਾਂ ਵਿਚ ਲਗਭਗ 1,77924 ਅਸਾਮੀਆਂ ਖਾਲੀ ਪਈਆਂ ਹਨ, ਜਿਨ੍ਹਾਂ ਨੂੰ ਲੰਮੇ ਸਮੇਂ ਤੋਂ ਨਾ ਭਰਨ ਕਰਕੇ ਰੇਲ ਹਾਦਸੇ ਹੋਣ ਦੀ ਸੰਭਾਵਨਾ ਵਧ ਰਹੀ ਹੈ।

ਭਾਰਤੀ ਰੇਲਵੇ ਇਸ ਵਕਤ 13169 ਸਵਾਰੀ ਗੱਡੀਆਂ ਰੋਜ਼ਾਨਾ ਚਲਾ ਰਹੀ ਹੈ, ਜਿਸ ਰਾਹੀਂ 2.40 ਕਰੋੜ ਲੋਕ ਰੋਜ਼ਾਨਾ ਸਫਰ ਕਰਦੇ ਹਨ। ਭਾਜਪਾ ਦੇ ਸਿਆਸੀ ਏਜੰਡੇ ਹੇਠ ਭਾਰਤੀ ਰੇਲਵੇ ਵੱਲੋਂ ਵੱਖ-ਵੱਖ ਰੂਟਾਂ ਉਤੇ ਸੰਨ 2024 ਦੀਆਂ ਲੋਕ ਸਭਾ ਚੋਣਾਂ ਤੱਕ 200 ਵੰਦੇ ਭਾਰਤ ਤੇਜ਼ ਰਫਤਾਰ ਰੇਲ ਗੱਡੀਆਂ ਚਲਾਉਣ ਦਾ ਟੀਚਾ ਮਿੱਥਿਆ ਗਿਆ ਹੈ, ਪਰ ਉਸੇ ਸਮਰੱਥਾ ਅਨੁਸਾਰ ਰੇਲਵੇ ਲਾਈਨਾਂ, ਸੁਰੱਖਿਆ ਪ੍ਰਣਾਲੀ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਪਹਿਲਾਂ ਤੋਂ ਚੱਲ ਰਹੀਆਂ ਰੇਲ ਗੱਡੀਆਂ ਤੇ ਯਾਤਰੀਆਂ ਦੀ ਸੁਰੱਖਿਆ ਅਤੇ ਰੇਲ ਗੱਡੀਆਂ ਦੇ ਸਮੇਂ ਸਿਰ ਪਹੁੰਚਣ ਵੱਲ ਕੋਈ ਧਿਆਨ ਦਿੱਤਾ ਜਾ ਰਿਹਾ। ਇਹ ਸਭ 2024 ਦੀਆਂ ਚੋਣਾਂ ਵਿੱਚ ਵੋਟਰਾਂ ਨੂੰ ਲੁਭਾਉਣ ਲਈ ਕੀਤਾ ਜਾ ਰਿਹਾ ਹੈ।

ਇਸ ਸੰਬੰਧੀ ਰੇਲਵੇ ਯੂਨੀਅਨਾਂ ਦੇ ਆਗੂਆਂ ਦਾ ਕਹਿਣਾ ਹੈ ਕਿ ਰੇਲ ਮੰਤਰਾਲੇ ਵੱਲੋਂ ਹਰ ਸਾਲ ਰੇਲ ਗੱਡੀਆਂ ਦੀ ਰਫਤਾਰ ਅਤੇ ਗਿਣਤੀ ਤਾਂ ਵਧਾਈ ਜਾ ਰਹੀ ਹੈ, ਪਰ ਇਨ੍ਹਾਂ ਦੇ ਰੱਖ-ਰਖਾਅ, ਸੁਰੱਖਿਆ ਅਤੇ ਖਾਸ ਕਰ ਯਾਤਰੂਆਂ ਦੀ ਸੁਰੱਖਿਆ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੇ ਆਧੁਨਿਕ ਵਿਕਾਸ ਅਤੇ ਸੇਫਟੀ ਵਿਭਾਗ ਵਿਚ ਖਾਲੀ ਪਈਆਂ ਲੱਖਾਂ ਅਸਾਮੀਆਂ ਨੂੰ ਭਰਨ ਤੋਂ ਬਿਲਕੁਲ ਟਾਲਾ ਵੱਟਿਆ ਜਾ ਰਿਹਾ ਹੈ। ਪਿਛਲੇ ਸਾਲ ਰੇਲ ਮੰਤਰੀ ਵੱਲੋਂ ਸਿਕੰਦਰਾਬਾਦ ਵਿਖੇ ਖੁਦ ਇੰਜਣ ਵਿਚ ਬੈਠ ਕੇ 'ਕਵਚ' ਨਾਂਅ ਦੇ ਸਿਸਟਮ ਲਾਗੂ ਕਰਨ ਦਾ ਜ਼ੋਰਾਂ 'ਤੇ ਪ੍ਰਚਾਰ ਕੀਤਾ ਗਿਆ ਸੀ ਪਰ ਇਹ ਸਿਸਟਮ ਕੁੱਲ 68000 ਕਿਲੋਮੀਟਰ ਰੇਲ ਟਰੈਕ ਵਿੱਚੋਂ ਸਿਰਫ 2.13 ਫੀਸਦੀ ਹਿੱਸੇ ਵਿਚ ਹੀ ਲਾਗੂ ਕੀਤਾ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਪਿਛਲੇ 9 ਸਾਲਾਂ ਤੋਂ ਭਾਜਪਾ-ਸੰਘ ਦੀ ਸਰਕਾਰ ਦਾ ਸਾਰਾ ਧਿਆਨ ਜਨਤਕ ਸਰਮਾਇਆ ਅਤੇ ਊਰਜਾ, ਘੱਟ ਗਿਣਤੀ ਮੁਸਲਮਾਨਾਂ, ਈਸਾਈਆਂ, ਦਲਿਤਾਂ, ਆਦਿਵਾਸੀਆਂ ਨੂੰ ਸਬਕ ਸਿਖਾਉਣ, ਫਿਰਕੂ ਦੰਗੇ ਕਰਵਾਉਣ, ਈ ਡੀ ਦੇ ਛਾਪਿਆਂ ਰਾਹੀਂ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਡਰਾਉਣ ਤੇ ਖਰੀਦਣ ਅਤੇ ਕਾਰਪੋਰੇਟ ਘਰਾਣਿਆਂ ਦਾ ਮੁਨਾਫਾ ਵਧਾਉਣ ਅਤੇ ਉਨ੍ਹਾਂ ਤੋਂ ਚੋਣ ਫੰਡ ਉਗਰਾਹੁਣ ਵੱਲ ਲੱਗਾ ਹੋਇਆ ਹੈ, ਤਾਂ ਕਿ ਭਾਜਪਾ - ਸੰਘ ਦੀਆਂ ਸਰਕਾਰਾਂ ਲੰਮੇ ਸਮੇਂ ਤੱਕ ਸੱਤਾ ਉਤੇ ਕਾਬਜ਼ ਰਹਿ ਸਕਣ।

ਕੇਂਦਰ ਸਰਕਾਰ ਨੂੰ ਇਹ ਤੱਥ ਸਮਝਣ ਦੀ ਲੋੜ ਹੈ ਕਿ ਮੁਨਾਫੇ ਵਿਚ ਜਾ ਰਹੀ ਭਾਰਤੀ ਰੇਲਵੇ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਵਾਂਗ ਹੈ ਅਤੇ ਦੇਸ਼ ਦੇ ਕਰੋੜਾਂ ਆਮ ਲੋਕਾਂ ਲਈ ਸਭ ਤੋਂ ਸਸਤਾ, ਸੁਰੱਖਿਅਤ ਅਤੇ ਆਰਾਮਦਾਇਕ ਆਵਾਜਾਈ ਦਾ ਸਾਧਨ ਹੈ। ਇਸ ਦੇ ਇਲਾਵਾ ਨੌਕਰੀਆਂ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਵੀ ਇਹ ਦੇਸ਼ ਦਾ ਸਭ ਤੋਂ ਵੱਡਾ ਸਰਕਾਰੀ ਅਦਾਰਾ ਹੈ। ਇਸ ਲਈ ਇਸ ਦਾ ਨਿੱਜੀਕਰਨ ਕਰਨਾ ਸਰਾਸਰ ਜਨਤਾ ਵਿਰੋਧੀ ਹੀ ਨਹੀਂ, ਬਲਕਿ ਦੇਸ ਵਿਰੋਧੀ ਵੀ ਹੈ। ਅਜਿਹੇ ਲੋਕ-ਮਾਰੂ ਫੈਸਲਿਆਂ ਨਾਲ ਦੇਸ਼ ਵਿਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ ਅਤੇ ਜਨਤਾ ਦੀ ਲੁੱਟ-ਖਸੁੱਟ ਹੋਰ ਵਧੇਗੀ।

ਇਸ ਲਈ ਜੇਕਰ ਰੇਲਵੇ ਦਾ ਨਿੱਜੀਕਰਨ ਕੀਤਾ ਗਿਆ ਤਾਂ ਕਾਰਪੋਰੇਟ ਅਦਾਰਿਆਂ ਵੱਲੋਂ ਸਭ ਤੋਂ ਪਹਿਲਾਂ ਵੱਡੇ ਪੱਧਰ 'ਤੇ ਰੇਲ ਮੁਲਾਜ਼ਮਾਂ ਦੀ ਛਾਂਟੀ ਕੀਤੀ ਜਾਵੇਗੀ। ਰੇਲਵੇ ਵਿਚ ਖਾਲੀ ਪਈਆਂ ਲੱਖਾਂ ਅਸਾਮੀਆਂ ਨੂੰ ਖਤਮ ਕਰਨ ਦੇ ਇਲਾਵਾ ਸਥਾਈ ਭਰਤੀ ਉਤੇ ਪੱਕੀ ਪਾਬੰਦੀ ਵੀ ਲਾਈ ਜਾਵੇਗੀ। ਰੇਲ ਗੱਡੀਆਂ, ਰੇਲਵੇ ਸਟੇਸ਼ਨ ਅਤੇ ਰੇਲਵੇ ਦੇ ਬੁਨਿਆਦੀ ਢਾਂਚੇ ਉਤੇ ਨਿੱਜੀ ਕਾਰਪੋਰੇਟ ਅਦਾਰਿਆਂ ਦਾ ਕੰਟਰੋਲ ਹੋਣ ਕਰਕੇ ਯਾਤਰੂ ਅਤੇ ਮਾਲ ਗੱਡੀਆਂ ਦੇ ਕਿਰਾਏ ਭਾੜੇ ਵਿਚ ਜਿੱਥੇ ਭਾਰੀ ਵਾਧਾ ਹੋਵੇਗਾ, ਉੱਥੇ ਯਾਤਰੀਆਂ ਦੀ ਜਾਨ-ਮਾਲ ਦੀ ਸੁਰੱਖਿਆ ਅਤੇ ਕਿਰਾਏ ਭਾੜੇ ਵਧਣ ਪ੍ਰਤੀ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਅਤੇ ਜਵਾਬਦੇਹੀ ਵੀ ਘਟੇਗੀ, ਜਿਸ ਦੇ ਨਤੀਜੇ ਵਜੋਂ ਰੇਲ ਹਾਦਸਿਆਂ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਵਧਣ ਦੀ ਸੰਭਾਵਨਾ ਵਧੇਗੀ।

ਇਸ ਤੋਂ ਇਲਾਵਾ ਰੇਲ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਕਰਦੇ ਕਿਰਤ ਕਾਨੂੰਨਾਂ ਵਿਚ ਬਦਲਾਅ ਕਰਕੇ ਕਾਰਪੋਰੇਟ ਪੱਖੀ ਕਾਨੂੰਨ ਲਾਗੂ ਕੀਤੇ ਜਾਣਗੇ। ਰੇਲ ਮੁਲਾਜ਼ਮਾਂ ਨੂੰ ਮਿਲਦੇ ਮਹਿੰਗਾਈ ਭੱਤੇ, ਬੋਨਸ, ਮੈਡੀਕਲ ਅਤੇ ਰੇਲਵੇ ਪਾਸ, ਹੋਰਨਾਂ ਭੱਤਿਆਂ ਅਤੇ ਪੈਨਸ਼ਨ ਆਦਿ ਸਹੂਲਤਾਂ ਨੂੰ ਵੀ ਸੀਮਤ ਕੀਤਾ ਜਾ ਸਕਦਾ ਹੈ। ਭਾਜਪਾ- ਸੰਘ ਦੀ ਕੇਂਦਰ ਸਰਕਾਰ ਨੂੰ ਇਸ ਤੱਥ ਦਾ ਇਲਮ ਹੋਣਾ ਚਾਹੀਦਾ ਹੈ ਕਿ ਜਿਨ੍ਹਾਂ ਦੇਸ਼ਾਂ ਵਿਚ ਕੁਝ ਦਹਾਕੇ ਪਹਿਲਾਂ ਰੇਲਵੇ ਦਾ ਨਿੱਜੀਕਰਨ ਕੀਤਾ ਗਿਆ ਸੀ, ਉਨ੍ਹਾਂ ਦੇਸ਼ਾਂ ਵਿਚ ਬਹੁ-ਕੌਮੀ ਕੰਪਨੀਆਂ ਦੇ ਫੇਲ੍ਹ ਹੋਣ ਅਤੇ ਰੇਲਵੇ ਯੂਨੀਅਨਾਂ ਅਤੇ ਜਨਤਾ ਦੇ ਤਿੱਖੇ ਵਿਰੋਧ ਕਾਰਨ ਸਰਕਾਰਾਂ ਨੂੰ ਕੁਝ ਸਮੇਂ ਬਾਅਦ ਰੇਲਵੇ ਨੂੰ ਦੋਬਾਰਾ ਸਰਕਾਰੀ ਕੰਟਰੋਲ ਹੇਠ ਲਿਆਉਣ ਲਈ ਮਜਬੂਰ ਹੋਣਾ ਪਿਆ ਹੈ।

ਇਸ ਲਈ ਜੇਕਰ ਕੇਂਦਰ ਸਰਕਾਰ ਸਿਰਫ ਪੂੰਜੀ ਨਿਵੇਸ਼ ਜੁਟਾਉਣ ਲਈ ਹੀ ਜਨਤਕ ਅਦਾਰਿਆਂ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਕੋਲ ਵੇਚਣਾ ਚਾਹੁੰਦੀ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਦੇਸ਼-ਵਿਦੇਸ਼ ਦੇ ਕਾਰਪੋਰੇਟ ਅਦਾਰਿਆਂ ਨੂੰ 11 ਲੱਖ ਕਰੋੜ ਸਾਲਾਨਾ ਦਿੱਤੀਆਂ ਜਾ ਰਹੀਆਂ ਟੈਕਸ ਛੋਟਾਂ ਅਤੇ ਰਿਆਇਤਾਂ ਨੂੰ ਫੌਰੀ ਖਤਮ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਵੱਡੇ ਪੂੰਜੀਪਤੀ ਅਦਾਰਿਆਂ ਵੱਲ ਅਰਬਾਂ ਰੁਪਏ ਦੇ ਡੁੱਬੇ ਕਰਜ਼ਿਆਂ ਦੀ ਸਖਤੀ ਨਾਲ ਵਸੂਲੀ ਕਰਨ ਦੇ ਨਾਲ-ਨਾਲ ਵਿਦੇਸ਼ੀ ਬੈਂਕਾਂ ਅਤੇ ਦੇਸ਼ ਵਿਚ ਅਰਬਾਂ ਰੁਪਏ ਦੇ ਕਾਲੇ ਧਨ ਨੂੰ ਕਢਵਾ ਕੇ ਭਾਰਤੀ ਰੇਲਵੇ ਦੇ ਸਰਬਪੱਖੀ ਵਿਕਾਸ ਲਈ ਖਰਚ ਕਰਨ ਦੀ ਰਾਜਸੀ ਇੱਛਾ ਸ਼ਕਤੀ ਵਿਖਾਉਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਰੇਲਵੇ ਵਿਚ ਨਿੱਜੀ ਭਾਈਵਾਲੀ ਅਤੇ ਠੇਕੇਦਾਰੀ ਸਿਸਟਮ ਰੱਦ ਕਰਕੇ ਰੇਲ ਉਤਪਾਦਨ ਯੂਨਿਟਾਂ ਅਤੇ ਰੇਲ ਕਾਰਖਾਨਿਆਂ ਨੂੰ ਵਰਕਲੋਡ ਦਿੱਤਾ ਜਾਣਾ ਚਾਹੀਦਾ ਹੈ ਅਤੇ ਤਿੰਨ ਲੱਖ ਖਾਲੀ ਅਸਾਮੀਆਂ ਭਰਨ ਦੇ ਇਲਾਵਾ ਰੇਲਵੇ ਦੇ ਬੁਨਿਆਦੀ ਸੁਰੱਖਿਆ ਢਾਂਚੇ ਅਤੇ ਯਾਤਰੂਆਂ ਦੇ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ, ਤਾਂ ਕਿ ਰੇਲ ਹਾਦਸਿਆਂ ਨੂੰ ਰੋਕਿਆ ਜਾ ਸਕੇ। ਇਸ ਲਈ ਰੇਲਵੇ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਆਧੁਨਿਕ ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

ਇਸ ਸੰਬੰਧੀ ਰੇਲਵੇ ਦੀਆਂ ਸਮੂਹ ਫੈਡਰੇਸ਼ਨਾਂ ਅਤੇ ਦੇਸ਼ ਦੀਆਂ ਸਮੂਹ ਲੋਕ-ਪੱਖੀ ਟਰੇਡ ਯੂਨੀਅਨਾਂ ਤੇ ਜਮਹੂਰੀ ਜਨਤਕ ਜਥੇਬੰਦੀਆਂ ਨੂੰ ਇਤਿਹਾਸਕ ਕਿਸਾਨ ਅੰਦੋਲਣ ਵਾਂਗ ਇਕ ਸਾਂਝੇ ਮੰਚ ਹੇਠ ਲਾਮਬੰਦ ਹੋ ਕੇ ਰੇਲਵੇ ਸਮੇਤ ਦੂਜੇ ਜਨਤਕ ਅਦਾਰਿਆਂ ਦੇ ਕੀਤੇ ਜਾ ਰਹੇ ਨਿੱਜੀਕਰਨ ਦੇ ਵਿਰੁੱਧ ਦੇਸ਼ ਵਿਆਪੀ ਫੈਸਲਾਕੁੰਨ ਸੰਘਰਸ਼ ਕਰਨ ਦੀ ਲੋੜ ਹੈ। ਇਸ ਲਈ ਦੇਸ਼ ਦੇ ਕੋਨੇ-ਕੋਨੇ ਵਿਚ 'ਰੇਲ ਬਚਾਓ- ਦੇਸ ਬਚਾਓ' ਅੰਦੋਲਨ ਸ਼ੁਰੂ ਕਰਨਾ ਹੋਵੇਗਾ ਅਤੇ ਹਰ ਵਰਗ ਦੇ ਲੋਕਾਂ ਨੂੰ ਆਪਣੇ ਜਾਨ-ਮਾਲ ਦੀ ਸੁਰੱਖਿਆ ਸਮੇਤ ਬਾਕੀ ਜਮਹੂਰੀ ਹੱਕਾਂ ਦੀ ਰਾਖੀ ਲਈ ਸੜਕਾਂ ਉਤੇ ਨਿਕਲਣਾ ਹੋਵੇਗਾ।

*# ਸੰਪਰਕ : 76960-30173*

# ਚਾਂਦਪੁਰਾ ਬੰਨ੍ਹ: ਭਾਈਚਾਰਕ ਸਾਂਝ ਅਤੇ ਸੋਸ਼ਲ ਮੀਡੀਆ ਦੀ ਸਕਾਰਾਤਮਕ ਪਹਿਲ



ਡਾ. ਸਰਬਜੀਤ ਸਿੰਘ

ਹਰੇਕ ਸਾਲ ਕੁਦਰਤੀ ਆਫਤਾਂ ਆ ਹੀ ਰਹੀਆਂ ਹਨ ਅਤੇ ਸਰਕਾਰ ਅਗਾਂਹੂ ਸਰਕੂਲਰ ਜਾਰੀ ਕਰਕੇ ਇਹ ਕਹਿ ਵੀ ਰਹੀ ਹੈ ਕਿ ਕੁਦਰਤੀ ਆਫਤ ਆ ਰਹੀ ਹੈ? ਕੀ ਸਿਰਫ ਸਰਕੂਲਰ ਜਾਰੀ ਕਰਨ ਨਾਲ ਹੀ ਜ਼ਿੰਮੇਵਾਰੀ ਖਤਮ ਹੋ ਗਈ? ਹੋਰ ਪ੍ਰਬੰਧ ਨਹੀਂ ਕਰਨੇ ਹੁੰਦੇ? ਮਾਲਵਾ ਖੇਤਰ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਅੱਜ ਵੀ ਨਹਿਰਾਂ ਸੁੱਕੀਆਂ ਪਈਆਂ ਹਨ ਅਤੇ ਹੜ੍ਹ ਦਾ ਪਾਣੀ ਉਨ੍ਹਾਂ ਨਹਿਰਾਂ ਵਿੱਚ ਨਹੀਂ ਪਹੁੰਚ ਸਕਿਆ, ਜਿੱਥੇ ਪੰਜਾਬ ਦਾ ਅੱਧਾ ਖੇਤਰ ਹੜ੍ਹ ਨਾਲ ਡੁੱਬ ਰਿਹਾ ਹੈ, ਉਥੇ ਦੂਜੇ ਪਾਸੇ ਪੰਜਾਬ ਦਾ ਬਹੁਤ ਵੱਡਾ ਖੇਤਰ ਪੀਣ ਯੋਗ ਪਾਣੀ ਨੂੰ ਤਰਸ ਰਿਹਾ ਹੈ। ਕੀ ਇਹ ਹੈ ਸਰਕਾਰ ਦਾ ਪ੍ਰਬੰਧ? ਸਾਨੂੰ ਇਸ ਵਿਸ਼ੇ 'ਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਪੰਜਾਬ ਉਹ ਥਾਂ ਹੈ, ਜਿੱਥੇ ਹਮੇਸ਼ਾ ਹੀ ਚੁਣੌਤੀਆਂ ਆਉਂਦੀਆਂ ਰਹੀਆਂ ਤੇ ਲੋਕ ਭਾਈਚਾਰਕ ਸਾਂਝ ਨਾਲ ਸਮੱਸਿਆਵਾਂ ਦਾ ਹੱਲ ਕਰਦੇ ਰਹੇ। 1993 ਵਿਚ ਵੀ ਹੜ੍ਹ ਕਾਰਨ ਬਹੁਤ ਗੰਭੀਰ ਸਥਿਤੀ ਬਣੀ ਸੀ, ਜਿਸ ਵਿਚ ਲੋਕਾਂ ਦਾ ਬਹੁਤ ਸਾਰਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ।

ਤਾਜ਼ਾ ਸਥਿਤੀ ਵਿੱਚ ਹੜ੍ਹਾਂ ਨੇ ਪੰਜਾਬ ਦੇ ਕਾਫੀ ਖੇਤਰ ਪ੍ਰਭਾਵਤ ਕੀਤੇ। ਇਹਨਾਂ ਖੇਤਰਾਂ ਵਿੱਚ ਪੰਜਾਬ ਦੇ ਮਾਲਵਾ ਦੇ ਮਾਨਸਾ ਜ਼ਿਲ੍ਹੇ ਦੇ ਚਾਂਦਪੁਰਾ ਦਾ ਜ਼ਿਕਰ ਆਉਂਦਾ ਹੈ, ਜੋ ਪੰਜਾਬ ਅਤੇ ਹਰਿਆਣਾ ਦੀ ਹੱਦ 'ਤੇ ਘੱਗਰ ਦਰਿਆ ਉੱਪਰ ਸਥਿਤ ਹੈ। ਇਸ ਵਾਰ ਜਦੋਂ ਬਾਰਿਸ਼ਾਂ ਜ਼ਿਆਦਾ ਹੋਈਆਂ ਤਾਂ ਘੱਗਰ ਵਿੱਚ ਬਹੁਤ ਜ਼ਿਆਦਾ ਪਾਣੀ ਆਇਆ, ਜੋ ਕੇ ਆਪਣੀ ਸੀਮਾ ਨਾਲੋਂ ਲਗਾਤਾਰ ਜ਼ਿਆਦਾ ਹੋਣ ਕਰਕੇ ਪੰਜਾਬ ਦੇ ਕਈ ਹਿੱਸਿਆਂ ਵਿੱਚ ਟੁੱਟਿਆ ਅਤੇ ਬਹੁਤ ਸਾਰਾ ਨੁਕਸਾਨ ਕੀਤਾ। ਚਾਂਦਪੁਰਾ ਦਾ ਜ਼ਿਕਰ ਇਸ ਕਰਕੇ ਕਰਨਾ ਬਣਦਾ ਹੈ, ਇਹ ਉਹ ਖੇਤਰ ਹੈ, ਜੋ ਪੰਜਾਬ ਅਤੇ ਹਰਿਆਣਾ ਦੀ ਹੱਦ 'ਤੇ ਹੈ, ਪਰ ਇਸ ਖੇਤਰ ਉੱਤੇ ਹਰਿਆਣਾ ਸਰਕਾਰ ਦਾ ਪ੍ਰਬੰਧ ਪ੍ਰਭਾਵਸ਼ੀਲ ਹੈ, ਜਦੋਂ ਹੜ੍ਹ ਦਾ ਪਾਣੀ ਵਧ ਰਿਹਾ ਸੀ ਤਾਂ ਲੋਕਾਂ ਨੇ ਆਪਣੇ ਪੱਧਰ 'ਤੇ ਇਸ ਬੰਨ੍ਹ ਨੂੰ ਟੁੱਟਣ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਪਾਣੀ ਜ਼ਿਆਦਾ ਹੋਣ ਕਰਕੇ ਇਹ ਬੰਨ੍ਹ ਪੰਜਾਬ ਵਾਲੇ ਪਾਸਿਓਂ ਟੁੱਟ ਗਿਆ ਅਤੇ ਬਹੁਤ ਵੱਡੇ ਖੇਤਰ ਵਿਚ ਨੁਕਸਾਨ ਕਰ ਗਿਆ। ਹੁਣ ਸਮੱਸਿਆ ਇਹ ਸੀ ਕਿ ਇਸ ਖੇਤਰ ਦੀ ਮੁੜ ਸੁਰਜੀਤੀ ਕਿਵੇਂ ਹੋਵੇ? ਸਰਕਾਰਾਂ ਆਪਣੇ ਹਿਸਾਬ ਅਤੇ ਤੰਤਰ ਨਾਲ ਕੰਮ ਕਰਦੀਆਂ ਹਨ, ਪਰ ਸਮਾਂ ਲੰਘਦਾ ਜਾ ਰਿਹਾ ਸੀ। ਬਹੁਤ ਸਾਰੀ ਜ਼ਮੀਨ ਵਾਹੀਯੋਗ ਨਹੀਂ ਰਹੀ। ਸੋ ਉਥੋਂ ਦੇ ਲੋਕ ਇਹ ਉਮੀਦ ਕਰਦੇ ਸਨ ਕਿ ਜਲਦੀ ਤੋਂ ਜਲਦੀ ਸਰਕਾਰੀ ਰੂਪ ਵਿੱਚ ਮਦਦ ਕੀਤੀ ਜਾਵੇ, ਤਾਂ ਜੋ ਉਹ ਆਪਣੀ ਅਗਲੀ ਫਸਲ ਬੀਜ ਸਕਣ। ਅਜਿਹੇ ਸਥਿਤੀ ਵਿੱਚ ਸਰਕਾਰੀ ਮਦਦ ਕਈ ਕਨੂੰਨੀ ਦਾ ਪੇਚਾਂ ਵਿੱਚ ਫਸੀ ਹੋਣ ਕਰਕੇ ਪ੍ਰਭਾਵਤ ਬਹੁਤੇ ਖੇਤਰਾਂ ਵਿਚ ਨਹੀਂ ਪਹੁੰਚ ਸਕੀ ਅਤੇ ਜ਼ਮੀਨਾਂ ਪੱਧਰ ਕਰਨ ਦਾ ਕੰਮ ਮਾਲਕ ਨੂੰ ਖੁਦ ਹੀ ਕਰਨਾ ਪੈ ਰਿਹਾ ਸੀ। ਅਜਿਹੀ ਸਥਿਤੀ ਵਿੱਚ ਲੋਕਾਂ ਲਈ ਚਾਨਣ ਮੁਨਾਰਾ ਬਣ ਕੇ ਪਹੁੰਚੇ ਉਹ ਸੋਸ਼ਲ ਮੀਡੀਆ ਕਾਰਕੁੰਨ ਸੁਖਜਿੰਦਰ ਲੋਪੋਂ ਅਤੇ ਉਸ ਦੀ ਪੂਰੀ ਟੀਮ, ਜਿਨ੍ਹਾਂ ਦੀ ਭਾਵੁਕ ਅਪੀਲ ਸਦਕਾ ਪੰਜਾਬ ਦੇ ਵੱਖ-ਵੱਖ ਖੇਤਰਾਂ ਤੋਂ ਲੋਕ ਟਰੈਕਟਰ ਅਤੇ ਹੋਰ ਮਸ਼ੀਨਰੀ ਲੈ ਕੇ ਪਹੁੰਚ ਗਏ। ਸੋਸ਼ਲ ਮੀਡੀਆ ਦਾ ਮੰਚ ਪੂਰੇ ਵਿਸ਼ਵ ਵਿੱਚ ਫੈਲਿਆ ਹੋਇਆ ਹੈ। ਇਸ ਮੰਚ ਤੋਂ ਜਦੋਂ ਭਾਵੁਕ ਅਪੀਲ ਕੀਤੀ ਗਈ ਤਾਂ ਪੰਜਾਬ ਅਤੇ ਹਰਿਆਣਾ ਦੇ ਇਸ ਖਿੱਤੇ 'ਤੇ ਵਸਿਆ ਭਾਈਚਾਰਾ ਆਪ-ਮੁਹਾਰੇ ਆਪਣੀ ਮਸ਼ੀਨਰੀ ਲੈ ਕੇ ਉਥੇ ਪਹੁੰਚਿਆ। ਇਹ ਅਪੀਲ ਏਨੀ ਪ੍ਰਭਾਵਸ਼ਾਲੀ ਸੀ ਕਿ ਵਿਦੇਸ਼ਾਂ ਵਿੱਚ ਬੈਠੇ ਲੋਕ ਵੀ ਮਦਦ ਕਰਨ ਤੋਂ ਪਿੱਛੇ ਨਹੀਂ ਹਟੇ। ਸੋ ਇੱਕ ਵਾਰੀ ਫਿਰ ਸੋਸ਼ਲ ਮੀਡੀਆ ਨੇ ਆਪਣੀ ਤਾਕਤ ਦਿਖਾਈ ਅਤੇ ਇੱਕ ਐਡਾ ਵੱਡਾ ਕਾਰਜ, ਜਿਸ ਨੂੰ ਲੋਕਾਂ ਦੀ ਤਾਕਤ ਨੇ ਕੁਝ ਦਿਨਾਂ ਵਿੱਚ ਹੀ ਨੇਪਰੇ ਚਾੜ੍ਹ ਦਿੱਤਾ ਅਤੇ ਜ਼ਮੀਨ ਨੂੰ ਵਾਹੀ ਯੋਗ ਬਣਾ ਕੇ ਮਾਲਕਾਂ ਦੇ ਹਵਾਲੇ ਕਰ ਦਿੱਤਾ। ਪੰਜਾਬੀ ਉਹ ਲੋਕ ਹਨ, ਜੋ ਕਿਸੇ ਵੀ ਚੁਣੌਤੀ ਨੂੰ ਪਰਮਾਤਮਾ ਦਾ ਭਾਣਾ ਮੰਨ ਕੇ ਸਿਰੜ ਨਾਲ ਉਸ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੇ ਹਨ। ਜਦੋਂ ਦੇਸ਼ ਦੇ ਸਾਰੇ ਕਿਸਾਨਾਂ ਉਪਰ ਚੁਣੌਤੀ ਕੇਂਦਰ ਸਰਕਾਰ ਨੇ ਕਾਨੂੰਨ ਬਣਾ ਕੇ ਖੜੀ ਕੀਤੀ ਤਾਂ ਪੰਜਾਬ ਅਤੇ ਹਰਿਆਣਾ ਦੇ ਭਾਈਚਾਰੇ ਨੇ ਅਜਿਹੀ ਕ੍ਰਾਂਤੀ ਖੜੀ ਕੀਤੀ, ਜਿਸ ਵਿੱਚ ਪੂਰੇ ਦੇਸ਼ ਦੇ ਕਿਸਾਨਾਂ ਦਾ ਭਾਈਚਾਰਾ ਸ਼ਾਮਲ ਹੋਇਆ। ਇਹ ਪੂਰੇ ਦੇਸ਼ ਦੇ ਕਿਸਾਨ-ਮਜ਼ਦੂਰ ਭਾਈਚਾਰੇ ਦੀ ਹੀ ਜਿੱਤ ਸੀ ਕਿ ਕੇਂਦਰ ਵਿਚਲੀ ਸਰਕਾਰ ਨੂੰ ਉਹ ਕਾਨੂੰਨ ਵਾਪਸ ਲੈਣੇ ਪਏ, ਇਸ ਤਰ੍ਹਾਂ ਜਦੋਂ ਵੀ ਕਦੇ ਦੇਸ਼ ਵਿੱਚ ਕੋਈ ਸਮੱਸਿਆ ਆਉਂਦੀ ਹੈ ਤਾਂ ਇਹ ਪੰਜਾਬੀ ਭਾਈਚਾਰਾ ਵਧਚੜ੍ਹ ਕੇ ਦਾਨ ਕਰਦਾ ਹੈ ਅਤੇ ਲੋਕਾਂ ਨਾਲ ਹਿੱਕ ਜੋੜ ਕੇ ਖੜਦਾ ਹੈ। ਹੜ੍ਹਾਂ ਦੀ ਸਥਿਤੀ ਨੇ ਇਕ ਵਾਰੀ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਿਰਾਇਆ ਕਿ ਹੁਣ ਸਾਰਿਆਂ ਨੂੰ ਰਲ-ਮਿਲ ਕੇ ਇੱਕ-ਦੂਜੇ ਨਾਲ ਖੜਨ ਦੀ ਜ਼ਰੂਰਤ ਹੈ। ਇਸ ਸਥਿਤੀ ਵਿੱਚ ਸੋਸ਼ਲ ਮੀਡੀਆ ਨੇ ਜੋ ਸਕਾਰਾਤਮਕ ਭੂਮਿਕਾ ਨਿਭਾਈ ਹੈ, ਉਹ ਪੂਰੇ ਵਿਸ਼ਵ ਲਈ ਉਦਾਹਰਨ ਬਣੀ ਹੈ। ਇਤਿਹਾਸ ਗਵਾਹ ਹੈ ਜਦੋਂ ਵੀ ਕਦੇ ਦੇਸ਼ ਨੂੰ ਜ਼ਰੂਰਤ ਪਈ ਤਾਂ ਇਸ ਖਿੱਤੇ ਦੇ ਲੋਕਾਂ ਨੇ ਆਪਣੀ ਹਿੱਕ ਡਾਹੀ ਅਤੇ ਦੇਸ਼ ਦੀ ਆਨ-ਬਾਨ ਅਤੇ ਸ਼ਾਨ ਲਈ ਕੁਰਬਾਨੀ ਦਿੱਤੀ। ਪੰਜਾਬ ਅਤੇ ਹਰਿਆਣਾ ਦੇ ਇਸ ਖੇਤਰ ਵਿੱਚ ਰਹਿੰਦੇ ਲੋਕ ਹਮੇਸ਼ਾ ਹੀ ਭਾਈਚਾਰਕ ਸਾਂਝ ਨਾਲ ਰਹਿੰਦੇ ਹਨ। ਜਦੋਂ ਵੀ ਇਹਨਾਂ ਲੋਕਾਂ ਉਪਰ ਕੋਈ ਪਰੇਸ਼ਾਨੀ ਆਉਂਦੀ ਹੈ ਤਾਂ ਇਹ ਰਲ ਕੇ ਉਸ ਦਾ ਮੁਕਾਬਲਾ ਕਰਦੇ ਹਨ। ਸੋ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਅਜਿਹੇ ਕਾਰਜ ਕਰਨ, ਜਿਨ੍ਹਾਂ ਨਾਲ ਭਾਈਚਾਰਕ ਸਾਂਝ ਬਣੀ ਰਹੇ ਅਤੇ ਦੇਸ਼ ਦਾ ਵਿਕਾਸ ਹੁੰਦਾ ਰਹੇ। ਹੜ੍ਹਾਂ ਦਾ ਸਰਕਾਰਾਂ ਨੂੰ ਪੱਕਾ ਹੱਲ ਲੱਭਣਾ ਚਾਹੀਦਾ ਹੈ। ਸੰਬੰਧਤ ਵਿਭਾਗਾਂ ਦੀ ਜ਼ਿੰਮੇਵਾਰੀ ਤੈਅ ਕਰਨੀ ਚਾਹੀਦੀ ਹੈ, ਤਾਂ ਜੋ ਆਮ ਲੋਕਾਂ ਨੂੰ ਇਹ ਪ੍ਰਤੀਤ ਹੋਵੇ ਕਿ ਸਾਡੀਆਂ ਸਰਕਾਰਾਂ ਸਾਡੀ ਜਾਨ ਅਤੇ ਮਾਲ ਦੀ ਰਾਖੀ ਕਰਨ ਲਈ ਵਚਨਬੱਧ ਹਨ। ਪਿਛਲੇ ਕੁਝ ਮਹੀਨਿਆਂ ਤੋਂ ਸੂਬੇ ਅੰਦਰ ਵਾਪਰੀਆਂ ਘਟਨਾਵਾਂ ਨੇ ਲੋਕਾਂ ਨੂੰ ਵਿਚਲਿਤ ਕੀਤਾ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਲੋਕਾਂ ਨੂੰ ਯਕੀਨ ਦਿਵਾਉਣ ਕਿ ਉਹ ਸੁਰੱਖਿਅਤ ਹਨ। ਸਿਰਫ ਦੌਰੇ ਕਰਨਾ ਹੱਲ ਨਹੀਂ? ਸਾਨੂੰ ਸਭ ਤੋਂ ਪਹਿਲਾਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੀਦਾ ਹੈ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸੂਬੇ ਦਾ ਹੋਰ ਜਾਨੀ ਅਤੇ ਮਾਲੀ ਨੁਕਸਾਨ ਨਾ ਹੋਵੇ। ਇਹ ਤਾਂ ਹੀ ਸੰਭਵ ਹੈ ਜੇਕਰ ਸਰਕਾਰ ਇੱਕ ਚੰਗੀ ਇੱਛਾ-ਸ਼ਕਤੀ ਨਾਲ ਕੰਮ ਕਰੇ ਅਤੇ ਸਭ ਤੋਂ ਵੱਧ ਪਹਿਲ ਲੋਕ ਮੁੱਦਿਆਂ ਨੂੰ ਦੇਵੇ।

ਮੀਡੀਆ ਦੀ ਸਭ ਤੋਂ ਵੱਡੀ ਸਮਾਜਿਕ ਜ਼ਿੰਮੇਵਾਰੀ ਇਹ ਹੁੰਦੀ ਹੈ ਕਿ ਸਰਕਾਰ ਅਤੇ ਲੋਕਾਂ ਵਿਚਲੀ ਦੂਰੀ ਨੂੰ ਖਤਮ ਕਰੇ ਅਤੇ ਲੋਕਾਂ ਦੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਲਈ ਮੀਡੀਆ ਜ਼ਰੀਆ ਬਣੇ। ਸਰਕਾਰ ਸਾਰੇ ਲੋਕਾਂ ਦੀ ਭਲਾਈ ਲਈ ਕੰਮ ਕਰਕੇ, ਆਪਣੀ ਇਕ ਵਿਲੱਖਣ ਪਛਾਣ ਸਥਾਪਤ ਕਰੇ, ਤਾਂ ਜੋ ਦੇਸ਼ ਦੇ ਲੋਕਾਂ ਨੂੰ ਇਹ ਮਹਿਸੂਸ ਹੋਵੇ ਕਿ ਸਰਕਾਰ ਸਾਡੇ ਹਿੱਤ ਲਈ ਕੰਮ ਕਰ ਰਹੀ ਹੈ, ਨਾ ਕਿ ਸਰਕਾਰ ਨੂੰ ਦੇਸ਼ ਦੇ ਟੈਕਸ ਨਾਲ ਇਕੱਠੇ ਹੋਏ ਪੈਸੇ ਨੂੰ ਵੱਖ-ਵੱਖ ਇਸ਼ਤਿਹਾਰਾਂ ਰਾਹੀਂ ਖਰਚ ਕੇ ਇਹ ਦੱਸਣਾ ਪਵੇਗਾ ਕਿ ਇਹ ਫੈਸਲੇ ਤੁਹਾਡੇ ਹਿੱਤ ਵਿੱਚ ਹਨ। ਸੋ ਲੋੜ ਹੈ ਅਸੀਂ ਆਪਣੇ ਗੌਰਵਸ਼ਾਲੀ ਵਿਰਸੇ ਨੂੰ ਬਚਾਈਏ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਕਾਰਾਤਮਕ ਤਰੀਕੇ ਨਾਲ ਹਰੇਕ ਵਰਗ ਵੱਲ ਧਿਆਨ ਦੇਵੇ।

*# ਸੰਪਰਕ : 94176-26925*

# ਦੇਸ਼ ਦਾ ਕੋਈ ਵੀ ਨਾਗਰਿਕ ਭੁੱਖਾ ਕਿਉਂ ਸੌਂਵੇਂ



ਨਰਿੰਦਰ ਸਿੰਘ

ਭੁੱਖਮਰੀ ਦੀ ਸਮੱਸਿਆ ਪੂਰੇ ਵਿਸ਼ਵ ਦੀ ਸਮੱਸਿਆ ਹੈ । ਵਰਲਡ ਫੂਡ ਆਰਗੇਨਾਈਜ਼ੇਸ਼ਨ ਅਨੁਸਾਰ ਵਿਸ਼ਵ ਦਾ ਹਰ ਸੱਤਵਾਂ ਵਿਅਕਤੀ ਭੁੱਖਾ ਸੌਂਦਾ ਹੈ । ਹਰ ਸਾਲ 251 ਮਿਲੀਅਨ ਟਨ ਅਨਾਜ ਪੈਦਾ ਕਰਨ ਵਾਲੇ ਭਾਰਤ ਵਿੱਚ ਵੀ ਹਰ ਚੌਥਾ ਵਿਅਕਤੀ ਭੁੱਖੇ ਪੇਟ ਸੌਂਦਾ ਹੈ । ਵਿਸ਼ਵ ਭੁੱਖਮਰੀ ਸੂਚਕ ਅੰਕ 2022 ਅਨੁਸਾਰ ਭਾਰਤ ਵਿਸ਼ਵ ਦੇ 121 ਦੇਸ਼ਾਂ ਵਿੱਚੋਂ ਭੁੱਖਮਰੀ ਵਿੱਚ 107 ਵੇਂ ਸਥਾਨ 'ਤੇ ਰਿਹਾ ਹੈ । ਦੁਨੀਆ ਵਿੱਚ ਭੁੱਖਮਰੀ ਨਾਲ ਜੂਝ ਰਹੇ ਲੋਕਾਂ ਵਿਚੋਂ ਲੱਗਭਗ 37 ਪ੍ਰਤੀਸ਼ਤ ਲੋਕ ਇੱਕਲੇ ਭਾਰਤ ਵਿੱਚ ਰਹਿੰਦੇ ਹਨ । ਭਾਰਤ ਵਿੱਚ ਹਰ ਰੋਜ਼ ਭੁੱਖਮਰੀ ਤੇ ਕੁਪੋਸ਼ਣ ਕਾਰਨ ਪੰਜ ਸਾਲ ਤੋਂ ਘੱਟ ਉਮਰ ਦੇ 4500 ਬੱਚਿਆਂ ਦੀ ਮੌਤ ਹੋ ਜਾਂਦੀ ਹੈ ।

ਭੁੱਖਮਰੀ ਦਾ ਸਾਹਮਣਾ ਕਰ ਰਹੇ ਲੋਕਾਂ ਦਾ ਅਨੁਪਾਤ ਜੋ 2018-20 ਵਿੱਚ 14.6 ਪ੍ਰਤੀਸ਼ਤ ਸੀ ਤੋਂ ਵਧ ਕੇ 2019-21 ਵਿੱਚ 16.3 ਪ੍ਰਤੀਸ਼ਤ ਹੋ ਗਿਆ । ਭਾਰਤ ਨੂੰ ਇਕ ਵਾਰ ਫਿਰ ਵਿਸ਼ਵ ਵਿੱਚ ਸਭ ਤੋਂ ਵਧ 2019-21 ਵਿੱਚ 22 ਕਰੋੜ ਭੁੱਖੇ ਲੋਕਾਂ ਦੀ ਗਿਣਤੀ ਨਾਲ ਭੁੱਖਮਰੀ ਦਾ ਸ਼ਿਕਾਰ ਹੋਣ ਵਾਲਾ ਦੇਸ਼ ਮੰਨਿਆ ਗਿਆ ਹੈ । ਭੁੱਖਮਰੀ ਦੇ ਤਿੰਨ ਮੁੱਖ ਕਾਰਨ ਹਨ । (1) ਮੌਸਮ ਦੀ ਤਬਦੀਲੀ ਦਾ ਅਸਰ (2) ਢੁੱਕਵਾਂ ਰੁਜ਼ਗਾਰ ਨਾ ਮਿਲਣਾ ਤੇ ਮਹਿੰਗਾਈ ਦਾ ਵਧ ਜਾਣਾ (3) ਆਪਸ ਵਿੱਚ ਲੜਾਈ-ਝਗੜਾ ਜਾਂ ਵਿਸ਼ਵਾਸ ਨਾ ਹੋਣਾ, ਜਿਵੇਂ ਪਾਕਿਸਤਾਨ ਵਿੱਚ ਅਫਗਾਨਿਸਤਾਨੀਆਂ ਦਾ ਆਉਣਾ-ਜਾਣਾ । ਹਾਲਾਂਕਿ ਭਾਰਤ ਸਰਕਾਰ ਗਰੀਬ ਲੋਕਾਂ ਨੂੰ ਰਿਆਇਤੀ ਦਰਾਂ 'ਤੇ ਅੰਨ ਪ੍ਰਦਾਨ ਕਰਨ ਲਈ ਜ਼ਰੂਰੀ ਕਦਮ ਚੁੱਕ ਰਹੀ ਹੈ । ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਦੇ ਛੇਵੇਂ ਪੜਾਅ ਤੱਕ ਸਰਕਾਰ ਲਈ ਵਿੱਤੀ ਬੋਝ ਲਗਭਗ 3.45 ਲੱਖ ਕਰੋੜ ਰੁਪਏ ਹੋ ਰਿਹਾ ਹੈ ।

ਮੁਤਾਬਕ ਦੁਨੀਆ ਦੇ 195 ਦੇਸ਼ਾਂ ਵਿੱਚੋਂ 53 ਦੇਸ਼ਾਂ ਦੇ ਲੋਕ ਖ਼ੁਰਾਕ ਦੀ ਸਮੱਸਿਆ ਨਾਲ ਜੂਝ ਰਹੇ ਹਨ । ਇਸ ਰਿਪੋਰਟ ਦੇ ਮੁਤਾਬਕ 193 ਮਿਲੀਅਨ ਲੋਕਾਂ ਨੂੰ ਤੁਰੰਤ ਖ਼ੁਰਾਕੀ ਸਹਾਇਤਾ ਦੀ ਲੋੜ ਸੀ । ਦੂਸਰੇ ਪਾਸੇ ਅੰਨ ਦੀ ਬਰਬਾਦੀ ਵੀ ਵਿਸ਼ਵ ਭਰ 'ਚ ਵੱਡਾ ਮਸਲਾ ਬਣਦਾ ਜਾ ਰਿਹਾ ਹੈ । ਸੰਯੁਕਤ ਰਾਸ਼ਟਰ ਵਾਤਾਵਰਨ ਪ੍ਰੋਗਰਾਮ ਵੇਸਟ ਇੰਡੈਕਸ ਰਿਪੋਰਟ ਮੁਤਾਬਕ ਭੋਜਨ ਦੀ ਬਰਬਾਦੀ ਦੇ ਮਾਮਲੇ 'ਚ ਚੀਨ ਪਹਿਲੇ ਨੰਬਰ ਤੇ ਹੈ । ਵਿਸ਼ਵ ਭਰ 'ਚ ਉਪਲੱਬਧ ਭੋਜਨ ਦਾ ਲਗਭਗ 17 ਪ੍ਰਤੀਸ਼ਤ ਭੋਜਨ ਬਰਬਾਦ ਹੋ ਰਿਹਾ ਹੈ । ਘਰਾਂ ਵਿੱਚ ਅੰਨ ਦੀ ਬਰਬਾਦੀ ਦੇ ਮਾਮਲੇ 'ਚ ਨਾਇਜੀਰੀਆ ਅੱਵਲ ਹੈ, ਜਿੱਥੇ ਪ੍ਰਤੀ ਵਿਅਕਤੀ ਹਰ ਸਾਲ 189 ਕਿਲੋਗ੍ਰਾਮ ਅਨਾਜ ਬਰਬਾਦ ਕਰ ਦਿੱਤਾ ਜਾਂਦਾ ਹੈ । ਭਾਰਤੀ ਪਰਵਾਰ ਵੀ ਹਰ ਸਾਲ 68.76 ਮਿਲੀਅਨ ਟਨ ਤੋਂ ਵੱਧ ਭੋਜਨ ਦੀ ਬਰਬਾਦੀ ਕਰਦੇ ਹਨ । ਅੰਨ ਦੀ ਬਰਬਾਦੀ ਕਈ ਸਮੱਸਿਆਵਾਂ ਨੂੰ ਜਨਮ ਦੇ ਰਹੀ ਹੈ ।

ਬਚਿਆ ਖਾਣਾ ਨਾਲੇ ਜਾਂ ਕੂੜੇ ਵਿੱਚ ਸੁੱਟਣਾ ਬੁਰੀ ਆਦਤ ਹੈ । ਇਕ ਸਰਵੇ ਅਨੁਸਾਰ ਦੇਸ਼ ਦੀ ਜਿੰਨੀ ਆਬਾਦੀ ਹੈ, ਉਸ ਤੋਂ ਦੁੱਗਣਾ ਖਾਣਾ ਰੋਜ਼ਾਨਾ ਬਣਦਾ ਹੈ । ਫਿਰ ਵੀ ਲੋਕ ਭੁੱਖ ਨਾਲ ਮਰ ਰਹੇ ਹਨ । ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ । ਖੇਤੀਬਾੜੀ ਮੰਤਰਾਲੇ ਦੇ ਹਿਸਾਬ ਨਾਲ ਪੰਜਾਹ ਹਜ਼ਾਰ ਲੋਕਾਂ ਦਾ ਖਾਣਾ ਹਰ ਰੋਜ਼ ਨਾਲੀ ਵਿੱਚ ਜਾਂ ਕਚਰੇ ਵਿੱਚ ਸੁੱਟਿਆ ਜਾਂਦਾ ਹੈ । ਇਕ ਅੰਨ ਨਾਲ ਸੰਬੰਧਤ ਸੰਸਥਾ ਅਨੁਸਾਰ 30 ਕਰੋੜ ਲੋਕ ਰੋਜ਼ਾਨਾ ਭੋਜਨ ਤੋਂ ਬਿਨਾਂ ਭੁੱਖੇ ਸੌਂਦੇ ਹਨ । 70 ਲੱਖ ਬੱਚੇ ਹਰ ਸਾਲ ਕੁਪੋਸ਼ਣ ਤੇ ਭੁੱਖਮਰੀ ਨਾਲ ਮਰ ਜਾਂਦੇ ਹਨ ।

ਭਾਵੇਂ ਵਿਸ਼ਵ ਦੀ ਸਭ ਤੋਂ ਜ਼ਿਆਦਾ ਆਬਾਦੀ ਵਾਲੇ ਦੇਸ਼ ਭਾਰਤ ਲਈ ਗਰੀਬੀ ਨੂੰ ਲੈ ਕੇ ਜਾਰੀ ਸੰਯੁਕਤ ਰਾਸ਼ਟਰ ਦੀ ਰਿਪੋਰਟ ਰਾਹਤ ਭਰੀ ਹੈ । ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ 2005-06 'ਚ ਗਰੀਬਾਂ ਦੀ ਗਿਣਤੀ 55.1 ਪ੍ਰਤੀਸ਼ਤ ਸੀ, ਜੋ 2019-21 ਵਿੱਚ ਡਿੱਗ ਕੇ 16.4 ਪ੍ਰਤੀਸ਼ਤ ਰਹਿ ਗਈ । ਭਾਵ 2005-06 ਵਿੱਚ ਦੇਸ਼ ਵਿੱਚ ਗਰੀਬਾਂ ਦੀ ਗਿਣਤੀ 64.5 ਕਰੋੜ ਸੀ ਜੋ 2015-16 'ਚ ਘਟ ਕੇ 37 ਕਰੋੜ ਅਤੇ 2019-21 ਵਿੱਚ ਘਟ ਕੇ 23 ਕਰੋੜ ਰਹਿ ਗਈ । ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ 15 ਸਾਲਾਂ ਵਿੱਚ ਭਾਰਤ ਦੇ 41.5 ਕਰੋੜ ਲੋਕ ਗਰੀਬੀ ਰੇਖਾ ਤੋਂ ਬਾਹਰ ਆ ਗਏ ਹਨ । ਇਸ ਰਿਪੋਰਟ ਮੁਤਾਬਕ ਵਿਕਾਸ ਟੀਚੇ ਅਨੁਸਾਰ ਦੁਨੀਆ ਭਰ 'ਚ 2030 ਤੱਕ 57.5 ਕਰੋੜ ਲੋਕ ਅਤਿ ਗਰੀਬੀ ਵਿੱਚ ਜੀਅ ਰਹੇ ਹੋਣਗੇ । ਇਸ ਦੇ ਨਾਲ ਹੀ ਕਰੀਬ 8.4 ਕਰੋੜ ਬੱਚੇ ਸਕੂਲਾਂ ਤੋਂ ਵਾਂਝੇ ਰਹਿਣਗੇ । ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਸ ਹਿਸਾਬ ਨਾਲ ਪੁਰਸ਼ਾਂ ਤੇ ਔਰਤਾਂ ਦਰਮਿਆਨ ਬਰਾਬਰੀ ਵਿੱਚ 267 ਸਾਲ ਲੱਗ ਜਾਣਗੇ । ਵਧ ਰਹੀ ਆਬਾਦੀ ਹੀ ਬੇਰੁਜ਼ਗਾਰੀ ਦਾ ਕਾਰਨ ਹੈ। ਰੁਜ਼ਗਾਰ ਦੀ ਘਾਟ ਕਾਰਨ ਹੀ ਲੋਕ ਭੁੱਖਮਰੀ ਤੇ ਗਰੀਬੀ ਦਾ ਸ਼ਿਕਾਰ ਹੁੰਦੇ ਹਨ । ਭਾਰਤ ਦੀ ਜ਼ਿਆਦਾਤਰ ਆਬਾਦੀ ਦਹਾਕਿਆਂ ਤੋਂ ਗਰੀਬੀ ਤੇ ਅਨਪੜ੍ਹਤਾ ਦਾ ਸੰਤਾਪ ਭੋਗ ਰਹੀ ਹੈ । ਆਬਾਦੀ ਦੇ ਇੱਕ ਵੱਡੇ ਹਿੱਸੇ ਲਈ ਬੁਨਿਆਦੀ ਸਮੱਸਿਆਵਾਂ ਦਾ ਕੋਈ ਅੰਤ ਨਹੀਂ । ਭਾਰਤ ਵਿੱਚ ਸਰੋਤਾਂ ਦੀ ਕੋਈ ਕਮੀ ਨਹੀਂ। ਤੇਜ਼ ਤਰੱਕੀ ਦੇ ਸਾਧਨ ਵੀ ਮੌਜੂਦ ਹਨ, ਪਰ ਲੋਕਾਂ ਨੂੰ ਖੁਸ਼ ਤੇ ਖੁਸ਼ਹਾਲ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ, ਪਰ ਸਰਕਾਰ ਵੱਲੋਂ ਅਜਿਹੀਆਂ ਆਰਥਕ ਨੀਤੀਆਂ ਚਲਾਈਆਂ ਜਾ ਰਹੀਆਂ ਹਨ, ਜੋ ਆਮ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਉਠਾਉਣ ਵਾਲੀਆਂ ਨਹੀਂ ਹਨ ।

ਵਧਦੀ ਆਬਾਦੀ ਨਾਲ ਖ਼ੁਰਾਕ ਸਮੱਸਿਆ, ਪਾਣੀ ਦੀ ਉਪਲੱਬਧਾ ਤੇ ਵਾਤਾਵਰਨ ਦੀ ਸਮੱਸਿਆ ਹੋਰ ਵਧ ਸਕਦੀਆਂ ਹਨ । ਨੌਜਵਾਨਾਂ ਨੂੰ ਸਾਰਥਕ ਰੁਜ਼ਗਾਰ ਮੁਹੱਈਆ ਕਰਵਾਉਣਾ ਬਹੁਤ ਜ਼ਰੂਰੀ ਹੈ । ਜੇ ਅਜਿਹਾ ਨਾ ਹੋ ਸਕਿਆ ਤਾਂ ਨੌਜਵਾਨ ਬੇਰੁਜ਼ਗਾਰਾਂ ਦੀ ਗਿਣਤੀ ਵਧੇਗੀ, ਜਿਸ ਦਾ ਨਾ ਸਿਰਫ ਆਰਥਕ ਵਿਕਾਸ ਸਗੋਂ ਸਮਾਜਕ ਸੁਰੱਖਿਆ 'ਤੇ ਵੀ ਬੁਰਾ ਅਸਰ ਪੈ ਸਕਦਾ ਹੈ। ਆਰਥਕ ਸਮਾਨਤਾ ਤੋਂ ਬਿਨਾਂ ਸਿਆਸੀ ਆਜ਼ਾਦੀ ਸਿਰਫ ਦਿਖਾਵਾ ਹੈ । ਭਾਰਤ ਸਰਕਾਰ ਨੂੰ ਕੁਪੋਸ਼ਣ ਤੇ ਕਾਲ ਦੇ ਖਾਤਮੇ ਵਿੱਚ ਤੇਜ਼ੀ ਲਿਆਉਣ ਲਈ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ, ਸਵੈ-ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ । ਖ਼ੁਰਾਕ ਸੰਕਟ ਨਾਲ ਨਜਿੱਠਣ ਲਈ ਕਿਸਾਨਾਂ ਲਈ ਢੁਕਵੀਂ ਆਮਦਨ ਤੇ ਘੱਟੋ-ਘੱਟ ਸਹਾਇਕ ਮੁੱਲ ਦੇਣਾ ਚਾਹੀਦਾ ਹੈ । ਦੁਨੀਆ ਭਰ 'ਚ ਅੱਜ ਵੀ ਪੰਜ ਕਰੋੜ ਲੋਕ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ । ਇਨ੍ਹਾਂ ਗੁਲਾਮੀ 'ਚ ਜੀਵਨ ਜਿਊਣ ਵਾਲੇ ਲੋਕਾਂ ਵਿੱਚੋਂ ਇੱਕ ਕਰੋੜ ਲੋਕ ਭਾਰਤ ਦੇ ਹਨ, ਜਦੋਂਕਿ ਚੀਨ ਵਿੱਚ 58 ਲੱਖ ਲੋਕ ਗੁਲਾਮਾਂ ਵਾਲਾ ਜੀਵਨ ਜੀਅ ਰਹੇ ਹਨ । ਇਸ ਤੋਂ ਇਲਾਵਾ ਰੂਸ ਵਿੱਚ 19 ਲੱਖ, ਇੰਡੋਨੇਸ਼ੀਆ ਵਿੱਚ 18 ਲੱਖ, ਤੁਰਕੀ ਵਿੱਚ 13 ਲੱਖ ਅਤੇ ਅਮਰੀਕਾ ਵਿੱਚ 11 ਲੱਖ ਲੋਕ ਗੁਲਾਮਾਂ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਹਨ । ਇਨ੍ਹਾਂ ਪੰਜ ਕਰੋੜ ਲੋਕਾਂ ਵਿੱਚੋਂ 2.8 ਕਰੋੜ ਲੋਕਾਂ ਤੋਂ ਜਬਰੀ ਮਜ਼ਦੂਰੀ ਕਰਵਾਈ ਜਾ ਰਹੀ ਹੈ । ਮਜ਼ਦੂਰਾਂ ਦੀ ਨਾ ਕੇਵਲ ਕਿਰਤ ਸ਼ਕਤੀ ਦੀ ਲੁੱਟ ਹੁੰਦੀ ਹੈ, ਬਲਕਿ ਇਨ੍ਹਾਂ ਦਾ ਸਰੀਰਕ ਸ਼ੋਸ਼ਣ ਵੀ ਹੁੰਦਾ ਹੈ ।

ਦੁਨੀਆ ਦੀ ਇਕ ਪ੍ਰਮੁੱਖ ਸਲਾਹਕਾਰ ਕੰਪਨੀ ਮਾਰਗਨ ਸਟੈਨਲੀ ਦੁਆਰਾ ਜਾਰੀ ਇੱਕ ਰਿਪੋਰਟ ਅਨੁਸਾਰ ਭਾਰਤੀ ਅਰਥ ਵਿਵਸਥਾ 2027 ਤੀਕਰ ਜਾਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆ ਦੀ ਤੀਸਰੀ ਸਭ ਤੋਂ ਵੱਡੀ ਅਰਥ ਵਿਵਸਥਾ ਹੋਵੇਗੀ । ਇਸ ਰਿਪੋਰਟ ਮੁਤਾਬਕ ਭਾਰਤ ਦਾ ਕੁਲ ਘਰੇਲੂ ਉਤਪਾਦ, ਜੋ ਇਸ ਵਕਤ 3.5 ਟ੍ਰਿਲੀਅਨ ਡਾਲਰ ਹੈ, ਉਹ ਸੰਨ 2031 ਤੀਕਰ ਦੁੱਗਣਾ ਹੋ ਜਾਵੇਗਾ । ਭਾਰਤ ਦੀ ਪ੍ਰਤੀ ਜੀਅ ਆਮਦਨ ਅਗਲੇ ਦਹਾਕੇ ਦੌਰਾਨ 5200 ਡਾਲਰ ਭਾਵ ਸਵਾ ਚਾਰ ਲੱਖ ਰੁਪਏ ਹੋ ਜਾਵੇਗੀ, ਜੋ ਇਸ ਵਕਤ ਅੱਧੇ ਤੋਂ ਵੀ ਘੱਟ ਹੈ । 2023-24 ਦੌਰਾਨ ਵੀ ਭਾਰਤ ਦੀ ਵਿਕਾਸ ਦਰ 6 ਫੀਸਦੀ ਤੋਂ ਉਪਰ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ। ਵੈਸੇ ਦੇਸ਼ ਤਾਂ ਤਰੱਕੀ ਕਰ ਰਿਹਾ ਹੈ, ਪਰ ਆਮਦਨ ਦੀ ਵੰਡ ਬਰਾਬਰ ਨਹੀਂ। ਦੇਸ਼ ਦੇ ਸਰੋਤਾਂ ਦਾ ਵੱਡਾ ਹਿੱਸਾ ਆਮ ਲੋਕਾਂ 'ਤੇ ਖ਼ਰਚ ਨਹੀਂ ਹੋ ਰਿਹਾ।

ਦੇਸ਼ ਦੇ ਅਤਿ ਅਮੀਰ ਲੋਕਾਂ ਦੀ ਗਿਣਤੀ ਵਧ ਰਹੀ ਹੈ। ਪ੍ਰਾਪਰਟੀ ਸਲਾਹਕਾਰ ਏਜੰਸੀ ਨਾਈਟ ਫਰੈਂਕ ਦੀ 'ਦ ਵੈੱਲਥ ਰਿਪੋਰਟ 2023' ਦੇ ਅਨੁਸਾਰ ਭਾਰਤ ਵਿੱਚ ਤਿੰਨ ਕਰੋੜ ਡਾਲਰ ਭਾਵ 245 ਕਰੋੜ ਰੁਪਏ ਤੋਂ ਜ਼ਿਆਦਾ ਦੀ ਜਾਇਦਾਦ ਰੱਖਣ ਵਾਲੇ ਲੋਕਾਂ ਦੀ ਗਿਣਤੀ ਅਗਲੇ ਪੰਜ ਸਾਲਾਂ ਵਿੱਚ ਵਧ ਕੇ 19 ਹਜ਼ਾਰ ਨੂੰ ਟੱਪ ਜਾਵੇਗੀ, ਜੋ ਕਿ 58.4 ਫੀਸਦੀ ਦਾ ਵਾਧਾ ਬਣਦਾ ਹੈ, ਜਦੋਂਕਿ 2022 ਵਿੱਚ ਇਹ ਗਿਣਤੀ 12 ਹਜ਼ਾਰ ਦੇ ਕਰੀਬ ਸੀ। ਰਿਪੋਰਟ ਅਨੁਸਾਰ ਇੱਕ ਅਰਬ ਡਾਲਰ ਭਾਵ 8200 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਰੱਖਣ ਵਾਲੇ ਅਰਬਪਤੀਆਂ ਦੀ ਗਿਣਤੀ ਵੀ 21 ਫੀਸਦੀ ਵਧ ਕੇ 195 ਹੋ ਜਾਵੇਗੀ । ਇੱਕ ਪਾਸੇ ਅਮੀਰ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ, ਦੂਸਰੇ ਪਾਸੇ ਭਾਰਤ ਦੀ ਆਬਾਦੀ ਦਾ ਕੋਈ 84 ਫੀਸਦੀ ਹਿੱਸਾ ਮਹੀਨੇ ਵਿੱਚ ਦਸ ਹਜ਼ਾਰ ਰੁਪਏ ਤੋਂ ਵੱਧ ਨਹੀਂ ਕਮਾ ਰਿਹਾ। ਦੇਸ਼ ਦੇ ਸਰੋਤਾਂ ਦਾ ਵੱਡਾ ਹਿੱਸਾ ਆਮ ਲੋਕਾਂ 'ਤੇ ਖਰਚ ਹੋਣਾ ਚਾਹੀਦਾ ਹੈ, ਜੋ ਨਹੀਂ ਹੋ ਰਿਹਾ।

ਲੋਕਾਂ ਨੂੰ ਭੁੱਖਮਰੀ ਤੇ ਗਰੀਬੀ ਦੀ ਦਲਦਲ ਵਿੱਚੋਂ ਕੱਢਣ ਲਈ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕੇ ਹੀ ਸਹਾਈ ਹੋ ਸਕਦੇ ਹਨ। ਹੇਠਲੇ ਵਰਗ ਦੇ ਲੋਕਾਂ ਦੀ ਆਮਦਨ ਵਿੱਚ ਵਾਧੇ ਲਈ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕਰਨਾ ਬਹੁਤ ਹੀ ਜ਼ਰੂਰੀ ਹੈ, ਤਾਂ ਜੋ ਇਨ੍ਹਾਂ ਲੋਕਾਂ ਦੀ ਖਰੀਦ ਸ਼ਕਤੀ ਵਧ ਸਕੇ ਅਤੇ ਉਹ ਆਪਣੀਆਂ ਰੋਜ਼ਾਨਾ ਜੀਵਨ ਦੀਆਂ ਜ਼ਰੂਰਤਾਂ ਆਸਾਨੀ ਨਾਲ ਪੂਰੀਆਂ ਕਰ ਸਕਣ । ਦੇਸ਼ ਦੇ ਸਮੁੱਚੇ ਵਿਕਾਸ ਲਈ ਇਹ ਬਹੁਤ ਜ਼ਰੂਰੀ ਬਣ ਜਾਂਦਾ ਹੈ ਕਿ ਦੇਸ਼ ਦੀ ਵੱਧ ਰਹੀ ਆਮਦਨ ਅਤੇ ਵਿਕਾਸ ਵਿੱਚੋਂ ਬਣਦਾ ਹਿੱਸਾ ਇਨ੍ਹਾਂ ਲੋਕਾਂ ਤੱਕ ਪਹੁੰਚਾਏ ਜਾਣ ਦੇ ਤਰੀਕਿਆਂ ਨੂੰ ਤਲਾਸ਼ਿਆ ਜਾਵੇ । ਇਸ ਤਰ੍ਹਾਂ ਦਾ ਸਿਸਟਮ ਵਿਕਸਤ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਦੇਸ ਦੀ ਆਰਥਕ ਤਰੱਕੀ ਦਾ ਲਾਭ ਸਹੀ ਤਰ੍ਹਾਂ ਨਾਲ ਹੇਠਲੀ ਆਮਦਨ ਵਰਗ ਦੇ ਲੋਕਾਂ ਨੂੰ ਹੋਵੇ, ਤਾਂ ਹੀ ਦੇਸ਼ ਸਮੁੱਚੇ ਰੂਪ ਵਿੱਚ ਵਿਕਾਸ ਕਰ ਸਕੇਗਾ । ਆਰਥਕ ਵਿਕਾਸ ਦੇ ਲਾਭ ਨੂੰ ਸਾਰੇ ਲੋਕਾਂ ਤੱਕ ਬਰਾਬਰ ਰੂਪ ਵਿੱਚ ਪਹੁੰਚਾਉਣਾ ਬਹੁਤ ਜ਼ਰੂਰੀ ਹੈ।

**# ਸੰਪਰਕ : 98146-62260**

CMYK

# ਨਸ਼ਾ ਵਿਰੋਧੀ ਕਮੇਟੀਆਂ ਵੱਲੋਂ ਪਿੰਡਾਂ 'ਚ ਵਿਸ਼ਾਲ ਚੇਤਨਾ ਮਾਰਚ



ਰਾਮਪੁਰਾ ਵਿਖੇ ਇਕੱਠ ਨੂੰ ਸੰਬੋਧਨ ਕਰਦੇ ਬੀਕੇਯੂ ਡਕੌਂਦਾ ਦੇ ਸੂਬਾ ਤੇ ਨਸ਼ਾ ਵਿਰੋਧੀ ਕਮੇਟੀ ਦੇ ਪ੍ਰਮੁੱਖ ਆਗੂ ਗੁਰਦੀਪ ਸਿੰਘ ਰਾਮਪੁਰਾ।

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

'ਚਿੱਟੇ' ਦੇ ਕਾਲੇ ਧੰਦੇ ਖਿਲਾਫ ਪਿੰਡ ਰਾਮਪੁਰਾ ਦੀ ਨਸ਼ਾ ਵਿਰੋਧੀ ਕਮੇਟੀ ਸਮੇਤ ਪਿੰਡ ਭੂੰਦੜ, ਬਾਲਿਆਂਵਾਲੀ ਤੇ ਮੰਡੀ ਕਲਾਂ ਦੀਆਂ ਨਸ਼ਾ ਵਿਰੋਧੀ ਕਮੇਟੀਆਂ ਵੱਲੋਂ ਸਾਂਝੇ ਤੌਰ 'ਤੇ ਵਿਸ਼ਾਲ ਚੇਤਨਾ ਮਾਰਚ ਕੱਢਿਆ ਗਿਆ, ਜਿਸ ਵਿੱਚ ਔਰਤਾਂ, ਖਾਸ ਕਰ ਨੌਜਵਾਨਾਂ ਦੀ ਗਿਣਤੀ ਵਰਣਨਯੋਗ ਸੀ। ਇਕੱਠ ਪਹਿਲਾਂ ਪਿੰਡ ਰਾਮਪੁਰਾ ਦੇ ਗੁਰਦੁਆਰਾ ਸਾਹਿਬ ਵਿਖੇ ਹੋਇਆ। ਰਵਾਨਗੀ ਉਪਰੰਤ ਇਹ ਜਾਗਰੂਕਤਾ ਮਾਰਚ ਭੂੰਦੜ, ਬਾਲਿਆਂਵਾਲੀ, ਖੋਖਰ, ਢੱਡੇ, ਰਾਮਿਨਵਾਸ ਹੁੰਦਾ ਹੋਇਆ ਮੰਡੀ ਕਲਾਂ ਵਿਖੇ ਸਮਾਪਤ ਹੋਇਆ। ਇਕੱਠ ਦੀ ਅਗਵਾਈ ਬੀਕੇਯੂ ਏਕਤਾ ਡਕੌਂਦਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਕਰ ਰਹੇ ਸਨ, ਜਦੋਂਕਿ ਕਿੰਦਰ ਸਿੰਘ ਰਾਮਪੁਰਾ ਸਮੇਤ ਪਿੰਡ ਰਾਮਪੁਰਾ, ਖੋਖਰ, ਮੰਡੀ ਕਲਾਂ, ਭੂੰਦੜ ਤੋਂ ਆਏ ਮੋਟਰਸਾਈਕਲਾਂ 'ਤੇ ਸਵਾਰ ਸੈਂਕੜੇ ਨੌਜਵਾਨਾਂ ਦਾ ਸਹਿਯੋਗ ਵੀ ਮਾਰਚ ਵਿੱਚ ਉਤਸ਼ਾਹ ਭਰ ਰਿਹਾ ਸੀ।

ਇਕੱਠਾਂ ਨੂੰ ਨਸ਼ਾ ਵਿਰੋਧੀ ਕਮੇਟੀ ਦੇ ਸੀਨੀਅਰ ਆਗੂ ਗੁਰਦੀਪ ਸਿੰਘ ਰਾਮਪੁਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਵਾਨੀ ਨੂੰ ਖਤਮ ਕਰਨ ਲਈ ਕਈ ਪੱਧਰਾਂ 'ਤੇ ਸਾਜ਼ਿਸ਼ਾਂ ਚੱਲੀਆਂ ਜਾ ਰਹੀਆਂ ਹਨ ਤਾਂ ਕਿ ਉਹ ਨਸ਼ਿਆਂ ਵਿੱਚ ਗਲਤਾਨ ਹੋ ਕੇ ਆਪਣੀ 'ਸੁਧ-ਬੁਧ' ਖੋ ਬੈਠੇ ਅਤੇ ਬੇਰੁਜ਼ਗਾਰੀ, ਮਹਿੰਗਾਈ ਦੇ ਮੁੱਦਿਆਂ ਵੱਲ ਉਂਗਲ ਚੁੱਕ ਕੇ ਸਮਿਆਂ ਦੇ ਹਾਕਮਾਂ ਨੂੰ ਵੰਗਾਰ ਸਕਣ ਦੇ ਕਾਬਲ ਹੀ ਨਾ ਰਹਿ ਸਕੇ। ਉਨ੍ਹਾਂ ਕਿਹਾ ਕਿ ਪਿੰਡ ਤੇ ਇਲਾਕੇ ਦੇ ਨੌਜਵਾਨਾਂ ਖਾਤਰ ਉਹ ਖੁਦ ਤੇ ਬੀਕੇਯੂ ਡਕੌਂਦਾ ਹਰ ਕਿਸਮ ਦੀ ਕੁਰਬਾਨੀ ਤੇ ਅਗਵਾਈ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਜਲਦ ਹੀ ਪਿੰਡ ਰਾਮਪੁਰਾ ਨੂੰ ਨਸ਼ਿਆਂ ਤੋਂ ਮੁਕਤ ਕਰ ਦਿੱਤਾ ਜਾਵੇਗਾ। ਨਸ਼ਾ ਛੱਡਣ ਦੇ ਚਾਹਵਾਨ ਨਸ਼ੇੜੀ ਨੌਜਵਾਨਾਂ ਦੇ ਇਲਾਜ ਆਦਿ ਮਾਮਲਿਆਂ ਵਿੱਚ ਹਰ ਸਹਿਯੋਗ ਕੀਤਾ ਜਾਵੇਗਾ। ਕਿੰਦਰ ਸਿੰਘ ਰਾਮਪੁਰਾ ਨੇ ਦੱਸਿਆ ਕਿ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਲੋਕ ਚੈਨ ਦੀ ਨੀਂਦ ਸੌਣ ਲੱਗੇ ਹਨ, ਨਸ਼ੇ ਦੀ ਵਿੱਕਰੀ ਤੇ ਵਰਤੋਂ ਬਹੁਤ ਹੱਦ ਤੱਕ ਘਟ ਗਈ ਹੈ, ਜਿਸ ਕਾਰਨ ਖੇਤਾਂ 'ਚੋਂ ਹੁੰਦੀਆਂ ਚੋਰੀਆਂ, ਰਾਹਗੀਰਾਂ ਤੋਂ ਖੋਹ-ਖਿਚ ਉੱਡ ਗਈ ਹੈ। ਇਕੱਠ ਵਿੱਚ ਮੰਡੀ ਕਲਾਂ ਦੇ ਗੁਰੀ, ਕੁਲਦੀਪ ਬਾਲਿਆਂਵਾਲੀ ਤੋਂ ਇਲਾਵਾ ਪਿੰਡ ਰਾਮਪੁਰਾ ਦੇ ਗੁਰਵਿੰਦਰ ਸਿੰਘ, ਗੱਗੂ, ਯੋਧਾ, ਬੱਬੂ, ਜਸਨ, ਸੀਤੂ, ਸਾਬਕਾ ਸਰਪੰਚ ਹਰਜੀਵਨ ਸਿੰਘ ਆਦਿ ਨੇ ਵੀ ਹਾਜ਼ਰੀ ਲਵਾਈ।

# ਗੋਬਿੰਦਪੁਰਾ 'ਚ ਤੀਆਂ ਦਾ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ

**ਬਰੇਟਾ (ਗੋਬਿੰਦ ਸ਼ਰਮਾ)**-ਇੱਥੋਂ ਨੇੜਲੇ ਪਿੰਡ ਗੋਬਿੰਦਪੁਰਾ ਦੇ ਸਰਕਾਰੀ ਹਾਈ ਸਕੂਲ ਦੇ ਵਿਹੜੇ ਵਿੱਚ ਵਿਰਾਸਤੀ ਤਿਓਹਾਰ ਤੀਆਂ ਦਾ ਮੇਲਾ ਕਰਵਾਇਆ ਗਿਆ। ਇਸ ਮੌਕੇ ਸਕੂਲ ਮੁਖੀ ਅਨ ਕੁਮਾਰ, ਗੁਰਜੰਟ ਸਿੰਘ ਜੀ ਡੀ ਡੀ ਓ ਤੇ ਪ੍ਰੋਗ੍ਰਾਮ ਕੋਆਰਡੀਨੇਟਰ ਜਸਵੀਰ ਕੌਰ ਵਿਰਦੀ (ਮੈਂਬਰ ਵਿਰਾਸਤੀ ਸਥ) ਨੇ ਦੱਸਿਆ ਵਿਰਾਸਤੀ ਸੱਥ ਦੇ ਮੈਂਬਰਾਂ ਵੱਲੋਂ ਸੱਭਿਆਚਾਰਕ ਮੁਕਾਬਲੇ ਜਿਵੇਂ ਕਿ ਚਰਖਾ ਕੱਤਣਾ, ਲੰਮੀ ਹੇਕ ਵਾਲੇ ਗੀਤ, ਕਿੱਕਲੀ, ਸੇਵੀਆਂ ਵੱਟਣਾ ਤੇ ਉੱਚੀ ਪੀਂਘ ਦੇ ਮੁਕਾਬਲੇ ਕਰਵਾਏ ਗਏ। ਬੱਚਿਆਂ ਵੱਲੋਂ ਗਿੱਧੇ ਦੀ ਪੇਸ਼ਕਾਰੀ ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਲੋਕ ਗਾਇਕਾ ਰਜਨੀ ਸਾਗਰ ਨੇ ਆਪਣੀਆਂ ਬੋਲੀਆਂ ਨਾਲ ਹਰ ਉਮਰ ਦੀ ਔਰਤ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਫਿਲਮੀ ਅਦਾਕਾਰਾ ਤੇ ਗਾਇਕਾ ਰਜੀਆ ਖਾਨ ਨੇ ਆਪਣੀ ਨਵੀਂ ਆਈ ਫ਼ਿਲਮ ਦੇ ਡਾਇਲਾਗ ਤੇ ਗੀਤ ਸੁਣਾ ਕੇ ਲੋਕਾਂ ਦੀ ਵਾਹ ਵਾਹ ਖੱਟੀ। ਗਾਇਕ ਉੱਦਮ ਆਲਮ ਵੱਲੋਂ ਵੀ ਆਪਣਾ ਗੀਤ ਗਾ ਕੇ ਸਾਰਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਤੀਆਂ ਦੇ ਪ੍ਰੋਗਰਾਮ ਵਿੱਚ ਗੋਬਿੰਦਪੁਰਾ ਪਿੰਡ ਤੋਂ ਇਲਾਵਾ ਸਿਰਸੀ ਵਾਲ, ਜਲਵੇੜਾ, ਸੰਗਰੇੜੀ ਤੇ ਬਰੇਟਾ ਦੀਆਂ ਔਰਤਾਂ ਨੇ ਵੀ ਖੂਬ ਮਨੋਰੰਜਨ ਕੀਤਾ। ਪ੍ਰੋਗਰਾਮ ਕਰਵਾਉਣ ਵਿੱਚ ਸਕੂਲ ਸਟਾਫ ਦੇ ਮੈਂਬਰ ਜਗਤਾਰ ਸਿੰਘ, ਗਿਰੀਰਾਜ, ਬਾਲ ਕ੍ਰਿਸ਼ਨ, ਮੈਡਮ ਸੋਨੀਕਾ, ਰਜਨੀ ਬਾਲਾ, ਬਲਵੀਰ ਕੌਰ, ਸੁਖਵਿੰਦਰ ਕੌਰ, ਸ਼ਿੰਦਰ ਕੌਰ, ਲਖਵਿੰਦਰ ਕੌਰ ਤੇ ਸਕੂਲ ਦੇ ਵਿਦਿਆਰਥੀਆਂ ਦਾ ਭਰਭੂਰ ਸਹਿਯੋਗ ਰਿਹਾ।



# ਸੰਯੁਕਤ ਕਿਸਾਨ ਮੋਰਚਾ ਨਸ਼ਿਆਂ ਖਿਲਾਫ ਚਲਾਏਗਾ ਉਚੇਚੀ ਮੁਹਿੰਮ : ਬਲਕਰਨ ਬਰਾੜ

**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਬਠਿੰਡਾ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਇੱਕ ਨਸ਼ਾ ਵਿਰੋਧੀ ਕਨਵੈਨਸ਼ਨ ਟੀਚਰ ਹੋਮ ਬਠਿੰਡਾ ਵਿਖੇ ਬਲਕਰਨ ਸਿੰਘ ਬਰਾੜ ਸੂਬਾ ਪ੍ਰਧਾਨ ਕੁੱਲ ਹਿੰਦ ਕਿਸਾਨ ਸਭਾ, ਬਲਦੇਵ ਸਿੰਘ ਭਾਈ ਰੂਪਾ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਅਮਰਜੀਤ ਸਿੰਘ ਹਨੀ ਕਨਵੀਨਰ ਕਿਰਤੀ ਕਿਸਾਨ ਯੂਨੀਅਨ ਅਜ਼ਾਦ, ਸਰੂਪ ਸਿੰਘ ਰਾਮਾ ਸੂਬਾ ਜਨਰਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਤੇ ਸੁਖਮਿੰਦਰ ਸਿੰਘ ਧਾਲੀਵਾਲ ਜ਼ਿਲ੍ਹਾ ਜਰਨਲ ਸਕੱਤਰ ਜਮਹੂਰੀ ਕਿਸਾਨ ਸਭਾ ਦੀ ਪ੍ਰਧਾਨਗੀ ਹੇਠ ਹੋਈ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਦੋਸ਼ ਲਾਇਆ ਕਿ ਪੰਜਾਬ ਅੰਦਰ ਨਸ਼ੇ ਦੀ ਅਲਾਮਤ ਦਿਨੋਂ ਦਿਨ ਕੋਹੜ ਵਾਂਗ ਵਧਦੀ ਜਾ ਰਹੀ ਹੈ, ਜਿੱਥੇ ਪਿਛਲੇ ਸਮੇਂ ਵਿੱਚ ਸੱਤਾ ਵਿੱਚ ਆਈਆਂ ਅਕਾਲੀ ਦਲ ਤੇ ਕਾਂਗਰਸ ਦੀਆਂ ਸਰਕਾਰਾਂ ਨੇ ਇਸ ਨੂੰ ਵਧਾਉਣ ਵਿਚ ਪੂਰਾ ਜ਼ੋਰ ਲਾਇਆ, ਉਥੇ ਪੰਜਾਬ ਵਿੱਚ ਲੋਕਾਂ ਨਾਲ ਇੱਕ ਮਹੀਨੇ ਵਿੱਚ ਨਸ਼ਾ ਖਤਮ ਕਰਨ ਦਾ ਵਾਅਦਾ ਕਰਕੇ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਡੇਢ ਸਾਲ ਵਿੱਚ ਨਸ਼ਾ ਰੋਕਣ ਵਿੱਚ ਬੁਰੀ ਤਰ੍ਹਾਂ ਅਸਫਲ ਹੋਈ ਹੈ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਗਲੀ ਗਲੀ, ਮੁਹੱਲੇ ਮੁਹੱਲੇ ਮੈਡੀਕਲ ਨਸ਼ਾ ਤੇ ਚਿੱਟਾ ਸ਼ਰੇਆਮ ਵੇਚਿਆ ਜਾ ਰਿਹਾ ਹੈ। ਨਸ਼ੇ ਦੇ ਕਾਰੋਬਾਰੀਆਂ ਨੂੰ ਰੋਕਣ ਵਿੱਚ ਪ੍ਰਸ਼ਾਸਨ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ। ਪਿੰਡਾਂ ਵਿੱਚ ਨਸ਼ੇ ਵੇਚਣ ਤੋਂ ਰੋਕਣ ਵਾਲੇ ਲੋਕਾਂ ਉਪਰ ਹਮਲੇ ਕੀਤੇ ਜਾ ਰਹੇ ਹਨ ਨਸ਼ਾ ਖਰੀਦਣ ਲਈ ਸਰੇਆਮ ਨਸ਼ੇੜੀ ਨੌਜਵਾਨ ਚੋਰੀਆਂ ਕਰਦੇ ਹਨ ਤੇ ਮਾਂ ਬਾਪ ਦੀ ਕੁੱਟਮਾਰ ਕਰਦੇ ਹਨ। ਨਸ਼ੇ ਕਾਰਨ ਦਿਨੋਂ-ਦਿਨ ਪਰਿਵਾਰ ਟੁੱਟ ਰਹੇ ਹਨ। ਅੱਜ ਦੀ ਕੰਨਵੈਨਸ਼ਨ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਨਸ਼ੇ ਨੂੰ ਰੋਕਣ ਲਈ ਮੈਦਾਨ ਵਿੱਚ ਆਉਣ, ਪਿੰਡ ਪਿੰਡ ਕਮੇਟੀਆਂ ਬਣਾਈਆਂ ਜਾਣ, ਨਸ਼ਾ ਖਾਣ ਵਾਲੇ ਨੌਜਵਾਨਾਂ ਦੀ ਮਦਦ ਕੀਤੀ ਜਾਵੇ ਤਾਂ ਕਿ ਉਹ ਨਸ਼ਾ ਛੱਡ ਸਕਣ। ਸੰਯੁਕਤ ਕਿਸਾਨ ਮੋਰਚੇ ਵੱਲੋਂ ਪਿੰਡਾਂ ਵਿੱਚ ਨਸ਼ਾ ਛੱਡਣ ਲਈ ਜਾਗ੍ਰਤੀ ਮੁਹਿੰਮ ਚਲਾਈ ਜਾਵੇਗੀ ਤੇ ਨਸ਼ਾ ਵੇਚਣ ਤੋਂ ਰੋਕਣ ਲਈ ਪਿੰਡ ਕਮੇਟੀਆਂ ਬਣਾਉਣ ਦਾ ਸਹਿਯੋਗ ਕੀਤਾ ਜਾਵੇਗਾ। ਬੁਲਾਰਿਆਂ ਨੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਦੇ ਸੁਦਾਗਰਾਂ 'ਤੇ ਸਖਤ ਤੋਂ ਸਖਤ ਕਾਰਵਾਈ ਕਰਨ, ਨਸ਼ੇ ਦੇ ਵਪਾਰੀਆਂ ਨੂੰ ਜੇਲ੍ਹਾਂ ਵਿੱਚ ਸੁੱਟ ਕੇ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾਣ। ਜੇਕਰ ਪ੍ਰਸ਼ਾਸਨ ਨੇ ਨਸ਼ੇ ਦੇ ਤਸਕਰਾਂ ਵਿਰੁੱਧ ਕੋਈ ਕਾਰਵਾਈ ਨਾ ਕੀਤੀ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਯੁਕਤ ਕਿਸਾਨ ਮੋਰਚਾ ਲੋਕਾਂ ਨੂੰ ਲਾਮਬੰਦ ਕਰਕੇ ਵੱਡੇ ਪੱਧਰ 'ਤੇ ਨਸ਼ੇ ਵੇਚਣ ਵਿੱਚ ਮਦਦ ਕਰਨ ਵਾਲੇ ਰਾਜਨੀਤਕ ਲੋਕਾਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਨੂੰ ਕਟਹਿਰੇ ਵਿੱਚ ਖੜਾ ਕਰੇਗਾ। ਇਸ ਕੰਨਵੈਨਸ਼ਨ ਵਿੱਚ ਦਾਰਾ ਸਿੰਘ ਮਾਈਸਰ ਖਾਨਾ, ਰਾਜਵਿੰਦਰ ਸਿੰਘ ਕੋਟਭਾਰਾ, ਰਣਜੀਤ ਸਿੰਘ ਮਹਿਰਾਜ, ਬੀਬੀ ਮਨਜੀਤ ਕੌਰ ਭੁੱਚੋ, ਦਰਸ਼ਨ ਸਿੰਘ ਫੁੱਲੋ ਮਿੱਠੀ ਵੀ ਹਾਜ਼ਰ ਸਨ।



# ਅਗਾਮੀ ਨਗਰ ਕੌਂਸਲ ਤੇ ਹੋਰ ਚੋਣਾਂ ਨੂੰ ਲੈ ਕੇ ਭੋਲਾ ਸਿੰਘ ਬਰਾੜ ਗਰੁੱਪ ਵੀ ਮੈਦਾਨ 'ਚ

**ਭਵਿੱਖ 'ਚ ਰਣਨੀਤੀ ਘੜਣ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ**



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਉਣ ਵਾਲੀਆਂ ਨਗਰ ਕੌਂਸਲ, ਪੰਚਾਇਤੀ, ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਨੂੰ ਲੈ ਕੇ ਸੱਤਾਧਾਰੀ ਪਾਰਟੀ ਦੇ ਇਲਾਵਾ ਸਾਰੀਆਂ ਰਾਜਨੀਤਕ ਪਾਰਟੀਆਂ ਵੱਲੋਂ ਸਰਗਰਮੀਆਂ ਵਿੱਢੀਆਂ ਹੋਈਆਂ ਹਨ। ਇਸੇ ਤਹਿਤ ਹੀ ਹਲਕਾ ਬਾਘਾ ਪੁਰਾਣਾ ਤੋਂ ਕਿਸਾਨ ਵਿੰਗ ਪਾਰਟੀ ਵੱਲੋਂ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਭੋਲਾ ਸਿੰਘ ਬਰਾੜ ਦੀ ਅਗਵਾਈ ਵਿਚ ਸਥਾਨਕ ਸ਼ਹਿਰ ਦੇ ਨਿਹਾਲ ਸਿੰਘ ਵਾਲਾ ਰੋਡ ਉਪਰ ਸਥਿਤ ਸਰਮਨ ਹੋਟਲ ਵਿਖੇ ਹੰਗਾਮੀ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਕਾਂਗਰਸ ਪਾਰਟੀ ਨਾਲ ਸਬੰਧਤ ਰੱਖਣ ਵਾਲੇ ਨਿਧੜਕ ਆਗੂਆਂ ਨੇ ਸ਼ਿਰਕਤ ਕੀਤੀ। ਭੋਲਾ ਸਿੰਘ ਸਮਾਧ ਭਾਈ ਦੀ ਅਗਵਾਈ ਵਿੱਚ ਹੋਈ ਮੀਟਿੰਗ 'ਚ ਸਿਰਕੱਢ ਨੇਤਾਵਾਂ ਅਮਰਜੀਤ ਸਿੰਘ ਬਰਾੜ ਰਾਜੇਆਣਾ (ਸੀਨੀਅਰ ਮੀਤ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਪੰਜਾਬ), ਬਾਊ ਅਮਰਨਾਥ ਬਾਂਸਲ (ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਮੋਗਾ), ਗੁਰਬਚਨ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ), ਯੋਧਾ ਸਿੰਘ ਬਰਾੜ, ਮਨਦੀਪ ਕੱਕੜ, ਤੇਜਿੰਦਰ ਕਾਲੇਕੇ, ਜਗਰੂਪ ਸਿੰਘ ਲਧਾਈ ਕੇ, ਹਰਜੀਤ ਸਿੰਘ ਭੁੱਟੋ, ਗੁਰਜੰਟ ਸਿੰਘ ਐਮ ਸੀ, ਸੁੱਖਾ ਸਿੰਘ ਲਧਾਈ ਕੇ, ਸੂਬੇਦਾਰ ਬਲਵੰਤ ਸਿੰਘ ਰੋਡੇ, ਦਰਸ਼ਨ ਸਿੰਘ ਸਰਪੰਚ ਨੱਥੋਕੇ ਆਦਿ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਹਾਜ਼ਰ ਸਮੂਹ ਆਗੂਆਂ ਵੱਲੋਂ ਭਵਿੱਖ ਵਿੱਚ ਆ ਰਹੀਆਂ ਨਗਰ ਕੌਂਸਲ, ਪੰਚਾਇਤੀ ਚੋਣਾਂ, ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ 'ਤੇ ਵਿਚਾਰ ਚਰਚਾ ਕੀਤੀ ਗਈ ਅਤੇ ਭਵਿੱਖ 'ਚ ਰਣਨੀਤੀ ਘੜਣ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਉਕਤ ਆਗੂਆਂ ਨੇ ਕਿਹਾ ਕਿ ਅੱਜ ਦੇ ਸਮੇਂ ਦੀ ਮੁੱਖ ਮੰਗ ਹੈ ਕਿ ਕੇਵਲ 'ਤੇ ਕੇਵਲ ਗੱਲਾਂ ਤੇ ਬਿਆਨਬਾਜ਼ੀ ਹੀ ਨਿੱਗਰ ਰਾਜਨੀਤੀ ਤੇ ਸਮਾਜਿਕ ਮੰਚ ਪ੍ਰਦਾਨ ਨਹੀਂ ਕਰ ਸਕਦੀ। ਇਸ ਮੌਕੇ ਹਾਜ਼ਰ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵੱਲੋਂ ਸਮੇਂ ਤੋਂ ਪਹਿਲਾਂ ਪੰਚਾਇਤਾਂ ਭੰਗ ਕਰਨ ਦੇ ਫ਼ੈਸਲੇ 'ਤੇ ਮਾਨਯੋਗ ਹਾਈਕੋਰਟ ਵੱਲੋਂ ਸਰਕਾਰ ਦੀ ਖਿਚਾਈ ਕੀਤੀ ਜਾਣ ਮਗਰੋਂ ਸਰਕਾਰ ਨੇ ਨੋਟੀਫ਼ਿਕੇਸ਼ਨ ਵਾਪਸ ਲਿਆ ਹੈ। ਭੋਲਾ ਸਿੰਘ ਸਮਾਧ ਭਾਈ ਨੇ ਕਿਹਾ ਕਿ ਪੰਚਾਇਤਾਂ ਦੀ ਬਹਾਲੀ ਨਾਲ ਲੋਕਤੰਤਰ ਦੀ ਜਿੱਤ ਹੋਈ ਹੈ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) 6 ਦੇ ਰੋਸ ਮਾਰਚ 'ਚ ਸ਼ਾਮਲ ਹੋਵੇਗਾ : ਸਿੱਧੂ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੰਡ ਕਲਿਆਣ ਤੋਂ ਚੋਰੀ ਹੋਏ ਸਫਰੀ ਸਰੂਪ, ਬੁਰਜ ਜਵਾਹਰ ਸਿੰਘ ਵਾਲਾ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ 'ਚੋਂ ਚੋਰੀ ਹੋਏ 328 ਸਰੂਪਾਂ ਦਾ ਪਤਾ ਲਾਉਣ ਲਈ 6 ਸਤੰਬਰ ਨੂੰ ਧਨੌਲਾ ਤੋਂ ਮੁੱਖ ਮੰਤਰੀ ਦੀ ਕੋਠੀ ਸੰਗਰੂਰ ਤੱਕ ਭਾਈ ਅਮਰੀਕ ਸਿੰਘ ਅਜਨਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਬਾਬਾ ਬਲਦੇਵ ਸਿੰਘ ਜੋਗੇਵਾਲਾ, ਬਾਬਾ ਚਮਕੌਰ ਸਿੰਘ ਵੱਲੋਂ ਆਦਿ ਦੀ ਅਗਵਾਈ 'ਚ ਪੰਥਕ ਜਥੇਬੰਦੀਆਂ ਵੱਲੋਂ ਵਿਸ਼ਾਲ ਰੋਸ ਮਾਰਚ ਰੱਖਿਆ ਗਿਆ ਹੈ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਮੈਂਬਰ ਪੀਏਸੀ ਕੌਮੀ ਜਨਰਲ ਸਕੱਤਰ ਤੇ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਕਿਹਾ ਕਿ ਸਰਕਾਰ ਨੇ ਸਾਡੇ ਨਾਲ ਧੋਖਾ ਕੀਤਾ ਹੈ, ਕਿਉਂਕਿ ਪਿਛਲੇ ਸਾਲ ਦੋ ਜੁਲਾਈ ਨੂੰ ਇਨ੍ਹਾਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਨੂੰ ਮਿਲਿਆ ਸੀ। ਉਨ੍ਹਾਂ ਦੱਸਿਆ ਕਿ ਕਲਿਆਣ ਮਾਮਲੇ 'ਚ ਇੱਕ ਸਿੱਟ ਦਾ ਗਠਨ ਆਈ ਜੀ ਛੀਨਾ ਦੀ ਅਗਵਾਈ 'ਚ 3 ਮਹੀਨਿਆਂ ਦਾ ਸਮਾਂ ਲੈ ਕੇ ਕੀਤਾ ਗਿਆ ਸੀ, ਪਰ 13 ਮਹੀਨਿਆਂ ਦਾ ਸਮਾਂ ਬੀਤ ਜਾਣ 'ਤੇ ਵੀ ਮਾਮਲਾ ਉਸੇ ਤਰ੍ਹਾਂ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਬਾਬੇ ਗੋਰੇ ਨੂੰ ਪਲਸ ਨੇ ਇੱਕ ਵਾਰ ਵੀ ਗ੍ਰਿਫਤਾਰ ਨਹੀ ਕੀਤਾ। ਸਗੋਂ ਜ਼ਮਾਨਤ ਲੈਣ 'ਚ ਮਦਦ ਕੀਤੀ ਹੈ। ਉਨ੍ਹਾਂ ਰੋਸ ਭਰੇ ਲਹਿਜੇ 'ਚ ਕਿਹਾ ਕਿ ਅਜਿਹੇ ਨਾਜ਼ੁਕ ਮਸਲਿਆਂ 'ਤੇ ਮਿੱਟੀ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸ੍ਰ: ਸਿੱਧੂ ਨੇ ਕਿਹਾ ਕਿ ਲਾਰੇ ਲੱਪਿਆਂ ਵਾਲੀ ਇਸ ਸਰਕਾਰ ਨੂੰ ਜਗਾਉਣ ਲਈ ਹੀ ਇਹ ਰੋਸ ਮਾਰਚ ਕੱਢਣ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਸਾਡੀਆਂ ਮੰਗਾਂ 'ਤੇ ਗੌਰ ਨਾ ਕੀਤੀ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਕਿਹਾ ਕਿ ਸਾਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) 6 ਸਤੰਬਰ ਦੇ ਰੋਸ ਮਾਰਚ 'ਚ ਵਧ ਚੜ੍ਹ ਕੇ ਹਿੱਸਾ ਲਵੇਗੀ।

# ਪੰਜਾਬੀ ਸਾਹਿਤ ਸਭਾ ਵੱਲੋਂ ਪੁਸਤਕ 'ਦਰਦ-ਏ-ਬਲਜੀਤ' ਲੋਕ ਅਰਪਣ

**ਬਠਿੰਡਾ (ਬਖਤੌਰ ਢਿੱਲੋਂ)**-ਪੰਜਾਬੀ ਸਾਹਿਤ ਸਭਾ ਬਠਿੰਡਾ ਵੱਲੋਂ ਸਥਾਨਕ ਟੀਚਰਜ਼ ਹੋਮ ਵਿਖੇ ਸ੍ਰੀ ਜਸਵੀਰ ਸਿੰਘ ਢਿੱਲੋਂ ਦੀ ਪੁਸਤਕ 'ਦਰਦ-ਏ-ਬਲਜੀਤ' ਦਾ ਰਿਲੀਜ਼ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਨਾਟਕਕਾਰ ਤੇ ਸਾਹਿਤਕਾਰ ਸ੍ਰੀ ਕੁਲਦੀਪ ਸਿੰਘ ਦੀਪ ਨੇ ਕੀਤੀ। ਮੁੱਖ ਮਹਿਮਾਨ ਦੇ ਤੌਰ 'ਤੇ ਸ੍ਰੀ ਨਵਦੀਪ ਜੀਦਾ ਚੇਅਰਮੈਨ ਸ਼ੂਗਰਫੈੱਡ ਸ਼ਾਮਲ ਹੋਏ, ਜਦੋਂਕਿ ਸਾਹਿਤਕਾਰ ਤੇ ਸੀਨੀਅਰ ਪੱਤਰਕਾਰ ਸਿੱਧੂ ਦਮਦਮੀ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਸਰਪ੍ਰਸਤ ਗੁਰਦੇਵ ਖੋਖਰ, ਪ੍ਰਧਾਨ ਜਸਪਾਲ ਮਾਨਖੇੜਾ ਤੇ ਜਸਵੀਰ ਢਿੱਲੋਂ ਵੀ ਹਾਜ਼ਰ ਸਨ। ਇਸ ਮੌਕੇ ਪੁਸਤਕ ਨੂੰ ਲੋਕ ਅਰਪਣ ਕੀਤਾ ਗਿਆ, ਇਸ ਉਪਰੰਤ ਦੋ ਵਿਦਿਆਰਥੀਆਂ ਮੋਨੂ ਪਾਸਵਾਨ ਤੇ ਪਵਨ ਕੁਮਾਰ ਵੱਲੋਂ ਸ੍ਰੀਮਤੀ ਬਲਜੀਤ ਕੌਰ ਦੇ ਹੱਥ ਚਿੱਤਰ ਭੇਟ ਕੀਤੇ ਤੇ ਦੇਸ ਰਾਜ ਸਰਕਾਰੀ ਸਕੂਲ ਦੇ ਸਟਾਫ਼ ਵੱਲੋਂ ਵੀ ਸ੍ਰੀ ਢਿੱਲੋਂ ਦਾ ਸਨਮਾਨ ਕੀਤਾ ਗਿਆ। ਸਮਾਗਮ ਦੇ ਸ਼ੁਰੂ ਵਿੱਚ ਸ੍ਰੀ ਮਾਨਖੇੜਾ ਨੇ ਮਹਿਮਾਨਾਂ ਤੇ ਸਰੋਤਿਆਂ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਸ੍ਰੀ ਢਿੱਲੋਂ ਨਾਲ ਵਾਪਰੀ ਦੁਖਦ ਘਟਨਾ ਹੀ ਪੁਸਤਕ ਦਾ ਸਬੱਬ ਬਣੀ। ਇੱਥੇ ਇਹ ਵਰਣਨਯੋਗ ਹੈ ਕਿ ਸ੍ਰੀ ਢਿੱਲੋਂ ਦੀ ਧਰਮਪਤਨੀ ਸ੍ਰੀਮਤੀ ਬਲਜੀਤ ਕੌਰ ਦੀ ਕੈਂਸਰ ਦੀ ਭਿਆਨਕ ਬਿਮਾਰੀ ਨਾਲ ਹੋਈ ਮੌਤ ਉਪਰੰਤ ਵਿਯੋਗ ਵਿੱਚ ਉੱਠੇ ਦਿਲ ਦੇ ਦਰਦ ਨੂੰ ਉਨ੍ਹਾਂ ਕਲਮਬੱਧ ਕਰਨ ਲਈ ਲਿਖਣਾ ਸ਼ੁਰੂ ਕੀਤਾ ਸੀ। ਸ੍ਰੀ ਦਮਦਮੀ ਸਿੱਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਢਿੱਲੋਂ ਨੇ ਨਿੱਜੀ ਦੁਖਾਂਤ ਨੂੰ ਕਵਿਤਾ ਵਿੱਚ ਪ੍ਰੀਵਰਤਨ ਕਰਕੇ ਵੱਡਾ ਕੰਮ ਕੀਤਾ ਹੈ ਤੇ ਮਿਸਾਲ ਕਾਇਮ ਕੀਤੀ ਹੈ।



ਪੁਸਤਕ 'ਤੇ ਚਰਚਾ ਕਰਦਿਆਂ ਡਾ: ਗੁਰਪ੍ਰੀਤ ਸਿੰਘ ਨੇ ਕਿਹਾ ਕਿ ਹਰ ਇਨਸਾਨ ਹੀ ਕਵੀ ਹੁੰਦਾ ਹੈ, ਸ੍ਰੀ ਢਿੱਲੋਂ ਵੀ ਪਹਿਲਾਂ ਹੀ ਕਵੀ ਸੀ, ਪਰ ਦੁਖਦਾਈ ਘਟਨਾ ਨੇ ਉਸ ਦੇ ਅੰਦਰਲੇ ਕਵੀ ਨੂੰ ਪਛਾਨਣ ਦੀ ਸ਼ਕਤੀ ਦਿੱਤੀ ਹੈ। ਦਰਦ ਤੋਂ ਇਲਾਵਾ ਕਵਿਤਾਵਾਂ ਵਿੱਚ ਹੋਰ ਵਿਸ਼ਾਲ ਵਿਸ਼ੇ ਵੀ ਹਨ, ਜਿਵੇਂ ਭਰੂਣ ਹੱਤਿਆ, ਨਸ਼ੇ, ਵਿੱਦਿਆ, ਮਜ਼ਦੂਰੀ, ਕਿਸਾਨੀ ਆਦਿ, ਉਹ ਰਚਨਾਵਾਂ ਰਾਹੀਂ ਲੋਕਾਈ ਨੂੰ ਸੁਨੇਹਾ ਵੀ ਦਿੰਦੇ ਹਨ। ਸ੍ਰੀ ਗੁਰਦੇਵ ਖੋਖਰ ਨੇ ਕਿਹਾ ਕਿ ਸ੍ਰੀ ਢਿੱਲੋਂ ਦੀ ਕਵਿਤਾ ਦੀ ਮੂਲ ਸੁਰ ਦਰਦ ਹੈ, ਦੁਖਦਾਈ ਘਟਨਾ ਕਾਰਨ ਉਹਨਾਂ ਦੇ ਮਨ 'ਚੋਂ ਜੋ ਕਾਵਿਕ ਸੰਵੇਦਨਾ ਉੱਭਰ, ਉਹ ਮੁੱਲਵਾਨ ਹੈ। ਮੁੱਖ ਮਹਿਮਾਨ ਸ੍ਰੀ ਨਵਦੀਪ ਜੀਦਾ ਨੇ ਕਿਹਾ ਕਿ ਮੌਜੂਦਾ ਸਮੇਂ ਜਦੋਂ ਪਤੀ-ਪਤਨੀ ਦੇ ਝਗੜਿਆਂ ਸਦਕਾ ਅਦਾਲਤਾਂ ਭਰੀਆਂ ਪਈਆਂ ਹਨ, ਸ੍ਰੀ ਢਿੱਲੋਂ ਨੇ ਆਪਣੀ ਧਰਮਪਤਨੀ ਦੇ ਵਿਛੋੜੇ ਦੇ ਦਰਦ ਬਾਰੇ ਕਿਤਾਬ ਲਿਖ ਕੇ ਪਤੀ ਪਤਨੀ ਪਿਆਰ ਨੂੰ ਅਮਰ ਕਰ ਦਿੱਤਾ ਹੈ। ਉੱਘੇ ਕਹਾਣੀਕਾਰ ਸ੍ਰੀ ਅਤਰਜੀਤ ਨੇ ਕਿਹਾ ਕਿ ਸ੍ਰੀ ਢਿੱਲੋਂ ਨੇ ਹਿਰਦੇ ਦੇ ਹਾਉਕੇ ਨੂੰ ਸ਼ਬਦੀ ਰੂਪ ਦਿੱਤਾ ਹੈ, ਹੁਣ ਉਨ੍ਹਾਂ ਵੱਲੋਂ ਦਰਦ ਸਮੇਟ ਕੇ ਕਵਿਤਾ ਨੂੰ ਇਨਕਲਾਬੀ ਰੰਗਤ ਦੇਣ ਦਾ ਯਤਨ ਕਰਨਾ ਚਾਹੀਦਾ ਹੈ। ਪੁਸਤਕ ਦੇ ਰਚੇਤਾ ਸ੍ਰੀ ਜਸਵੀਰ ਢਿੱਲੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਤਨੀ ਦੇ ਵਿਛੋੜੇ ਦੇ ਦਰਦ ਸਦਕਾ ਰੱਬ, ਮਨੁੱਖਤਾ ਆਦਿ ਪ੍ਰਤੀ ਪੈਦਾ ਹੋਏ ਰੋਸਿਆਂ ਨੂੰ ਕਾਗਜ ਤੇ ਲਿਖਣਾ ਸ਼ੁਰੂ ਕੀਤਾ ਸੀ ਤੇ ਇਸ ਪੁਸਤਕ ਰਾਹੀਂ ਉਨ੍ਹਾਂ ਬਲਜੀਤ ਤੇ ਆਪਣੇ ਆਪ ਨੂੰ ਲੰਬੇ ਸਮੇਂ ਤੱਕ ਜਿਉਂਦਾ ਰੱਖਣਾ ਦਾ ਯਤਨ ਹੀ ਕੀਤਾ ਹੈ। ਉਨ੍ਹਾਂ ਮੰਨਿਆ ਕਿ ਮਿੱਤਰਾਂ ਸਨੇਹੀਆਂ ਨੇ ਦਰਦ ਭੁਲਾਉਣ ਦੀਆਂ ਸਲਾਹਾਂ ਦਿੱਤੀਆਂ ਹਨ, ਇਹ ਭੁਲਾਇਆ ਤਾਂ ਨਹੀਂ ਜਾ ਸਕਦਾ, ਪਰ ਅੱਗੇ ਲਈ ਆਪਣੀਆਂ ਰਚਨਾਵਾਂ ਵਿੱਚ ਲੋਕਾਈ ਨਾਲ ਸਬੰਧਤ ਹੋਰ ਵਿਸ਼ੇ ਸ਼ਾਮਲ ਕੀਤੇ ਜਾਣਗੇ।

ਅੰਤ ਵਿੱਚ ਪ੍ਰਧਾਨਗੀ ਭਾਸ਼ਣ ਕਰਦਿਆਂ ਸ੍ਰੀ ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਸ੍ਰੀ ਢਿੱਲੋਂ ਨੇ ਬਲਜੀਤ ਨੂੰ ਯਾਦ ਕਰਦਿਆਂ ਔਰਤਾਂ ਦੀਆਂ ਜ਼ੁੰਮੇਵਾਰੀਆਂ, ਮਜਬੂਰੀਆਂ, ਪ੍ਰਾਪਤੀਆਂ ਆਦਿ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਸਦਕਾ ਉਹ ਵਧਾਈ ਦੇ ਪਾਤਰ ਹਨ। ਸ੍ਰੀ ਗੁਰਸੇਵਕ ਲੰਬੀ ਨੇ ਵੀ ਚਰਚਾ ਵਿੱਚ ਹਿੱਸਾ ਲਿਆ। ਸ੍ਰੀ ਅਮਨ ਦਾਤੇਵਾਸੀਆਂ ਨੇ ਇੱਕ ਗ਼ਜ਼ਲ ਪੇਸ਼ ਕਰਕੇ ਹਾਜ਼ਰੀ ਲੁਆਈ। ਸਭਾ ਦੇ ਜਨਰਲ ਸਕੱਤਰ ਸ੍ਰੀ ਰਣਜੀਤ ਗੌਰਵ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਇਸ ਉਪਰੰਤ ਕਵੀ ਦਰਬਾਰ ਵੀ ਕਰਵਾਇਆ ਗਿਆ।

# ਸਰਕਾਰੀ ਕੰਨਿਆ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਅਮਲੋਹ ਵਿਖੇ ਪ੍ਰਿੰਸੀਪਲ ਨਰਿੰਦਰਜੀਤ ਕੌਰ ਦੀ ਅਗਵਾਈ ਵਿੱਚ ਤੀਆ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ. ਕੁਲਬੀਰ ਸਿੰਘ ਮੀਆਂਪੁਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਵਿਦਿਆਰਥਣਾਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਨੇ ਬਹੁਤ ਸਾਰੇ ਸੱਭਿਆਚਾਰਿਕ ਗੀਤਾਂ ਉੱਤੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਅਮਲੋਹ ਦੇ ਡੀ. ਐਸ. ਪੀ. ਮੈਡਮ ਹਰਪਿੰਦਰ ਕੌਰ ਗਿੱਲ, ਦਰਸ਼ਨ ਸਿੰਘ ਚੀਮਾ, ਡਾ. ਨਰਿੰਦਰ ਸਿੰਘ ਤੇ ਮੈਡਮ ਸੁਖਵਿੰਦਰ ਕੌਰ ਚੇਅਰਪਰਸਨ ਮਾਰਕੀਟ ਕਮੇਟੀ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਬੋਲਦਿਆਂ ਡੀ ਐਸ ਪੀ ਅਮਲੋਹ ਹਰਪਿੰਦਰ ਕੌਰ ਗਿੱਲ ਨੇ ਬੱਚੀਆਂ ਨੂੰ ਸਵੈ ਨਿਰਭਰ ਬਣਨ ਤੇ ਸਮਾਜ 'ਚ ਫੈਲੀਆਂ ਕੁਰੀਤੀਆਂ ਵਿਰੁੱਧ ਆਪਣੀ ਅਵਾਜ਼ ਬੁਲੰਦ ਕਰਨ ਲਈ ਪ੍ਰੇਰਿਆ। ਸ. ਦਰਸ਼ਨ ਸਿੰਘ ਚੀਮਾ ਨੇ ਪ੍ਰਿੰਸੀਪਲ ਨਰਿੰਦਰਜੀਤ ਕੌਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਦੋਂ ਦਾ ਮੈਡਮ ਨਰਿੰਦਰਜੀਤ ਕੌਰ ਨੇ ਸਕੂਲ ਦਾ ਕਾਰਜਭਾਗ ਸੰਭਾਲਿਆ ਹੈ, ਉਦੋਂ ਤੋਂ ਹੀ ਸਕੂਲ ਵਿੱਚ ਬੱਚੀਆਂ ਨੂੰ ਆਪਣੇ ਸੱਭਿਆਚਾਰ ਤੇ ਵਿਰਸੇ ਨਾਲ ਜੋੜਨ ਲਈ ਉਪਰਾਲੇ ਜਾਰੀ ਹਨ ਤੇ ਤੀਆਂ ਦਾ ਪ੍ਰੋਗਰਾਮ ਇਸੇ ਲੜੀ ਦਾ ਇੱਕ ਹਿੱਸਾ ਹੈ। ਇਸ ਮੌਕੇ ਸਕੂਲ ਸਟਾਫ ਤੇ ਪ੍ਰਿੰਸੀਪਲ ਵੱਲੋ ਆਏ ਹੋਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਬਲਜੀਤ ਸਿੰਘ ਲੈਕਚਰਾਰ ਤੇ ਸੀਮਤੀ ਰਾਜਵਿੰਦਰ ਕੌਰ ਵੱਲੋਂ ਬਾਖੂਬੀ ਨਿਭਾਈ ਗਈ।

# ਹਰ ਮਿਹਨਤੀ ਆਗੂ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਸਮੇਂ-ਸਮੇਂ ਅਹਿਮ ਜ਼ਿੰਮੇਵਾਰੀ ਸੌਂਪੀ : ਰਾਜੂ ਖੰਨਾ

**ਰਾਜੂ ਖੰਨਾ ਦੀ ਅਗਵਾਈ 'ਚ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਚਨਾਰਥਲ ਦਾ ਸਨਮਾਨ**

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸ਼੍ਰੋਮਣੀ ਅਕਾਲੀ ਦਲ ਹੀ ਇੱਕੋ ਇੱਕ ਅਜਿਹੀ ਪਾਰਟੀ ਹੈ, ਜਿਸ ਵੱਲੋਂ ਹਰ ਇੱਕ ਮਿਹਨਤੀ ਵਰਕਰ ਤੇ ਆਗੂ ਨੂੰ ਸਮੇਂ ਸਮੇਂ ਅਹਿਮ ਜ਼ਿੰਮੇਵਾਰੀ ਸੌਂਪ ਕੇ ਸੇਵਾ ਕਰਨ ਦਾ ਮਾਣ ਦਿੱਤਾ ਜਾਂਦਾ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਹਲਕਾ ਅਮਲੋਹ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਨਾਲ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ ਦੇ ਸਨਮਾਨ ਵਿੱਚ ਰੱਖੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਰਾਜੂ ਖੰਨਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਜ਼ਿਲ੍ਹਾ ਆਬਜ਼ਰਵਰ ਸੁਰਜੀਤ ਸਿੰਘ ਰੱਖੜਾ ਦੀ ਪਾਰਖੂ ਅੱਖ ਨੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਮਿਹਨਤੀ ਆਗੂ ਸ਼ਰਨਜੀਤ ਸਿੰਘ ਚਨਾਰਥਲ ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਸੇਵਾ ਸੌਂਪੀ ਹੈ, ਕਿਉਂਕਿ ਇਹ ਪਰਿਵਾਰ ਤਿੰਨ ਪੀੜ੍ਹੀਆਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਲਈ ਕਾਰਜ ਕਰਦਾ ਆ ਰਿਹਾ ਹੈ। ਰਾਜੂ ਖੰਨਾ ਨੇ ਜਥੇਦਾਰ ਚਨਾਰਥਲ ਤੋਂ ਆਸ ਪ੍ਰਗਟਾਈ ਕਿ ਉਹ ਪਿਛਲੇ ਲੰਮੇ ਸਮੇਂ ਦੀ ਤਰ੍ਹਾਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਜ਼ਿਲ੍ਹੇ ਅੰਦਰ ਕੰਮ ਕਰਦੇ ਰਹਿਣਗੇ।

ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਸਰਨਜੀਤ ਸਿੰਘ ਚਨਾਰਥਲ ਨੇ ਇਸ ਅਹਿਮ ਜ਼ਿੰਮੇਵਾਰੀ ਸੌਂਪਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਦਾ ਧੰਨਵਾਦ ਕੀਤਾ ਤੇ ਹਲਕਾ ਅਮਲੋਹ ਦੀ ਸਮੁੱਚੀ ਲੀਡਰਸ਼ਿਪ ਨੂੰ ਭਰੋਸਾ ਦਿੱਤਾ ਕਿ ਉਹ ਪਾਰਟੀ ਦੀ ਚੜ੍ਹਦੀ ਕਲਾ ਤੇ ਮਜ਼ਬੂਤੀ ਲਈ ਦਿਨ-ਰਾਤ ਕੰਮ ਕਰਦੇ ਰਹਿਣਗੇ। ਇਸ ਸਨਮਾਨ ਮੀਟਿੰਗ ਨੂੰ ਭਾਈ ਰਵਿੰਦਰ ਸਿੰਘ ਖਾਲਸਾ ਮੈਂਬਰ ਸ਼੍ਰੋਮਣੀ ਕਮੇਟੀ, ਕਰਮਜੀਤ ਸਿੰਘ ਭਗੜਾਣਾ, ਜਥੇਦਾਰ ਪਰਮਜੀਤ ਸਿੰਘ ਖਨਿਆਣ, ਕੈਪਟਨ ਜਸਵੰਤ ਸਿੰਘ ਬਾਜਵਾ, ਜਤਿੰਦਰ ਸਿੰਘ ਧਾਲੀਵਾਲ, ਜਥੇਦਾਰ ਕੁਲਦੀਪ ਸਿੰਘ ਮੁੱਢੜੀਆ, ਜਥੇਦਾਰ ਹਰਬੰਸ ਸਿੰਘ ਬਡਾਲੀ, ਜਥੇਦਾਰ ਜਰਨੈਲ ਸਿੰਘ ਮਾਜਰੀ, ਪ੍ਰਧਾਨ ਭਿੰਦਰ ਸਿੰਘ ਮੰਡੀ, ਜਥੇਦਾਰ ਨਾਜਰ ਸਿੰਘ ਮੰਡੀ, ਯੂਥ ਆਗੂ ਕੰਵਲਜੀਤ ਸਿੰਘ ਗਿੱਲ, ਸੋਮਨਾਥ ਅਜਨਾਲੀ ਕੌਂਸਲਰ, ਡਾ. ਅਰਜੁਨ ਸਿੰਘ ਅਮਲੋਹ, ਪ੍ਰਧਾਨ ਬੇਅੰਤ ਸਿੰਘ ਬੈਣਾ, ਪ੍ਰਧਾਨ ਰਾਕੇਸ਼ ਕੁਮਾਰ ਸਾਹੀ, ਰਣਜੀਤ ਸਿੰਘ ਘੋਲਾ, ਜਥੇਦਾਰ ਕਰਮ ਸਿੰਘ ਘੁਟੀਡ, ਜਥੇਦਾਰ ਸ਼ਰਧਾ ਸਿੰਘ ਛੰਨਾ, ਗੁਰਕੀਰਤ ਸਿੰਘ ਸਲਾਣਾ ਨੇ ਜਿੱਥੇ ਸੰਬੋਧਨ ਕੀਤਾ, ਉਥੇ ਹਲਕਾ ਅਮਲੋਹ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਵੱਲੋਂ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੀ ਅਗਵਾਈ 'ਚ ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ ਦਾ ਸਨਮਾਨ ਵੀ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਹਲਕਾ ਅਮਲੋਹ ਦੇ ਵਰਕਰ ਤੇ ਆਗੂ ਮੌਜੂਦ ਸਨ।



# ਮੈਡੀਕਲ ਪ੍ਰੈਕਟੀਸ਼ਨਰਾਂ ਨੇ ਮਲਕੀਤ ਥਿੰਦ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਦਿੱਤੀਆਂ ਵਧਾਈਆਂ

**ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਅਪੀਲ**



**ਜ਼ੀਰਾ (ਨਰਿੰਦਰ ਅਨੇਜਾ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਦੀ ਅਗਵਾਈ ਹੇਠ ਬਲਾਕ ਜ਼ੀਰਾ ਦੇ ਪ੍ਰਧਾਨ ਡਾਕਟਰ ਰਣਜੀਤ ਸਿੰਘ, ਪ੍ਰਧਾਨ ਡਾਕਟਰ ਗੁਰਦਿੱਤ ਸਿੰਘ ਤੇ ਬਲਾਕ ਮੱਲਾਂਵਾਲਾ ਦੇ ਪ੍ਰਧਾਨ ਡਾਕਟਰ ਗੁਰਪਿੰਦਰ ਸਿੰਘ ਨੇ ਗੁਰਦੁਆਰਾ ਠੱਠਾ ਸਾਹਿਬ (ਜ਼ੀਰਾ) ਨਤਮਸਤਕ ਹੋਣ ਲਈ ਪਹੁੰਚੇ ਆਮ ਆਦਮੀ ਪਾਰਟੀ ਦੇ ਨਵ-ਨਿਯੁਕਤ ਬਣਾਏ ਗਏ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਮਲਕੀਤ ਸਿੰਘ ਥਿੰਦ ਨੂੰ ਪ੍ਰਧਾਨ ਬਣਾਏ ਜਾਣ 'ਤੇ ਵਧਾਈਆਂ ਦਿੱਤੀਆਂ ਤੇ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕੀਤੀ ਕਿ ਉਹ ਆਪਣੇ ਇਸ ਅਹੁਦੇ ਦਾ ਸਦਉਪਯੋਗ ਕਰਦੇ ਹੋਏ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨ। ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਮੁੱਦਿਆਂ ਲੰਮੇ ਸਿਰ ਤੋਂ ਆ ਰਹੀ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਨਾਲ ਉਪਰੋਕਤ ਸੀਨੀਅਰ ਆਗੂਆਂ ਤੋਂ ਇਲਾਵਾ ਜ਼ਿਲ੍ਹਾ ਕੈਸ਼ੀਅਰ ਡਾਕਟਰ ਬਿਸ਼ਨ ਚੰਦ, ਸਰਪ੍ਰਸਤ ਡਾਕਟਰ ਆਤਮਾ ਸਿੰਘ, ਚੇਅਰਮੈਨ ਡਾਕਟਰ ਜਸਵੰਤ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਸੋਢੀ ਵਾਲਾ, ਮੀਤ ਪ੍ਰਧਾਨ ਡਾਕਟਰ ਅਜਮੇਰ ਸਿੰਘ ਢੇਰੂ, ਵਾਈਸ ਜਨਰਲ ਸਕੱਤਰ ਡਾਕਟਰ ਜਗਮੀਤ ਸਿੰਘ, ਸੀਨੀਅਰ ਆਗੂ ਡਾਕਟਰ ਰਛਪਾਲ ਸਿੰਘ ਗੋਰਾ, ਵਾਈਸ ਕੈਸ਼ੀਅਰ ਡਾਕਟਰ ਕੁਲਬੀਰ ਸਿੰਘ, ਸਟੇਜ ਸਕੱਤਰ ਡਾਕਟਰ ਸੰਤੋਖ ਸਿੰਘ ਸੰਤੂਵਾਲਾ, ਡਾਕਟਰ ਕੁਲਵਿੰਦਰ ਸਿੰਘ, ਡਾਕਟਰ ਮੁਖਤਿਆਰ ਸਿੰਘ, ਸੀਨੀਅਰ ਮੈਂਬਰ ਸਰਬਜੀਤ ਸ਼ਰਮਾ, ਡਾਕਟਰ ਜੋਰਾ ਸਿੰਘ, ਡਾਕਟਰ ਹਰਦੀਪ ਸਿੰਘ, ਡਾਕਟਰ ਗੁਰਜੰਟ ਸਿੰਘ, ਡਾਕਟਰ ਸਰਬਜੀਤ ਸਿੰਘ, ਡਾਕਟਰ ਹਰਪ੍ਰੀਤ ਸਿੰਘ ਨੇ ਵੀ ਵਧਾਈਆਂ ਦਿੱਤੀਆਂ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੀ ਬਲਾਕ ਪੱਧਰੀ ਮੀਟਿੰਗ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੀ ਬਲਾਕ ਪੱਧਰੀ ਮੀਟਿੰਗ ਇਥੇ ਹੋਈ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਅਮਰਜੀਤ ਕੁੱਕੂ, ਜ਼ਿਲ੍ਹਾ ਜੁਆਇੰਟ ਸਕੱਤਰ ਬਲਦੇਵ ਸਿੰਘ ਧਨੇਰ ਨੇ ਕਿਹਾ ਕਿ ਸੂਬਾ ਤੇ ਕੇਂਦਰ ਸਰਕਾਰ ਦੀ ਆਪਸੀ ਖਿੱਚੋਤਾਣ ਕਾਰਨ ਪੰਜਾਬ ਦੀ ਆਰਥਿਕਤਾ ਦਿਨੋਂ ਦਿਨ ਨਿੱਘਰਦੀ ਜਾ ਰਹੀ ਹੈ। ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਨਾਲ ਮਤਰੇਈ ਵਾਲਾ ਸਲੂਕ ਕਰ ਰਹੀ ਹੈ, ਪੰਜਾਬ ਦੇ ਹਾਲਾਤ ਨੂੰ ਜਾਣ ਬੁੱਝ ਕੇ ਖਰਾਬ ਕਰਨ 'ਤੇ ਤੁਲੀ ਹੋਈ ਹੈ ਤਾਂ ਕਿ ਹਾਲਾਤ ਦਾ ਬਹਾਨਾ ਬਣਾ ਕੇ ਇਥੇ ਰਾਸ਼ਟਰਪਤੀ ਰਾਜ ਲਾਗੂ ਕਰ ਕੇ ਹੱਕਾਂ ਲਈ ਲੜ ਰਹੇ ਲੋਕਾਂ ਦੀ ਸੰਘੀ ਸੌਖਿਆਂ ਹੀ ਘੁੱਟੀ ਜਾ ਸਕੇ। ਜਿੱਥੇ ਕੇਂਦਰ ਸਰਕਾਰ ਰਾਸ਼ਟਰਪਤੀ ਰਾਜ ਲਾਗੂ ਕਰ ਕੇ ਜਬਰ ਦਾ ਕੁਹਾੜਾ ਵਾਹੁਣ ਲਈ ਤਿਆਰ ਹੈ, ਉਥੇ ਪੰਜਾਬ ਸਰਕਾਰ ਪੰਜਾਬ ਅੰਦਰ ਐਸਮਾ ਲਾਗੂ ਕਰਕੇ ਸੰਘਰਸ਼ਸ਼ੀਲ ਲੋਕਾਂ ਲਈ ਜੇਲ੍ਹਾਂ ਦੇ ਬੂਹੇ ਖੋਲ੍ਹ ਦਿੱਤੇ ਹਨ। ਸੂਬੇ ਅੰਦਰ ਹੜ੍ਹਾਂ ਕਾਰਨ ਲੋਕਾਂ ਦਾ ਆਰਥਿਕ ਤੇ ਜਾਨੀ ਨੁਕਸਾਨ ਹੋ ਗਿਆ ਹੈ, ਪਰ ਬਿਪਤਾ ਮਾਰੇ ਲੋਕਾਂ ਦੀ ਬਾਂਹ ਫੜਨ ਦੀ ਬਜਾਏ ਸਰਕਾਰਾਂ ਦਾ ਧਿਆਨ ਸਿਰਫ 2024 ਦੀਆਂ ਆ ਰਹੀਆਂ ਵੋਟਾਂ ਵਟੋਰਨ ਵੱਲ ਹੈ। ਇਸ ਮੀਟਿੰਗ ਵਿੱਚ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਵਿਸ਼ਾਲ ਪੱਧਰ 'ਤੇ ਮਨਾਉਣ ਲਈ ਵੀ ਵਿਚਾਰ ਵਿਟਾਂਦਰਾ ਕੀਤਾ ਗਿਆ। ਇਸ ਮੌਕੇ ਚੇਅਰਮੈਨ ਹਰਮੇਲ ਸਿੰਘ ਮਿੰਟਾ, ਸਕੱਤਰ ਮਨਜੀਤ ਸਿੰਘ ਠੀਕਰੀਵਾਲਾ, ਦਰਬਾਰਾ ਸਿੰਘ ਧਨੇਰ, ਨਿੰਦਰ ਸਿੰਘ ਮਹਿਲ ਖੁਰਦ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੀਟਿੰਗ ਵਿੱਚ ਕਮਲ ਠੀਕਰੀਵਾਲਾ ਬਲਜੀਤ ਸਿੰਘ ਮਹਿਲ ਖੁਰਦ, ਸੁਖਵਿੰਦਰ ਸਿੰਘ ਠੁੱਲੀਵਾਲ, ਬੂਟਾ ਸਿੰਘ, ਦੀਪਕ ਕੁਮਾਰ, ਜਗਜੀਤ ਸਿੰਘ ਠੀਕਰੀਵਾਲਾ, ਗੁਰਮੇਲ ਸਿੰਘ ਕੁਰੜ, ਮੇਜਰ ਸਿੰਘ ਗੰਗਹੋਰ, ਅਮਨ ਦੇਵ ਕਲਾਲ ਮਾਜਰਾ ਆਦਿ ਹਾਜ਼ਰ ਸਨ।

# 'ਇਕ ਦੇਸ਼, ਇਕ ਚੋਣ' ਦੀ ਹੁਕਮਰਾਨਾਂ ਦੀ ਨੀਤੀ ਨਾਲ ਵੱਡੀ ਗਿਣਤੀ ਸੂਬਿਆਂ ਦੀ ਜਮਹੂਰੀਅਤ ਦਾ ਕਤਲ ਹੋਵੇਗਾ : ਮਾਨ

**ਕੀ ਪ੍ਰੈਜ਼ੀਡੈਂਟ ਜਾਂ ਗਵਰਨਰ ਵੱਲੋਂ ਮੁਲਕ ਜਾਂ ਸੂਬੇ ਦੀ ਸਰਕਾਰ ਨੂੰ ਭੰਗ ਕਰਨ ਦੇ ਅਧਿਕਾਰ ਖਤਮ ਹੋ ਜਾਣਗੇ ?**

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-'ਇੰਡੀਆ ਦੀ ਸ੍ਰੀ ਮੋਦੀ ਮੁਤੱਸਵੀ ਹਕੂਮਤ ਵੱਲੋਂ ਆਪਣੀ 'ਹਿੰਦੂਰਾਸ਼ਟਰ' ਨੂੰ ਕਾਇਮ ਕਰਨ ਦੀ ਮੰਦਭਾਵਨਾ ਭਰੀ ਸੋਚ ਅਧੀਨ ਸੂਬਿਆਂ ਨੂੰ ਵਿਧਾਨਕ ਤੌਰ 'ਤੇ ਮਿਲੇ ਵਾਧੂ ਅਧਿਕਾਰਾਂ ਨੂੰ ਖਤਮ ਕਰਕੇ ਸੈਂਟਰ ਸਰਕਾਰ ਦੀਆਂ ਸ਼ਕਤੀਆਂ ਵਿੱਚ ਵਾਧਾ ਤੇ ਕੇਂਦਰਿਤ ਕਰਨ ਦੀ ਜਮਹੂਰੀਅਤ ਵਿਰੋਧੀ ਸੋਚ ਅਧੀਨ 'ਇਕ ਦੇਸ਼, ਇਕ ਚੋਣ' ਦੀ ਨੀਤੀ ਨੂੰ ਲਾਗੂ ਕਰਨ ਦੇ ਅਮਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਕੀ ਇਸ ਨਾਲ ਸਮੁੱਚੇ ਮੁਲਕ ਵਿੱਚ ਸਭਨਾਂ ਕੌਮਾਂ, ਧਰਮਾਂ, ਫਿਰਕਿਆਂ, ਕਬੀਲਿਆਂ, ਸੂਬਿਆਂ ਦੇ ਨਿਵਾਸੀਆਂ ਨੂੰ ਹਰ ਖੇਤਰ ਵਿੱਚ ਬਰਾਬਰਤਾ ਦੇ ਅਧਿਕਾਰ ਹਾਸਲ ਹੋ ਸਕਣਗੇ ਜਾਂ ਫਿਰ ਇਸੇ ਤਰ੍ਹਾਂ ਹੁਕਮਰਾਨ ਘੱਟ ਗਿਣਤੀ ਕੌਮਾਂ ਦੇ ਹੱਕਾਂ ਨੂੰ ਕੁਚਲਣ ਤੇ ਉਨ੍ਹਾਂ ਨੂੰ ਗੁਲਾਮ ਬਣਾਉਣ ਦੇ ਅਮਲ ਜਾਰੀ ਰੱਖਣਗੇ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 'ਇਕ ਦੇਸ਼, ਇਕ ਚੋਣ' ਦੀ ਪ੍ਰਕਿਰਿਆ ਉਤੇ ਹੁਕਮਰਾਨਾਂ ਵੱਲੋਂ ਆਉਣ ਵਾਲੇ ਸਮੇਂ ਵਿੱਚ ਅਮਲ ਕੀਤੇ ਜਾਣ ਉਤੇ ਗਹਿਰੀ ਸ਼ੰਕਾ ਜ਼ਾਹਰ ਕਰਦੇ ਹੋਏ ਅਤੇ ਘੱਟ ਗਿਣਤੀਆਂ ਦੇ ਹੱਕ ਹਕੂਕਾਂ ਨੂੰ ਤੇ ਜਮਹੂਰੀਅਤ ਨੂੰ ਖਤਮ ਕਰਨ ਸੰਬੰਧੀ ਅਮਲ ਕਰਾਰ ਦਿੰਦੇ ਹੋਏ ਇਸ ਨੂੰ ਪ੍ਰਵਾਨ ਨਾ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਜਿਨ੍ਹਾਂ ਸੂਬਿਆਂ ਦੀਆਂ ਵੱਖ-ਵੱਖ ਸਮਿਆਂ 'ਤੇ ਅਸੈਂਬਲੀ ਦੀਆਂ ਚੋਣਾਂ ਹੁੰਦੀਆਂ ਹਨ ਅਤੇ ਜਿਨ੍ਹਾਂ ਦਾ ਪਾਰਲੀਮੈਂਟ ਚੋਣਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ, ਫਿਰ ਉਨ੍ਹਾਂ ਸੂਬਿਆਂ ਦੀ ਜਮਹੂਰੀ ਹੱਕਾਂ ਦੀ ਰਖਵਾਲੀ ਕਿਵੇਂ ਹੋ ਸਕੇਗੀ? ਕੀ ਸਮੁੱਚੇ ਮੁਲਕ ਦੀ ਪਾਰਲੀਮੈਂਟ ਚੋਣਾਂ ਦੇ ਨਾਲ ਸਮੁੱਚੇ ਸੂਬਿਆਂ ਦੀਆਂ ਅਸੈਂਬਲੀ ਦੀਆਂ ਚੋਣਾਂ ਇਕੋ ਸਮੇਂ ਹੋਣ ਦਾ ਪ੍ਰਬੰਧ ਹੋ ਸਕੇਗਾ? ਜੋ ਵੱਖ-ਵੱਖ ਸੂਬਿਆਂ ਦੇ ਗਵਰਨਰ ਆਪਣੇ ਵਿਧਾਨਕ ਅਧਿਕਾਰਾਂ ਦੀ ਹੁਕਮਰਾਨਾਂ ਦੀਆਂ ਇਛਾਵਾਂ ਨੂੰ ਪੂਰਨ ਕਰਨ ਹਿਤ ਕਈ ਵਾਰੀ ਬਿਨਾਂ ਕਿਸੇ ਵਜ੍ਹਾ ਦੇ ਅਸੈਂਬਲੀਆਂ ਭੰਗ ਕਰ ਦਿੰਦੇ ਹਨ ਅਤੇ ਉਨ੍ਹਾਂ ਦੇ ਰਹਿੰਦੇ ਸਮੇਂ ਦੀ ਜਮਹੂਰੀਅਤ ਨੂੰ ਭੰਗ ਕਰਨ ਦੇ ਅਕਸਰ ਹੀ ਅਮਲ ਹੁੰਦੇ ਆ ਰਹੇ ਹਨ, ਕੀ ਉਹ ਇਸ ਪ੍ਰਣਾਲੀ ਰਾਹੀਂ ਇਹ ਜਬਰ ਜ਼ੁਲਮ ਬੰਦ ਕੀਤਾ ਜਾਵੇਗਾ? ਉਨ੍ਹਾਂ ਕਿਹਾ ਕਿ ਜੋ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵਿਧਾਨਕ ਨਿਯਮਾਂ ਦਾ ਉਲੰਘਣ ਕਰਕੇ ਪੰਜਾਬ ਦੀਆਂ ਪੰਚਾਇਤਾਂ ਨੂੰ ਭੰਗ ਕਰਨ ਦਾ ਅਮਲ ਕੀਤਾ ਸੀ, ਜੋ ਜਮਹੂਰੀਅਤ ਵਿਰੋਧੀ ਸੀ, ਉਸ ਨੂੰ ਪੰਜਾਬ ਸਰਕਾਰ ਨੂੰ ਮੂੰਹ ਦੀ ਖਾਣੀ ਪਈ, ਫਿਰ ਉਹ ਕੰਮ ਨਾ ਹੋਵੇ ਕਿ ਹੁਕਮਰਾਨਾਂ ਨੂੰ ਫਿਰ ਬਾਅਦ ਵਿੱਚ ਪਛਤਾਉਣਾ ਪਵੇ। ਸਾਨੂੰ ਸਮਝਾਇਆ ਜਾਵੇ ਕਿ 2024 ਦੀਆਂ ਪਾਰਲੀਮੈਂਟ ਚੋਣਾਂ ਉਪਰੰਤ, ਜੋ ਪਾਰਲੀਮੈਂਟ ਹੋਂਦ ਵਿੱਚ ਆਵੇਗੀ, ਉਸ ਨੂੰ ਅੱਧ-ਵਿਚਕਾਰ ਜੇਕਰ ਭੰਗ ਕਰ ਦਿੱਤਾ ਜਾਵੇ ਤਾਂ ਫਿਰ ਪੂਰੇ ਸਟੇਟ ਦੀਆਂ ਚੋਣਾਂ ਫਿਰ ਹੋਣਗੀਆਂ? ਇਸੇ ਸੰਬੰਧ ਵਿੱਚ ਜੋ ਗਵਰਨਰ ਪੰਜਾਬ, ਪੰਜਾਬ ਸਰਕਾਰ ਨੂੰ ਭੰਗ ਕਰਨ ਦੀਆਂ ਨਿੱਤ ਦਿਹਾੜੇ ਧਮਕੀਆਂ ਦੇ ਕੇ ਪ੍ਰੈਜ਼ੀਡੈਂਟ ਰੂਲ ਲਾਗੂ ਕਰਨ ਦੀ ਗੱਲ ਕਰ ਰਹੇ ਹਨ, ਫਿਰ ਇਸ ਵਿਧਾਨਕ ਕਾਨੂੰਨ ਤੇ ਨਿਯਮ ਦੀ ਕੀ ਸਥਿਤੀ ਹੋਵੇਗੀ? ਉਨ੍ਹਾ ਕਿਹਾ ਕਿ ਮੌਜੂਦਾ ਹਿੰਦੂਤਵ ਹੁਕਮਰਾਨਾਂ ਨੇ ਅੱਜ ਤੱਕ ਕਿਸੇ ਵੀ ਸਟੇਟ 'ਤੇ ਰਾਜ ਨਹੀਂ ਕੀਤਾ, ਸਿਵਾਏ ਅਯੁੱਧਿਆ ਵਿੱਚ ਜੋ ਕਿ ਇਕ ਮਿਥਿਹਾਸ ਹੈ। ਇਨ੍ਹਾਂ ਨੂੰ ਰਾਜਨੀਤੀ ਤੇ ਸਟੇਟ ਦੇ ਪ੍ਰਬੰਧ ਬਾਰੇ ਕੋਈ ਜਾਣਕਾਰੀ ਨਹੀਂ, ਇਨ੍ਹਾਂ ਨੇ ਕਾਨੂੰਨ ਦੀ ਦੁਰਵਰਤੋਂ ਕਰਕੇ ਮੁਸਲਿਮ ਕੌਮ ਦੀ ਬਾਬਰੀ ਮਸਜਿਦ ਨੂੰ ਗੈਰ-ਕਾਨੂੰਨੀ ਢੰਗ ਨਾਲ ਢਹਿ-ਢੇਰੀ ਕਰਕੇ ਕੇਵਲ ਮੁਸਲਿਮ ਕੌਮ ਦੇ ਮਨ-ਆਤਮਾ ਨੂੰ ਹੀ ਡੂੰਘੀ ਠੇਸ ਨਹੀਂ ਪਹੁੰਚਾਈ, ਬਲਕਿ ਘੱਟ ਗਿਣਤੀ ਕੌਮਾਂ ਦੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਪਿਰਤ ਪਾ ਕੇ ਬਹੁਤ ਹੀ ਸ਼ਰਮਿੰਦਗੀ ਵਾਲੇ ਅਮਲ ਕੀਤੇ ਹਨ। ਇਨ੍ਹਾਂ ਦੀਆਂ ਸੋਚਾਂ ਤੇ ਸਕੀਮਾਂ ਜ਼ਰੂਰ ਨਵੀਆਂ ਹਨ, ਪਰ ਉਨ੍ਹਾਂ ਦੇ ਨਿਕਲਣ ਵਾਲੇ ਮਾਰੂ ਨਤੀਜਿਆਂ ਤੋਂ ਇਹ ਬੇਖਬਰ ਹਨ।

# ਪੁਲਸ ਨੇ ਮਦਰੱਸਾ 'ਚ ਨਸ਼ਾ ਤਸਕਰ ਦੇ ਘਰ ਨੂੰ ਕੀਤਾ ਸੀਲ



**ਸ੍ਰੀ ਮੁਕਤਸਰ ਸਾਹਿਬ/ਮਲੋਟ (ਸ਼ਮਿੰਦਰਪਾਲ, ਪੂਜਾ, ਗੁਰਮੀਤ ਮੱਕੜ)**-ਹਰਮਨਬੀਰ ਸਿੰਘ ਗਿੱਲ ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਵੱਖ ਵੱਖ ਪੁਲਸ ਟੀਮਾਂ ਬਣਾ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ, ਉਥੇ ਹੀ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਹੀ ਫ਼ਤਿਹ ਸਿੰਘ ਬਰਾੜ ਡੀ.ਐਸ.ਪੀ. (ਮਲੋਟ) ਵੱਲੋਂ ਮੰਡੀ ਲੱਖੇਵਾਲੀ ਦੇ ਪਿੰਡ ਮਦਰੱਸਾ ਦੇ ਸਰਬਜੀਤ ਸਿੰਘ ਉਰਫ ਗੱਗੂ ਪੁੱਤਰ ਚੰਨਾ ਸਿੰਘ ਦੇ ਘਰ ਘਰ ਨੂੰ ਸੀਲ ਕਰਨ ਸਬੰਧੀ ਨੋਟਿਸ ਲਾਇਆ ਗਿਆ। ਇਸ ਮੌਕੇ ਡੀ.ਐਸ.ਪੀ. ਮਲੋਟ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਸਖਤ ਹਦਾਇਤਾਂ ਅਨੁਸਾਰ ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ, ਜਿਸ ਤਹਿਤ ਜਿਹੜੇ ਬਦਨਾਮ ਵਿਅਕਤੀ ਹਨ, ਜੋ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਹਨ ਜਾਂ ਜਿਨ੍ਹਾਂ ਤੋਂ ਵੱਡੀ ਮਾਤਰਾ ਵਿੱਚ ਨਸ਼ੇ ਫੜੇ ਗਏ ਅਤੇ ਉਨਾਂ ਤੇ ਮੁਕੱਦਮੇ ਦਰਜ ਕੀਤੇ ਗਏ ਹਨ, ਉਨ੍ਹਾਂ ਦੀ ਪ੍ਰੋਪਰਟੀ ਦੇ ਕਾਗਜ਼ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਦਿੱਲੀ ਨੂੰ ਭੇਜ ਕੇ ਉਸ ਪ੍ਰੋਪਰਟੀ ਨੂੰ ਸੀਲ ਕਰਵਾਇਆ ਜਾ ਰਿਹਾ ਹੈ। ਇਸੇ ਤਹਿਤ ਹੀ ਪਿੰਡ ਮਦਰੱਸਾ ਦੇ ਸਰਬਜੀਤ ਸਿੰਘ ਉਰਫ ਗੱਗੂ ਪੁੱਤਰ ਚੰਨਾ ਸਿੰਘ ਤੋਂ ਭਾਰੀ ਮਾਤਰਾ ਵਿੱਚ ਨਸ਼ੀਲੀਆਂ ਗੋਲੀਆਂ ਤੇ ਹੋਰ ਨਸ਼ੇ ਮਿਲਣ 'ਤੇ ਉਸ ਖਿਲਾਫ ਮੁਕੱਦਮਾ ਦਰਜ ਕਰ, ਜਿਸ ਦੇ ਘਰ ਨੂੰ ਕੰਪੀਟੈਂਟ ਅਥਾਰਟੀ ਦਿੱਲੀ ਦੇ ਤਹਿਤ ਸੀਲ ਕਰਵਾ ਕੇ ਜਿਸ ਦਾ ਨੋਟਿਸ ਅਸੀਂ ਉਸ ਦੇ ਘਰ ਦੇ ਬਾਹਰ ਲਗਾਇਆ ਹੈ ਕਿ ਹੁਣ ਉਹ ਇਹ ਘਰ ਨਹੀਂ ਵੇਚ ਸਕੇਗਾ, ਜਿਸ ਦਾ ਕੇਸ ਕੰਪੀਟੈਂਟ ਅਥਾਰਟੀ ਦਿੱਲੀ ਪਾਸ ਚੱਲੇਗਾ। ਉਨ੍ਹਾਂ ਕਿਹਾ ਕਿ ਨਸ਼ੇ ਦੀ ਤਸਕਰੀ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅੱਗੇ ਤੋਂ ਵੀ ਨਸ਼ਾ ਵੇਚਣ ਵਾਲਿਆਂ ਖਿਲਾਫ ਅਸੀਂ ਕੇਸ ਤਿਆਰ ਕਰਕੇ ਉੱਪਰ ਭੇਜਦੇ ਰਹਾਂਗੇ ਤੇ ਉਪਰੋਂ ਹੁਕਮ ਆਉਣ ਤੇ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

# ਸਪੀਕਰ ਸੰਧਵਾਂ ਵੱਲੋਂ 'ਨਸ਼ੇ ਭਜਾਈਏ-ਜਵਾਨੀ ਬਚਾਈਏ' ਮੁਹਿੰਮ ਦਾ ਆਗਾਜ਼

## ਹਲਕੇ ਦੇ ਲਗਭਗ ਦਰਜਨ ਪਿੰਡਾਂ 'ਚ ਖੁਦ ਪਹੁੰਚ ਕੇ ਲੋਕਾਂ ਨੂੰ ਕੀਤਾ ਜਾਗਰੂਕ



ਕੋਟਕਪੂਰਾ (ਰਛਪਾਲ ਭੁੱਲਰ)
ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਵੱਲੋਂ ਪੰਜਾਬ ਨੂੰ ਨਸ਼ੇ ਦੇ ਰੂਪ 'ਚ ਲੱਗੇ ਕੋਹੜ ਤੋਂ ਬਚਾਉਣ ਲਈ ਸ਼ੁਰੂ ਕੀਤੀ 'ਨਸ਼ੇ ਭਜਾਈਏ-ਜਵਾਨੀ ਬਚਾਈਏ' ਮੁਹਿੰਮ ਤਹਿਤ ਨੌਜਵਾਨਾਂ ਨੂੰ ਜਾਗਰੂਕ ਕਰਨ ਤੇ ਨਸ਼ੇ ਦੀ ਗ੍ਰਿਫਤ ਵਿੱਚ ਆ ਚੁੱਕੇ ਨੌਜਵਾਨਾਂ ਨੂੰ ਇਸ ਗੁਲਾਮੀ 'ਚੋਂ ਬਾਹਰ ਆਉਣ ਲਈ ਪ੍ਰੇਰਿਤ ਕਰਨ ਹਿੱਤ ਹਲਕੇ ਦੇ ਪਿੰਡਾਂ ਸੰਧਵਾਂ, ਕੋਠੇ ਚਹਿਲ, ਚਹਿਲ, ਟਹਿਣਾ, ਨਵਾਂ ਟਹਿਣਾ, ਪੱਕਾ, ਮੋਰਾਂਵਾਲੀ, ਕਲੇਰ, ਮਿਸ਼ਰੀਵਾਲਾ, ਘੁਮਿਆਰਾ ਤੇ ਚੰਦਬਾਜ਼ਾ ਆਦਿ ਵਿੱਚ ਵਿਸ਼ੇਸ਼ ਤੌਰ 'ਤੇ ਖੁਦ ਪਹੁੰਚ ਕਰਕੇ ਨੌਜਵਾਨਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਤੇ ਐੱਸ.ਐੱਸ.ਪੀ. ਹਰਜੀਤ ਸਿੰਘ ਸਮੇਤ ਹੋਰ ਵੀ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉੱਘੀਆਂ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

ਆਪਣੇ ਸੰਬੋਧਨ ਵਿੱਚ ਸਪੀਕਰ ਸੰਧਵਾਂ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਜਿਉਣ ਲਈ ਜਾਗਰੂਕ ਕਰਨਾ ਹੈ। ਉਨ੍ਹਾ ਕਿਹਾ ਕਿ ਦਿਲ ਨਾ ਛੱਡੋ ਹਰ ਕੋਈ ਇਸ ਦਲਦਲ 'ਚੋਂ ਨਿਕਲ ਕੇ ਇਕ ਨਵੀਂ ਸ਼ੁਰੂਆਤ ਕਰ ਸਕਦਾ ਹੈ। ਸਪੀਕਰ ਸੰਧਵਾਂ ਦੇ ਵਿਚਾਰ ਸੁਣਨ ਲਈ ਲਗਭਗ ਹਰ ਪਿੰਡ ਵਿੱਚ ਹੀ ਭਾਰੀ ਗਿਣਤੀ ਵਿੱਚ ਮਰਦ-ਔਰਤਾਂ, ਨੌਜਵਾਨਾਂ ਤੇ ਬੱਚਿਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਜਿੱਥੇ ਸਪੀਕਰ ਸੰਧਵਾਂ ਨੇ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਡੋਡ, ਚੱਕ ਸਾਹੂ, ਮੁਮਾਰਾ ਆਦਿ ਸਮੇਤ ਹੋਰ ਵੀ ਅਨੇਕਾਂ ਉਹ ਨੌਜਵਾਨ ਸਾਰਿਆਂ ਦੇ ਸਨਮੁੱਖ ਕੀਤੇ, ਜੋ ਕਈ-ਕਈ ਸਾਲ ਨਸ਼ੇ ਦੀ ਗ੍ਰਿਫਤ ਵਿੱਚ ਫਸੇ ਹੋਣ ਦੇ ਬਾਵਜੂਦ ਨਸ਼ੇ ਦਾ ਮੁਕੰਮਲ ਤਿਆਗ ਕਰਕੇ ਆਨੰਦਮਈ ਜੀਵਨ ਬਤੀਤ ਕਰ ਰਹੇ ਹਨ। ਉਕਤ ਨੌਜਵਾਨਾਂ ਨੇ ਖੁਦ ਵੀ ਨਰਕ ਤੋਂ ਸਵਰਗ ਵੱਲ ਪਰਤੀ ਆਪਣੀ ਜ਼ਿੰਦਗੀ ਦੀ ਰਵਾਨਗੀ ਦਾ ਅੰਕੜਿਆਂ ਸਹਿਤ ਦਲੀਲਾਂ ਨਾਲ ਜ਼ਿਕਰ ਕਰਦਿਆਂ ਆਖਿਆ ਕਿ ਨਸ਼ਾ ਕੋਈ ਐਨੀ ਵੱਡੀ ਬਿਮਾਰੀ ਨਹੀਂ, ਜਿਸ ਦਾ ਤਿਆਗ ਨਾ ਕੀਤਾ ਜਾ ਸਕਦਾ ਹੋਵੇ। ਉੱਘੇ ਲੋਕ ਗਾਇਕ ਹਰਿੰਦਰ ਸੰਧੂ ਨੇ ਉਸਾਰੂ ਦਲੀਲਾਂ ਦਿੰਦਿਆਂ ਕੁਝ ਚੰਗੀ ਸੇਧ ਵਾਲੇ ਗੀਤਾਂ ਨਾਲ ਵੀ ਹਾਜ਼ਰੀ ਲਵਾਈ, ਜਦਕਿ ਇਲਾਕੇ ਦੀ ਪ੍ਰਸਿੱਧ ਧਾਰਮਿਕ ਸ਼ਖ਼ਸੀਅਤ ਸਤਨਾਮ ਸਿੰਘ ਚੰਦੜ ਨੇ ਨਸ਼ੇ ਦੀ ਲੱਤ ਲੱਗਣ, ਬਚਾਅ, ਇਲਾਜ ਤੇ ਨਸ਼ਾ ਛੱਡਣ ਦੇ ਵੱਖ ਵੱਖ ਢੰਗ ਤਰੀਕਿਆਂ ਦਾ ਜ਼ਿਕਰ ਕਰਨ ਉਪਰੰਤ ਉਨ੍ਹਾਂ ਵੀ ਕੁਝ ਅਜਿਹੇ ਨੌਜਵਾਨਾਂ ਨੂੰ ਲਗਭਗ ਸਾਰਿਆਂ ਪਿੰਡਾਂ ਦੀਆਂ ਸੱਥਾਂ ਵਿੱਚ ਪੇਸ਼ ਕੀਤਾ, ਜੋ ਨਸ਼ੇ ਨੂੰ ਸਦਾ ਲਈ ਤਿਲਾਂਜਲੀ ਦੇ ਚੁੱਕੇ ਹਨ। ਸਪੀਕਰ ਸੰਧਵਾਂ ਨੇ ਨਸ਼ੇ ਦੀ ਗ੍ਰਿਫਤ 'ਚ ਆਏ ਨੌਜਵਾਨਾਂ ਦੇ ਮਾਪਿਆਂ ਨੂੰ ਹੌਸਲਾ ਦਿੱਤਾ ਕਿ ਜਲਦੀ ਹੀ ਉਨ੍ਹਾਂ ਦੇ ਬੱਚੇ ਵੀ ਦੂਜੇ ਬੱਚਿਆਂ, ਜੋ ਨਸ਼ਾ ਛੱਡ ਚੁੱਕੇ ਹਨ, ਵਾਂਗ ਅਪਣਾ ਨਵਾਂ ਜੀਵਨ ਬਤੀਤ ਕਰਨਗੇ। ਉਨ੍ਹਾ ਕਿਹਾ ਕਿ ਨਸ਼ਿਆਂ ਦੀ ਗ੍ਰਿਫਤ ਵਿੱਚ ਆ ਚੁੱਕੇ ਲੋਕਾਂ ਨੂੰ ਨਸ਼ਾ ਛੁਡਾਉਣ ਤੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ 'ਚ ਮੁੜ ਸ਼ਾਮਲ ਕਰਨ ਅਤੇ ਵਧੀਆ ਪਰਿਵਾਰਕ ਜੀਵਨ ਜਿਉਣ ਲਈ ਸਮਾਜ ਦੇ ਸਾਰੇ ਵਰਗਾਂ ਦਾ ਸਹਿਯੋਗ ਜ਼ਰੂਰੀ ਹੈ। ਉਨਾਂ ਆਖਿਆ ਕਿ ਜਿਲਾ ਪ੍ਰਸ਼ਾਸਨ, ਪੁਲਸ, ਸਿਹਤ ਵਿਭਾਗ ਸਮੇਤ ਸਾਰੇ ਵਿਭਾਗ ਇਸ ਮੁਹਿੰਮ ਨੂੰ ਅੱਗੇ ਵਧਾਉਣ ਤੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਕੰਮ ਕਰਨ ਤਾਂ ਜੋ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ। ਸਪੀਕਰ ਸੰਧਵਾਂ ਨੇ ਕਿਹਾ ਕਿ ਜ਼ਿਲ੍ਹੇ 'ਚ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਦੀ ਸਖਤ ਨਿੰਦਾ



ਦੋਰਾਹਾ (ਹਰਮਿੰਦਰ ਸੇਠ)-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਕ੍ਰਿਸ਼ਨ ਕੁਮਾਰ ਕੌਸ਼ਲ ਯਾਦਗਾਰੀ ਭਵਨ ਵਿਖੇ ਹੋਈ ਮਹੀਨਾਵਾਰ ਮੀਟਿੰਗ ਵਿੱਚ ਪੈਨਸ਼ਨਰਜ਼ ਨੂੰ ਦਰਪੇਸ਼ ਮੁਸ਼ਕਲਾਂ 'ਤੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ ਅਤੇ ਸਰਕਾਰ ਦੀ ਮੁਲਾਜ਼ਮ ਤੇ ਪੈਨਸ਼ਨਰਜ਼ ਵਿਰੋਧੀ ਨੀਤੀਆਂ ਦੀ ਸਖਤ ਨਿੰਦਿਆ ਕੀਤੀ ਗਈ। ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਆਮ ਆਦਮੀ ਪਾਰਟੀ ਨੂੰ ਜਿਤਾਉਣ ਲਈ ਅਹਿਮ ਭੂਮਿਕਾ ਨਿਭਾਈ ਸੀ, ਪ੍ਰੰਤੂ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ 'ਤੇ ਪੈਨਸ਼ਨਰਾਂ ਦੀ ਇੱਕ ਵੀ ਮੰਗ ਨਾ ਮੰਨ ਕੇ ਧੋਖਾ ਕੀਤਾ ਹੈ। ਮੰਗਾ ਨਾ ਮੰਨਣ 'ਤੇ ਪੈਨਸ਼ਨਰਜ਼ ਜਾਇੰਟ ਫਰੰਟ ਵੱਲੋਂ ਸਰਕਾਰ ਵਿਰੁੱਧ ਉਲੀਕੇ ਜਾਣ ਵਾਲੇ ਸੰਘਰਸ਼ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਪਵਨ ਕੁਮਾਰ ਕੌਸ਼ਲ, ਗੁਰਦਿਆਲ ਸਿੰਘ ਦਲਾਲ, ਰਣਜੀਤ ਸਿੰਘ ਟਿਵਾਣਾ, ਰੁਪਿੰਦਰ ਸਿੰਘ, ਦਲੀਪ ਸਿੰਘ ਕਰਮ ਸਿੰਘ ਜਟਾਣਾ ਤੇ ਕਮਲਜੀਤ ਸਿੰਘ ਨੇ ਆਪਣੇ ਵਿਚਾਰ ਰੱਖੇ।

# ਲੋਕ ਛੇਤੀ ਤੇ ਸਸਤਾ ਨਿਆਂ ਲਈ ਲੋਕ ਅਦਾਲਤਾਂ ਦਾ ਰਾਹ ਅਪਣਾਉਣ : ਬਾਜਵਾ

## ਜਨ-ਜਾਗਰੂਕਤਾ ਲਈ ਸਾਈਕਲ ਰੈਲੀ ਕੱਢੀ




ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਾਈਕਲ ਰਾਈਡਰ 19 ਕਲੱਬ ਦੇ ਸਹਿਯੋਗ ਨਾਲ ਆਮ ਲੋਕਾਂ ਨੂੰ ਲੋਕ ਅਦਾਲਤਾਂ ਪ੍ਰਤੀ ਜਾਗਰੂਕ ਕਰਨ ਦੇ ਉਪਰਾਲੇ ਤਹਿਤ ਸਾਈਕਲ ਰੈਲੀ ਕੱਢੀ ਗਈ। ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸ੍ਰੀ ਸੰਦੀਪ ਬਾਜਵਾ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਸਿਵਲ ਜੱਜ ਸੀਨੀਅਰ ਡਵੀਜ਼ਨ ਸ੍ਰੀਮਤੀ ਹਰਪ੍ਰੀਤ ਕੌਰ ਵੱਲੋਂ ਝੰਡੀ ਦਿਖਾ ਸਾਈਕਲ ਰੈਲੀ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਬਾਜਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਅਦਾਲਤਾਂ ਅਜੋਕੇ ਸਮੇਂ ਜਦੋਂ ਅਦਾਲਤਾਂ ਤੇ ਕੇਸਾਂ ਦਾ ਭਾਰੀ ਬੋਝ ਹੈ, ਨੂੰ ਘੱਟ ਕਰਨ ਵਿੱਚ ਜਿੱਥੇ ਬਹੁਤ ਸਹਾਈ ਹੋ ਰਹੀਆਂ ਹਨ, ਉੱਥੇ ਇਹ ਲੋਕਾਂ ਨੂੰ ਸਸਤਾ ਤੇ ਛੇਤੀ ਨਿਆਂ ਦੇ ਰਹੀਆਂ ਹਨ। 9 ਸਤੰਬਰ ਦੀ ਰਾਸ਼ਟਰੀ ਲੋਕ ਅਦਾਲਤ ਪ੍ਰਤੀ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਰੈਲੀਆਂ ਤੇ ਸੈਮੀਨਾਰ ਰਾਹੀਂ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਿਵਲ ਜੱਜ ਸ੍ਰੀਮਤੀ ਹਰਪ੍ਰੀਤ ਕੌਰ ਨੇ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਭਾਵ ਲੋਕਾਂ ਲਈ ਅਦਾਲਤ ਹੈ, ਜੋ ਇਸ ਵਾਰ 9 ਸਤੰਬਰ ਨੂੰ ਹਰ ਜ਼ਿਲ੍ਹਾ ਤੇ ਤਹਿਸੀਲ ਪੱਧਰ ਦੀਆਂ ਦੀਵਾਨੀ ਤੇ ਮਾਲ ਅਦਾਲਤਾਂ ਵਿੱਚ ਲਗਾਈ ਜਾ ਰਹੀ ਹੈ। ਇਸ ਵਿੱਚ ਗੰਭੀਰ ਕਿਸਮ ਦੇ ਫੌਜ਼ਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਪਰਿਵਾਰਕ ਝਗੜੇ ਜਿਵੇਂ ਪਤੀ-ਪਤਨੀ ਦਾ ਆਪਸੀ ਝਗੜਾ, ਚੈੱਕ ਬਾਊਂਸ, ਜ਼ਮੀਨੀ ਝਗੜੇ, ਫਾਇਨਾਂਸ ਕੰਪਨੀਆਂ, ਮੋਟਰ ਦੁਰਘਟਨਾਵਾਂ, ਬੀਮਾ ਕੰਪਨੀਆਂ ਨਾਲ ਝਗੜਿਆਂ ਦੇ ਇਲਾਵਾ ਬਿਜਲੀ-ਪਾਣੀ, ਸੀਵਰੇਜ ਆਦਿ ਜਨ ਸਹੂਲਤਾਂ ਨਾਲ ਸਬੰਧਤ ਝਗੜਿਆਂ ਦਾ ਨਿਪਟਾਰਾ ਕੀਤਾ ਜਾਏਗਾ।

ਇਸ ਮੌਕੇ ਸਾਈਕਲ ਰਾਈਡਰ 19 ਕਲੱਬ ਦੇ ਫਾਊਂਡਰ ਤੇ ਸਮਾਜ ਸੇਵੀ ਸ਼ਮਿੰਦਰ ਠਾਕੁਰ, ਅਡਵਾਈਜ਼ਰ ਤੇ ਲੀਗਲ ਲਿਟਰੇਸੀ ਕਲੱਬ ਕੋਆਰਡੀਨੇਟਰ ਅਤੇ ਹਰਮੀਤ ਸਿੰਘ ਬੇਦੀ, ਰਿਟਾ. ਸੁਪਰਡੈਂਟ ਡੀ ਸੀ ਦਫਤਰ ਰਜਿੰਦਰ ਬੁੱਟਰ, ਰੋਬਿਨ ਖੇੜਾ, ਡਾ. ਹਰਭਗਵਾਨ ਸਰਾਂ ਦੇ ਇਲਾਵਾ ਵੱਡੀ ਗਿਣਤੀ ਵਿੱਚ ਰਾਈਡਰ ਹਾਜ਼ਰ ਸਨ।

## ਕਾਤਰਾਂ

### ਬੇਕਾਬੂ ਕਾਰ ਨੂੰ ਹਾਦਸਾ, ਇੱਕ ਦੀ ਮੌਤ, 3 ਜ਼ਖਮੀ



ਦੋਦਾ (ਪੱਤਰ ਪ੍ਰੇਰਕ)-ਬੀਤੀ ਦੇਰ ਰਾਤ ਇਥੋਂ ਦੇ ਚਾਰ ਨੌਜਵਾਨ ਕਿਸੇ ਧਾਰਮਿਕ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਬਠਿੰਡਾ ਤੋਂ ਦੋਦਾ ਆ ਰਹੇ ਸਨ। ਛੱਪੜੀਵਾਲੇ ਕੋਠੇ (ਬਠਿੰਡਾ) ਕੋਲ ਰਸਤੇ ਵਿੱਚ ਕਾਰ, ਸੜਕ ਉਤੇ ਪਈ ਤੂੜੀ ਕਾਰਨ ਤਿਲਕ ਕੇ ਬੇਕਾਬੂ ਹੋ ਗਈ ਤੇ ਖੰਭੇ ਨਾਲ ਟਕਰਾਅ ਗਈ, ਜਿਸ ਕਾਰਨ ਕਾਰ ਦੀ ਪਿਛਲੀ ਸੀਟ ਉਤੇ ਬੈਠੇ ਰਮਨਦੀਪ ਉਰਫ ਰੰਮਾ ਪੁੱਤਰ ਬਲਦੇਵ ਰਾਜ ਵਾਸੀ ਦੋਦਾ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਸਾਥੀ ਤਿੰਨ ਵਿਅਕਤੀਆਂ ਨੂੰ ਗੰਭੀਰ ਸੱਟਾਂ ਲੱਗੀਆਂ, ਜਿਨ੍ਹਾਂ ਨੂੰ ਮੁਕਤਸਰ ਦੇ ਸਰਕਾਰੀ ਹਸਪਤਾਲ ਵਿੱਚ ਪਹੁੰਚਾਇਆ ਗਿਆ। ਪਤਾ ਲੱਗਿਆ ਹੈ ਕਿ ਇਕ ਦੀ ਹਾਲਤ ਗੰਭੀਰ ਦੇਖ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ ਤੇ ਇੱਕ ਨੂੰ ਮਾਮੂਲੀ ਸੱਟਾਂ ਹੋਣ ਕਾਰਨ ਮਲਮ ਪੱਟੀ ਉਪਰੰਤ ਘਰ ਭੇਜਿਆ ਗਿਆ ਹੈ ਤੇ ਤੀਜਾ ਵਿਅਕਤੀ ਸਿਵਲ ਹਸਪਤਾਲ ਸ੍ਰੀ ਮੁਕਤਸਰ ਵਿਖੇ ਜ਼ੇਰੇ ਇਲਾਜ ਹੈ। ਹਾਦਸੇ ਦੀ ਖਬਰ ਸੁਣਦਿਆਂ ਹੀ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

### ਪੁਲਸ ਦੀਆਂ ਮਨਮਾਨੀਆਂ ਖਿਲਾਫ 6 ਨੂੰ ਥਾਣੇ ਅੱਗੇ ਧਰਨਾ : ਗੁਰਸੇਵਕ ਮੱਲ੍ਹਾ



ਹਠੂਰ (ਨਛੱਤਰ ਸੰਧੂ)-ਜਦੋਂ ਤੋਂ ਹਠੂਰ ਥਾਣਾ ਬਣਿਆ ਓਦੋਂ ਤੋਂ ਇਹ ਵੱਖ ਵੱਖ ਮਸਲਿਆਂ ਕਾਰਨ ਸੁਰਖੀਆਂ ਵਿੱਚ ਹੀ ਰਹਿੰਦਾ। ਇਸ ਏਰੀਏ ਵਿੱਚ ਦਿਨ-ਬ-ਦਿਨ ਵੱਧ ਰਹੇ ਅਪਰਾਧਕ ਮਾਮਲੇ ਤੇ ਨਸ਼ਾ ਤਸਕਰੀ ਦੇ ਕਾਰੋਬਾਰੀਆਂ ਲਈ ਸੁਰੱਖਿਆ ਕੱਵਚ ਬਣ ਕੇ ਅਪਰਾਧੀਆਂ ਨੂੰ ਬਚਾਉਣ ਲਈ ਇੱਥੇ ਤਾਇਨਾਤ ਮੁਲਾਜ਼ਮ ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਆਏ ਦਿਨ ਅਜਿਹੇ ਮਾਮਲੇ ਵੇਖਣ ਨੂੰ ਮਿਲਦੇ ਹਨ। ਪੀੜਤ ਧਿਰਾਂ ਇਨਸਾਫ ਲੈਣ ਲਈ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ। ਹਠੂਰ ਪੁਲਸ ਦੀਆਂ ਇਨ੍ਹਾਂ ਆਪ ਹੁਦਰੀਆਂ ਖਿਲਾਫ ਸਰਵਜਨ ਸੇਵਾ ਪਾਰਟੀ ਵੱਲੋਂ 6 ਸਤੰਬਰ ਨੂੰ ਪੁਲਸ ਥਾਣਾ ਹਠੂਰ ਅੱਗੇ ਧਰਨਾ ਲਗਾਇਆ ਜਾਵੇਗਾ। ਇਸ ਮੌਕੇ ਪਾਰਟੀ ਪੰਜਾਬ ਪ੍ਰਧਾਨ ਗੁਰਸੇਵਕ ਸਿੰਘ ਮੱਲ੍ਹਾ ਨੇ ਕਿਹਾ ਕਿ ਇਹ ਧਰਨਾ ਉਨ੍ਹਾਂ ਸਾਰੇ ਪੀੜਤ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਲਾਇਆ ਜਾ ਰਿਹਾ, ਜਿਨ੍ਹਾਂ ਦੀਆਂ ਦਰਖਾਸਤਾਂ ਨੂੰ ਦਬਾ ਕੇ ਰੱਖਿਆ ਗਿਆ ਹੈ, ਉਨ੍ਹਾਂ ਪੀੜਤ ਧਿਰਾਂ ਨੂੰ ਵੀ ਅਪੀਲ ਹੈ ਕਿ 6 ਤਾਰੀਖ ਨੂੰ 10 ਵਜੇ ਥਾਣਾ ਹਠੂਰ ਅੱਗੇ ਪਹੁੰਚ ਜਾਣ, ਤਾਂ ਕਿ ਉਨ੍ਹਾਂ ਨੂੰ ਇਨਸਾਫ ਦੁਆਇਆ ਜਾ ਸਕੇ। ਇਹ ਧਰਨਾ ਭ੍ਰਿਸ਼ਟਾਚਾਰੀ ਮੁਲਾਜ਼ਮਾਂ ਖਿਲਾਫ ਓਦੋਂ ਤੱਕ ਜਾਰੀ ਰਹੇਗਾ, ਜਦ ਉਨ੍ਹਾਂ ਖਿਲਾਫ ਕਾਰਵਾਈ ਨਹੀਂ ਹੋ ਜਾਂਦੀ।

### ਵਿਦਿਆਰਥੀਆਂ ਨੂੰ ਪੌਸ਼ਟਿਕ ਖੁਰਾਕ ਸੰਬੰਧੀ ਕੀਤਾ ਜਾਗਰੂਕ




ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਨਾਮਵਰ ਵਿੱਦਿਅਕ ਸੰਸਥਾ ਬਰੌਡਵੇ ਪਬਲਿਕ ਸਕੂਲ ਮਨਾਲ ਵਿਖੇ ਪੌਸ਼ਟਿਕ ਖੁਰਾਕ ਹਫਤਾ ਸਾਇੰਸ ਵਿਭਾਗ ਦੇ ਮੁਖੀ ਜਤਿੰਦਰ ਸਿੰਘ ਸ਼ਾਹੀ ਦੀ ਦੇਖ ਰੇਖ ਹੇਠ ਮਨਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਮਕਸਦ ਬੱਚਿਆਂ ਨੂੰ ਸਹੀ ਭੋਜਨ ਬਾਰੇ ਜਾਣਕਾਰੀ ਪ੍ਰਦਾਨ ਕਰਕੇ ਤੰਦਰੁਸਤ ਸਰੀਰਕ ਸ਼ਕਤੀ ਬਣਾਉਣਾ ਹੈ। ਇਸ ਮੌਕੇ ਡਾ: ਗੀਤੂ ਨੇ ਬੱਚਿਆਂ ਨੂੰ ਸਹੀ ਭੋਜਨ ਦੀ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾ ਕਿਹਾ ਕਿ ਕਿਸ ਤਰ੍ਹਾਂ ਅਸੀਂ ਆਪਣੇ ਰੋਜ਼ਾਨਾ ਜੀਵਨ ਵਿਚ ਫਲਾਂ, ਸਬਜ਼ੀਆਂ, ਦਾਲਾਂ ਆਦਿ ਤੋਂ ਸਹੀ ਪੌਸ਼ਟਿਕ ਤੱਤ ਲੈ ਕੇ ਸਰੀਰ ਨੂੰ ਮਜ਼ਬੂਤ ਤੰਦਰੁਸਤ ਬਣਾ ਸਕਦੇ ਹਾਂ। ਇਸ ਤਹਿਤ ਬੱਚੇ 1 ਤੋਂ 7 ਸਤੰਬਰ ਤੱਕ ਖਾਸ ਕਿਸਮ ਦਾ ਪਕਵਾਨ ਆਪਣੇ ਭੋਜਨ ਵਿੱਚ ਸਾਮਲ ਕਰਕੇ ਲੈ ਕੇ ਆਉਣਗੇ। ਇਸ ਮੌਕੇ ਬੱਚਿਆਂ ਤੋਂ ਸਵਾਲ, ਜਵਾਬ ਪੁੱਛੇ ਗਏ ਸੰਬੰਧਤ ਖੇਡਾਂ ਵਿੱਚ ਅਧਿਆਪਕਾਂ ਨੇ ਵੀ ਭਾਗ ਲਿਆ। ਇਸ ਮੌਕੇ ਜੇਤੂ ਵਿਦਿਆਰਥੀਆਂ, ਅਧਿਆਪਕਾਂ ਨੂੰ ਸੰਸਥਾ ਦੇ ਮੁਖੀ ਮੁਹੰਮਦ ਆਰਿਫ ਸੈਫੀ ਨੇ ਇਨਾਮ ਵੰਡੇ। ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਰੀਤ ਕੌਰ ਚੀਮਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਭਵਿੱਖ 'ਚ ਵੀ ਇਸ ਤਰ੍ਹਾਂ ਦੇ ਕਾਰਜਾਂ ਲਈ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ।

### ਜ਼ੋਨ ਪੱਧਰੀ ਇੰਟਰ ਸਕੂਲ ਖੇਡਾਂ 'ਚ ਸੰਤ ਕਬੀਰ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਜ਼ੋਨ ਪੱਧਰ ਦੇ ਹੋਏ ਇੰਟਰ ਸਕੂਲ ਟੂਰਨਾਮੈਂਟ ਵਿੱਚ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਟੂਰਨਾਮੈਂਟ ਵਿੱਚ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਖਿਡਾਰੀ ਬੱਚਿਆਂ ਨੇ ਵਧ ਚੜ੍ਹ ਕੇ ਭਾਗ ਲਿਆ। ਨਤੀਜਿਆਂ 'ਚੋਂ ਇਸ ਸਕੂਲ ਦੇ ਅੰਡਰ-19 (ਲੜਕੇ) ਕ੍ਰਿਕਟ ਤੇ ਬਾਸਕਿਟਬਾਲ 'ਚ ਪਹਿਲਾ, ਅੰਡਰ-17 (ਲੜਕੇ) ਟਗਆਫ਼ ਵਾਰ, ਵਾਲੀਬਾਲ, ਬਾਸਕਟਬਾਲ, ਰੈਸਲਿੰਗ ਤੇ ਅੰਡਰ-17 (ਲੜਕੀਆਂ) ਨੇ ਟੰਗ ਆਫ ਵਾਰ 'ਚ ਪਹਿਲਾ, ਅੰਡਰ-17 (ਲੜਕੇ) ਬੈਡਮਿੰਟਨ ਤੇ ਸ਼ਤਰੰਜ 'ਚ ਦੂਜਾ, ਅੰਡਰ-19 (ਲੜਕੇ) ਟੰਗ ਆਫ ਵਾਰ 'ਚ ਦੂਜਾ ਤੇ ਅੰਡਰ-14 (ਲੜਕੇ) ਫੁੱਟਬਾਲ ਤੇ ਟੰਗ ਆਫ ਵਾਰ 'ਚ ਦੂਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਐੱਮ. ਡੀ. ਪ੍ਰੋ. ਐੱਮ. ਐੱਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਖੇਡਾਂ ਬਹੁਤ ਹੀ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਅਜਿਹੇ ਖਿਡਾਰੀ ਬੱਚਿਆਂ ਨੂੰ ਹੋਰ ਅੱਗੇ ਵਧਾਉਣ ਲਈ ਸਕੂਲ ਹਮੇਸ਼ਾ ਵਾਂਗ ਯਤਨਸ਼ੀਲ ਰਹੇਗਾ।

# ਜ਼ਿਲ੍ਹਾ ਪ੍ਰਸ਼ਾਸਨ ਦਾ ਵਿਲੱਖਣ ਸੱਭਿਆਚਾਰਕ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ

## ਵਿਧਾਇਕ ਅਮਨਦੀਪ ਕੌਰ ਅਰੋੜਾ ਨੇ ਕੀਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ



ਮੋਗਾ (ਅਮਰਜੀਤ ਬੱਬਰੀ)-ਜ਼ਿਲ੍ਹਾ ਪ੍ਰਸ਼ਾਸਨ ਮੋਗਾ ਵੱਲੋਂ ਵਿਲੱਖਣ ਰੰਗਾਰੰਗ ਸੱਭਿਆਚਾਰਕ ਸਮਾਗਮ ਸਰਕਾਰੀ ਆਈ.ਟੀ.ਆਈ. ਮੋਗਾ ਵਿਖੇ ਕੀਤਾ ਗਿਆ, ਜਿਸ ਵਿੱਚ ਭਾਰੀ ਗਿਣਤੀ ਵਿੱਚ ਔਰਤਾਂ/ਲੜਕੀਆਂ ਨੇ ਸੱਭਿਆਚਾਰਕ ਪਹਿਰਾਵੇ ਵਿੱਚ ਸ਼ਮੂਲੀਅਤ ਕੀਤੀ ਤੇ ਪ੍ਰੋਗਰਾਮ ਦੇ ਸ਼ਿੰਗਾਰ ਵਿੱਚ ਵਾਧਾ ਕੀਤਾ। ਇਸ ਪ੍ਰੋਗਰਾਮ ਵਿੱਚ ਸੱਭਿਆਚਾਰਕ ਮਨੋਰੰਜਨ ਗਤੀਵਿਧੀਆਂ ਤੋਂ ਇਲਾਵਾ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਵੱਖ ਵੱਖ ਸਰਕਾਰੀ ਵਿਭਾਗਾਂ ਦੇ ਸਟਾਲ ਵੀ ਸਰਕਾਰੀ ਸਕੀਮਾਂ ਪ੍ਰਤੀ ਜਾਗਰੂਕਤਾ ਵਧਾਉਣ ਲਈ ਆਯੋਜਤ ਕੀਤੇ ਗਏ।

ਇਸ ਪ੍ਰੋਗਰਾਮ ਵਿੱਚ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਮੋਗਾ ਸ੍ਰ. ਕੁਲਵੰਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀਮਤੀ ਅਨੀਤਾ ਦਰਸ਼ੀ, ਐਸ.ਡੀ.ਐਮ. ਚਾਰੂ ਮਿਤਾ, ਚੇਅਰਮੈਨ ਨਗਰ ਸੁਧਾਰ ਟਰੱਸਟ ਸ੍ਰੀ ਦੀਪਕ ਅਰੋੜਾ ਤੇ ਹੋਰ ਵੀ ਉੱਚ ਅਧਿਕਾਰੀ ਹਾਜ਼ਰ ਸਨ। ਉਨ੍ਹਾਂ ਪ੍ਰੋਗਰਾਮ ਵਿੱਚ ਲੜਕੀਆਂ ਦਾ ਸੱਭਿਆਚਾਰਕ ਪਹਿਰਾਵੇ ਵਿੱਚ ਭਾਰੀ ਇਕੱਠ ਦੇਖ ਕੇ ਖੁਸ਼ੀ ਜ਼ਾਹਰ ਕੀਤੀ ਤੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੇ ਸੁਪਨਿਆਂ ਵਾਲਾ ਰੰਗਲਾ ਪੰਜਾਬ ਹੁਣ ਆਪਣੀਆਂ ਅਸਲੀ ਰਾਹਾਂ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮਾਂ ਨਾਲ ਲੋਕਾਂ ਵਿਚਲੀ ਸੱਭਿਆਚਾਰਕ, ਭਾਈਚਾਰਕ ਸਾਂਝ ਵੀ ਮਜ਼ਬੂਤ ਹੁੰਦੀ ਹੈ ਤੇ ਲੋਕਾਂ ਨੂੰ ਸਰਕਾਰੀ ਸਕੀਮਾਂ ਪ੍ਰਤੀ ਚੇਤਨਤਾ ਵੀ ਮਿਲਦੀ ਹੈ। ਭਾਰੀ ਗਿਣਤੀ 'ਚ ਆਈਆਂ ਲੜਕੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਵਾਂਗ ਲੜਕੀਆਂ ਦੀ ਖੁਸ਼ਹਾਲੀ ਲਈ ਵੀ ਹਮੇਸ਼ਾ ਯਤਨਸ਼ੀਲ ਰਹੇਗੀ।

ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕਰਕੇ ਇਨਾਮਾਂ ਦੀ ਵੰਡ ਕੀਤੀ ਤੇ ਸੰਬੋਧਨ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਭਵਿੱਖ ਵਿੱਚ ਵੀ ਅਜਿਹੇ ਹੀ ਸੱਭਿਆਚਾਰਕ ਪ੍ਰੋਗਰਾਮ ਕਰਵਾਉਣ ਲਈ ਯਤਨਸ਼ੀਲ ਰਹੇਗਾ। ਇਸ ਪ੍ਰੋਗਰਾਮ 'ਚ ਸਕੂਲੀ ਬੱਚੀਆਂ, ਸੈਲਫ ਹੈਲਪ ਗਰੁੱਪਾਂ ਦੀਆਂ ਔਰਤਾਂ ਆਦਿ ਵੱਲੋਂ ਵੱਖ ਵੱਖ ਤਰ੍ਹਾਂ ਦੀਆਂ ਦਿਲਚਸਪ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਔਰਤਾਂ ਵੱਲੋਂ ਆਪਣੇ ਸੈਲਫ ਹੈਲਪ ਗਰੁੱਪਾਂ ਜ਼ਰੀਏ ਬਣਾਏ ਗਏ ਉਤਪਾਦਾਂ ਦੀ ਪ੍ਰਦਰਸ਼ਨੀ ਕੀਤੀ ਤੇ ਇਨ੍ਹਾਂ ਉਤਪਾਦਾਂ ਨੂੰ ਵੇਚਿਆ। ਬਾਕੀ ਵਿਭਾਗਾਂ ਵੱਲੋਂ ਆਪਣੇ-ਆਪਣੇ ਵਿਭਾਗ ਨਾਲ ਸਬੰਧਤ ਲੋਕ ਪੱਖੀ ਸਕੀਮਾਂ ਸਬੰਧੀ ਜਾਗਰੂਕਤਾ ਫੈਲਾਈ ਗਈ ਤੇ ਆਮ ਲੋਕਾਂ ਦੀਆਂ ਮਸ਼ਕਲਾਂ ਦਾ ਨਿਪਟਾਰਾ ਇਨ੍ਹਾਂ ਸਟਾਲਾਂ ਜ਼ਰੀਏ ਕੀਤਾ ਗਿਆ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਸਰਟੀਫਿਕੇਟ ਵੰਡੇ

## ਨਵੇਂ ਸਿਲਾਈ ਸਿਖਲਾਈ ਕੇਂਦਰ ਦਾ ਉਦਘਾਟਨ



ਪਿੰਡ ਮੌਲਵੀਵਾਲਾ ਵਿਖੇ ਨਵੇਂ ਸਲਾਈ ਸੈਂਟਰ ਦਾ ਉਦਘਾਟਨ ਕੀਤੇ ਜਾਣ ਦਾ ਦ੍ਰਿਸ਼।

ਪਾਤੜਾਂ (ਨਿਸਾਨ ਸਿੰਘ ਬਣਵਾਲਾ)
ਸਮਾਜ ਸੇਵੀ ਐਸ ਪੀ ਐਸ ਓਬਰਾਏ ਵੱਲੋਂ ਚਲਾਏ ਜਾ ਰਹੇ ਸਰੱਬਤ ਦਾ ਭਲਾ ਟਰੱਸਟ ਵੱਲੋਂ ਪਾਤੜਾਂ ਇਲਾਕੇ ਵਿੱਚ ਕੀਤੇ ਜਾ ਰਹੇ ਲੋਕ ਭਲਾਈ ਦੇ ਕਾਰਜਾਂ ਨੂੰ ਜਾਰੀ ਰੱਖਦਿਆਂ ਪਿੰਡ ਮੌਲਵੀਵਾਲਾ ਵਿੱਚ ਸਿਖਲਾਈ ਹਾਸਲ ਕਰ ਚੁੱਕੀਆਂ ਲੜਕੀਆਂ ਨੇ ਜਿੱਥੇ ਸਰਟੀਫਿਕੇਟ ਵੰਡੇ ਗਏ, ਉੱਥੇ ਹੀ ਨਵੇਂ ਸਿਲਾਈ ਕੇਂਦਰ ਦਾ ਉਦਘਾਟਨ ਵੀ ਕੀਤਾ ਗਿਆ।

ਜਾਣਕਾਰੀ ਦਿੰਦਿਆਂ ਟਰੱਸਟ ਦੇ ਸੀਨੀਅਰ ਮੈਂਬਰ ਗੁਰਦੀਪ ਸਿੰਘ ਡਰੌਲੀ ਨੇ ਦੱਸਿਆ ਜੱਸਾ ਸਿੰਘ ਮੁਖੀ ਪੰਜਾਬ ਤੇ ਬੀਬੀ ਇੰਦਰਜੀਤ ਕੌਰ ਭੰਗੂ ਦੀ ਦੇਖ-ਰੇਖ ਹੇਠ ਚਲਾਏ ਜਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜਿੱਥੇ ਲੋੜਵੰਦ ਪਰਿਵਾਰਾਂ ਨੂੰ ਪੈਨਸ਼ਨਾਂ ਲਾਈਆਂ ਗਈਆਂ ਹਨ, ਉੱਥੇ ਹੀ ਸਸਤੇ ਰੇਟਾਂ ਵਾਲੀਆਂ ਮੈਡੀਕਲ ਲੈਬਾਂ ਤੇ ਹੋਰ ਬਹੁਤ ਸਾਰੇ ਸਮਾਜ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ। ਇਸ ਦੇ ਨਾਲ ਲੜਕੀਆਂ ਨੂੰ ਕੱਪੜੇ ਸਿਲਾਈ ਦੀ ਸਿਖਲਾਈ ਮੁਫਤ ਦੇਣ ਲਈ ਸਿਖਲਾਈ ਕੇਂਦਰ ਚਲਾਏ ਜਾ ਰਹੇ ਇਸ ਤਹਿਤ ਪਾਤੜਾਂ ਇਲਾਕੇ ਵਿੱਚ 2 ਦਰਜਨ ਦੇ ਕਰੀਬ ਖੋਲ੍ਹੇ ਜਾ ਚੁੱਕੇ ਸਿਲਾਈ ਕੇਂਦਰਾਂ ਵਿੱਚ ਹੁਣ ਤੱਕ 500 ਤੋਂ ਵੱਧ ਲੜਕੀਆਂ ਤੇ ਔਰਤਾਂ ਨੂੰ ਸਿਖਲਾਈ ਦੇ ਕੇ ਉਨ੍ਹਾਂ ਨੂੰ ਸਰਟੀਫਿਕੇਟ ਦਿੱਤੇ ਜਾ ਚੁੱਕੇ ਹਨ। ਇਸ ਤਰਾਂ ਹੀ ਅਧਿਆਪਕਾ ਗੁਰਪ੍ਰੀਤ ਕੌਰ ਵੱਲੋਂ ਪਿੰਡ ਮੌਲਵੀਵਾਲਾ ਵਿਖੇ 6 ਮਹੀਨੇ ਚਲਾਏ ਗਏ ਸਿਲਾਈ ਕੇਂਦਰ ਵਿੱਚ ਸਿਖਲਾਈ ਹਾਸਲ ਕਰ ਚੁੱਕੀਆਂ ਲੜਕੀਆਂ ਨੂੰ ਸਰਟੀਫਿਕੇਟ ਵੰਡੇ ਗਏ ਹਨ, ਉੱਥੇ ਟੀਚਰ ਰਿਪਲ ਵੱਲੋਂ ਨਵੇਂ ਖੋਲ੍ਹੇ ਜਾਣ ਵਾਲੇ ਸਿਲਾਈ ਸਿਖਲਾਈ ਕੇਂਦਰ ਦਾ ਉਦਘਾਟਨ ਵੀ ਕੀਤਾ ਗਿਆ ਹੈ। ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਂਬਰ ਗੁਰਦੇਵ ਸਿੰਘ ਕੰਵਲ, ਜਗਦੀਸ਼ ਸਿੰਘ ਕੰਬੋਜ ਤੇ ਹੋਰ ਆਗੂ ਮੌਜੂਦ ਸਨ।

# ਇਲਾਕਾ ਨਿਵਾਸੀਆਂ ਲਈ ਰਾਹਤ ਦਾ ਕੇਂਦਰ ਬਣਿਆ ਬੰਗੜ ਹਸਪਤਾਲ!



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਇਤਿਹਾਸ ਵਿੱਚ ਪਹਿਲੀ ਵਾਰ ਬੜੇ ਘੱਟ ਸਮੇਂ 'ਚ ਹੀ ਵੱਡੀਆਂ ਮੱਲਾਂ ਮਾਰ ਰਿਹਾ ਹੈ ਬੰਗੜ ਸੁਪਰ ਸਪੈਸ਼ਲਿਟੀ ਹਸਪਤਾਲ ਜ਼ੀਰਾ ਗੇਟ ਫਿਰੋਜ਼ਪੁਰ। ਜ਼ਿਕਰਯੋਗ ਹੈ ਕਿ ਹੋਰ ਸ਼ਹਿਰਾਂ ਦੇ ਵੱਡੇ ਹਸਪਤਾਲਾਂ ਨੂੰ ਕੂਚ ਕਰਨ ਵਾਲੀ ਜਨਤਾ ਨੂੰ ਹੁਣ ਕਿਤੇ ਹੋਰ ਜਾਣ ਦੀ ਲੋੜ ਨਹੀਂ, ਕਿਉਂਕਿ ਤੁਹਾਡੇ ਆਪਣੇ ਭਰੋਸੇ ਦੇ ਬੰਗੜ ਸੁਪਰ ਸਪੈਸ਼ਲਿਟੀ ਹਸਪਤਾਲ ਵਿੱਚ ਹੀ ਚੰਗੀਆਂ ਸੇਵਾਵਾਂ ਮਿਲ ਰਹੀਆਂ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਸ਼ੂ ਬੰਗੜ ਨੇ ਦੱਸਿਆ ਕਿ ਡਾਕਟਰ ਰੇਣੂ ਕਨਵਰ ਔਰਤਾਂ ਦੇ ਰੋਗਾਂ ਦੇ ਮਾਹਿਰ, ਡਾਕਟਰ ਨਵਜੋਤ ਕੌਰ ਲੂਨਾ ਕਰੀਟੀਕਲ ਕੇਅਰ ਦੇ ਮਾਹਿਰ ਤੇ ਉਨ੍ਹਾਂ ਦੇ ਨਾਲ ਚੰਗੇ ਤਜਰਬੇਕਾਰ ਨਰਸਿੰਗ ਸਟਾਫ਼ ਸਦਕਾ ਪਹਿਲਾਂ ਸਜੇਰੀਅਨ ਨਾਲ ਹੋਏ ਡਲਿਵਰੀ ਕੇਸ ਮੁੜ ਤੋਂ ਨਾਰਮਲ ਡਲਿਵਰੀ ਕਰਕੇ ਬੰਗੜ ਸੁਪਰ ਸਪੈਸ਼ਲਿਟੀ ਹਸਪਤਾਲ ਦੀ ਟੀਮ ਨੇ ਇਤਿਹਾਸ ਵਿੱਚ ਵੱਖਰੀ ਮਿਸਾਲ ਕਾਇਮ ਕੀਤੀ ਹੈ। ਇਸ ਮੌਕੇ ਉਨ੍ਹਾ ਨਾਲ ਡਾਕਟਰ ਨਵੀਨ ਕੁਮਾਰ, ਡਾਕਟਰ ਗਗਨਦੀਪ ਸਿੰਘ, ਡਾਕਟਰ ਜੈਕਵ ਭੱਟੀ, ਡਾਕਟਰ ਕ੍ਰਿਸ਼ਨ ਕੁਮਾਰ, ਡਾਕਟਰ ਬਲਵਿੰਦਰ ਸਿੰਘ, ਡਾਕਟਰ ਕਾਰਤਿਕ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# 'ਖੁਸ਼ੀਆਂ ਖੇੜੇ ਸਾਈਆਂ ਦੇ ਵਿਹੜੇ' ਸੂਫੀ ਮਹਿਫਲ



ਸਮਾਣਾ (ਗੁਰਪਿਆਰ ਸਿੰਘ ਬੱਲ)-'ਖੁਸ਼ੀਆਂ ਖੇੜੇ ਸਾਈਆਂ ਦੇ ਵਿਹੜੇ' ਜੈ ਪੀਰਾਂ ਦੀ ਸੂਫੀ ਮਹਿਫਲ ਸਾਈਂ ਰਣਜੀਤ ਜੀ ਦੀ ਰਹਿਨੁਮਾਈ, ਜੱਗਾ ਕੈਨੇਡਾ ਦੇ ਸਹਿਯੋਗ ਤੇ ਦਵਿੰਦਰ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਸਥਾਨਕ ਦਰਗਾਹ ਗਿਆਰਵੀਂ ਵਾਲੀ ਸਰਕਾਰ ਤੇ ਦਰਗਾਹ ਲਾਲਾਂ ਵਾਲੀ ਸਰਕਾਰ ਨੇੜੇ ਮਿੰਨੀ ਟਰੱਕ ਯੂਨੀਅਨ ਸਮਾਣਾ ਵਿਖੇ ਕਰਵਾਈ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਫਿਲਮੀ ਅਦਾਕਾਰ ਸੋਨੂੰ ਪ੍ਰਧਾਨ ਤੇ ਆਪ ਪਾਰਟੀ ਦੇ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਤੇ ਸੰਗੀਤਕ ਕੰਪਨੀ ਐੱਸ ਡੀ ਰਿਕਾਰਡਜ਼ ਦੇ ਓਨਰ ਸੁਰਜੀਤ ਸਿੰਘ ਦਈਆ ਨੇ ਸ਼ਿਰਕਤ ਕੀਤੀ।

ਇਸ ਮੌਕੇ ਗਾਇਕ ਜਸਵੰਤ ਖਾਨੇਵਾਲ ਤੇ ਰਿਆਜ ਨੇ ਆਪਣੀ ਗਾਇਕੀ ਨਾਲ ਚੰਗਾ ਰੰਗ ਬੰਨ੍ਹਿਆ। ਇਸ ਮੌਕੇ ਸਾਈਂ ਜਿੰਦਰ ਸ਼ਾਹ ਤੇ ਮਾਲਵਿੰਦਰ ਸਿੰਘ ਮਾਲੀ ਵੀ ਮੌਜੂਦ ਰਹੇ।

# ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਯਤਨਸ਼ੀਲ : ਬੁੱਧ ਰਾਮ

## ਵਿਧਾਇਕ ਨੇ ਦਾਣਾ ਮੰਡੀ ਦਾ ਫੜ੍ਹ ਉੱਚਾ ਚੁੱਕਣ ਦਾ ਨੀਂਹ ਪੱਥਰ ਰੱਖਿਆ



ਬੁੱਢਲਾਡਾ/ਮਾਨਸਾ (ਅਸ਼ੋਕ ਲਾਕੜਾ/ਪਮਾਰ)-ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਪਿੰਡਾਂ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬੁੱਢਲਾਡਾ ਪ੍ਰਿੰਸੀਪਲ ਸ੍ਰ. ਬੁੱਧ ਰਾਮ ਨੇ ਪਿੰਡ ਕਿਸ਼ਨਗੜ੍ਹ ਸੇਢਾ ਸਿੰਘ ਵਾਲਾ ਦੇ ਦਾਣਾ ਮੰਡੀ ਦਾ ਫੜ੍ਹ ਉੱਚਾ ਚੁੱਕਣ ਦਾ ਕੰਮ ਸ਼ੁਰੂ ਕਰਵਾਉਣ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਦਾਣਾ ਮੰਡੀ ਦਾ ਫੜ੍ਹ ਨੀਵਾਂ ਹੋਣ ਕਰਕੇ ਕਿਸਾਨਾਂ ਤੇ ਆੜ੍ਹਤੀਆਂ ਨੂੰ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਸੀ। ਇੱਥੇ ਬਾਰਿਸ਼ ਦਾ ਪਾਣੀ ਖੜ੍ਹ ਜਾਂਦਾ ਸੀ, ਜਿਸ ਕਾਰਨ ਜਿਣਸ ਦਾ ਨੁਕਸਾਨ ਹੋ ਜਾਂਦਾ ਸੀ। ਇਸ ਕਾਰਜ ਨਾਲ ਕਿਸਾਨਾਂ ਤੇ ਆੜ੍ਹਤੀਆਂ ਨੂੰ ਜਿਣਸ ਦੀ ਸੰਭਾਲ ਕਰਨ ਵਿੱਚ ਰਾਹਤ ਮਿਲੇਗੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਚਰਨਜੀਤ ਸਿੰਘ, ਮਾਰਕੀਟ ਕਮੇਟੀ ਬਰੇਟਾ ਦੇ ਚੇਅਰਮੈਨ ਚਮਕੌਰ ਸਿੰਘ ਖੁਡਾਲ, ਨਾਨਕ ਸਿੰਘ, ਨਿਰਮਲ ਸਿੰਘ, ਗੁਲਜ਼ਾਰ ਸਿੰਘ, ਗੁਰਲਾਲ ਸਿੰਘ, ਬੱਗਾ ਸਿੰਘ, ਬੂਟਾ ਸਿੰਘ, ਪਿਰਥੀ ਸਿੰਘ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਕੁਮਾਰ, ਸ਼ਹਿਰੀ ਪ੍ਰਧਾਨ ਕੇਵਲ ਸ਼ਰਮਾ, ਪੰਜਾਬ ਮੰਡੀ ਬੋਰਡ ਦੇ ਐਕਸੀਅਨ ਬਿਪਨ ਕੁਮਾਰ, ਐੱਸ.ਡੀ.ਓ. ਕਰਮਜੀਤ ਸਿੰਘ ਤੋਂ ਇਲਾਵਾ ਸਾਬਕਾ ਸਰਪੰਚ ਦਲਵਾਰਾ ਸਿੰਘ ਤੇ ਪਿੰਡ ਨਿਵਾਸੀ ਹਾਜ਼ਰ ਸਨ।

# ਛਾਪਾ 'ਚ ਤੀਆਂ ਦਾ ਤਿਉਹਾਰ ਮਨਾਇਆ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਨਜ਼ਦੀਕੀ ਪਿੰਡ ਛਾਪਾ ਵਿਖੇ ਤੀਆਂ ਦਾ ਤਿਉਹਾਰ ਮਨਾਉਂਦਿਆਂ ਪਿੰਡ ਦੀਆਂ ਮੁਟਿਆਰਾਂ ਨੇ ਰਲ-ਮਿਲ ਕੇ ਪਿੰਡ ਦੇ ਪਿੱਪਲ ਥੱਲੇ ਰੌਣਕਾਂ ਲਗਾਈਆਂ। ਇਸ ਮੇਲੇ ਦਾ ਉਦਘਾਟਨ ਪਿੰਡ ਤੋਂ ਸਰਪੰਚ ਸਰਬਜੀਤ ਕੌਰ ਵੱਲੋਂ ਕੀਤਾ ਗਿਆ। ਤੀਆਂ ਦੇ ਮੇਲੇ ਵਿੱਚ ਵਿਸ਼ੇਸ਼ ਸ਼ਮੂਲੀਅਤ ਕਰਕੇ ਥਾਣਾ ਠੁੱਲੀਵਾਲ ਐੱਸ ਐੱਚ ਓ ਬਲਦੇਵ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਤੀਆਂ ਦਾ ਤਿਉਹਾਰ ਮੁਟਿਆਰਾਂ ਦਾ ਆਪਸੀ ਮਿਲਵਰਤਨ ਤੇ ਪਿਆਰ ਦਾ ਤਿਉਹਾਰ ਹੈ। ਮੁਟਿਆਰਾਂ ਰਲ ਮਿਲ ਕੇ ਪਿੰਡ ਦੀ ਸਾਂਝੀ ਜਗ੍ਹਾ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਹਨ ਤੇ ਹਾਸਾ-ਠੱਠਾ ਕਰਦੀਆਂ ਹਨ। ਕਈ ਮੁਟਿਆਰਾਂ ਇਸ ਮਹੀਨੇ ਆਪਣੇ ਪੇਕੇ ਪਿੰਡ ਆ ਕੇ ਆਪਣੀਆਂ ਸਖੀਆਂ ਨਾਲ ਦੁੱਖ ਸੁੱਖ ਸਾਂਝਾ ਕਰਦੀਆਂ ਹਨ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਲੰਗਰ ਲਗਾਇਆ ਗਿਆ ਤੇ ਸਿਮਰਨ ਅਸਟ੍ਰੇਲੀਆ ਵੱਲੋਂ ਤੀਆਂ 'ਚ ਪਹੁੰਚੀਆਂ ਧੀਆਂ ਨੂੰ ਸੰਧਾਰੇ ਦਿੱਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਮਾਜ ਸੇਵੀ ਉਜਾਗਰ ਸਿੰਘ, ਲਖਵੀਰ ਕੌਰ ਯੂ ਕੇ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਮਨਜੀਤ ਕੌਰ, ਸੰਤੋਖ ਸਿੰਘ ਪੀ ਐੱਸ ਪੀ, ਭਜਨ ਸਿੰਘ ਸੈਕਟਰੀ, ਬਾਬੂ ਛਾਪਾ, ਹਰਮਨ ਤੱਤਲਾ, ਲਵੀ ਤੱਤਲਾ, ਇੰਦਰਜੀਤ ਲੋਹਗੜ੍ਹ, ਕਲਵੀਰ ਬਾਜਵਾ ਜਗਤਾਰ ਸਿੰਘ ਹਾਜ਼ਰ ਸਨ।



# ਫਰੀਡਮ ਫਾਇਟਰ ਉੱਤਰਾਧਿਕਾਰੀ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ



ਮੁਕਤਸਰ (ਸ਼ਮਿੰਦਰਪਾਲ/ਪੂਜਾ)-ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਦੀ ਯੋਗ ਅਗਵਾਈ ਹੇਠ ਡੀ ਸੀ ਦਫਤਰ ਦੇ ਮੀਟਿੰਗ ਹਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਈ ਇਸ ਮੀਟਿੰਗ ਵਿੱਚ ਸੂਬਾ ਜਥੇਬੰਦੀ ਦੇ ਜਨਰਲ ਸਕੱਤਰ ਮੇਜਰ ਸਿੰਘ ਬਰਨਾਲਾ ਤੇ ਨਿਰਭੈ ਸਿੰਘ ਜ਼ਿਲ੍ਹਾ ਪ੍ਰਧਾਨ ਬਠਿੰਡਾ ਤੇ ਬਲਦੇਵ ਸਿੰਘ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਉਨ੍ਹਾਂ ਨੇ ਦੇਸ਼ ਭਗਤਾਂ ਦੇ ਵਾਰਸਾਂ ਦੇ ਬਣਦੇ ਹੱਕਾਂ ਪ੍ਰਤੀ ਵਿਚਾਰ ਵਿਟਾਂਦਰਾ ਕੀਤਾ। ਮੇਜਰ ਸਿੰਘ ਬਰਨਾਲਾ ਨੇ ਕਿਹਾ ਕਿ ਲੱਗਭੱਗ 16-17 ਮਹੀਨਿਆਂ ਤੋਂ ਮਾਨ ਸਰਕਾਰ ਨੂੰ ਮੰਗ ਪੱਤਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਹੋਰ ਮੰਗਾਂ ਤੋਂ ਇਲਾਵਾ ਨੌਕਰੀਆਂ ਵਿੱਚ 5% ਰੀਜ਼ਰਵੇਸ਼ਨ ਕਰਨ ਦੀ ਮੰਗ ਰੱਖੀ ਗਈ ਸੀ, ਪਰ 5% ਰੀਜ਼ਰਵੇਸ਼ਨ ਨੂੰ ਬਹਾਲ ਕਰਨ ਦੀ ਬਜਾਇ ਮਾਨ ਸਰਕਾਰ ਨੇ ਦੇਸ਼ ਭਗਤਾਂ ਦੇ ਬੱਚਿਆਂ ਦੇ ਹੱਕਾਂ 'ਤੇ ਡਾਕਾ ਮਾਰਿਆ, ਜੋਕਿ ਬਰਦਾਸ਼ਤ ਤੋਂ ਬਾਹਰ ਹੈ। ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਨੇ ਮਾਨ ਸਰਕਾਰ ਤੇ ਰੋਸ ਕਰਦਿਆਂ ਕਿਹਾ ਕਿ ਜਿਹੜੀ ਸਰਕਾਰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਵੇ ਉਸ ਦਾ ਵਜੂਦ ਬਾਹਲਾ ਚਿਰ ਕਾਇਮ ਨਹੀਂ ਰਹਿੰਦਾ। ਉਨ੍ਹਾਂ ਕਿਹਾ ਕਿ ਜਾਂ ਤਾਂ ਮਾਨ ਸਰਕਾਰ ਖਤਮ ਕੀਤੇ ਕੋਟੇ ਨੂੰ ਤੁਰੰਤ ਬਹਾਲ ਕਰੇ ਜਾਂ ਫਿਰ ਸ਼ਹੀਦ ਭਗਤ ਸਿੰਘ ਦੀ ਸੋਚ 'ਤੇ ਚੱਲਣ ਵਾਲਾ ਡਰਾਮਾ ਬੰਦ ਕਰੇ। ਜ਼ਿਲ੍ਹਾ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਸੰਧੂ ਨੇ ਬਾਹਰੋਂ ਆਏ ਹੋਏ ਸੂਬਾ ਆਗੂਆਂ ਦਾ ਧੰਨਵਾਦ ਕੀਤਾ। ਇਸ ਮੀਟਿੰਗ ਵਿੱਚ ਹਾਜ਼ਰ ਮੀਤ ਪ੍ਰਧਾਨ ਜਗਪ੍ਰੀਤ ਸਿੰਘ, ਜ਼ਿਲ੍ਹਾ ਖਜ਼ਾਨਚੀ ਕੁਲਵੰਤ ਸਿੰਘ ਭਲਾਈਆਣਾ, ਦਫਤਰ ਇੰਚਾਰਜ ਹਰਿੰਦਰ ਸਿੰਘ ਛਾਬੜਾ, ਗੁਰਤੇਜ ਸਿੰਘ ਮਲੋਟ, ਬਾਬਾ ਜਗਸੀਰ ਸਿੰਘ ਪਤਲੀ, ਮੁਖਤਿਆਰ ਸਿੰਘ ਧਿੰਗਾਣਾ, ਸੁਖਦੇਵ ਸਿੰਘ ਵੰਗਲ, ਜਸਵੰਤ ਸਿੰਘ ਛਾਬੜਾ, ਰੇਸ਼ਮ ਸਿੰਘ ਮਧੀਰ, ਪ੍ਰੇਮ ਕੁਮਾਰ ਗਿੱਦੜਬਾਹਾ, ਜਸਕਰਨ ਸਿੰਘ ਜੱਸੇਆਣਾ, ਗੁਰਲਾਲ ਸਿੰਘ, ਚਾਨਣ ਸਿੰਘ, ਰਣਜੀਤ ਸਿੰਘ ਕੱਟਿਆਂਵਾਲੀ ਆਦਿ ਮੈਂਬਰ ਹਾਜ਼ਰ ਸਨ।

# ਪੈਨਸ਼ਨਰ ਵੈੱਲਫੇਅਰ ਐਸੋ. ਵੱਲੋਂ ਸੱਭਿਆਚਾਰਕ ਤੇ ਸਨਮਾਨ ਸਮਾਰੋਹ



ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਈਟਿੰਗ ਮਾਲ ਵਿਖੇ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਆਬਕਾਰੀ ਤੇ ਕਰ ਵਿਭਾਗ ਜ਼ਿਲ੍ਹਾ ਸੰਗਰੂਰ, ਮਲੇਰਕੋਟਲਾ ਤੇ ਬਰਨਾਲਾ ਦੇ ਪੈਨਸ਼ਨਰਾਂ ਦੀ ਮਹੀਨਾਵਾਰ ਮੀਟਿੰਗ ਵਿੱਚ ਸੱਭਿਆਚਾਰਕ ਤੇ ਸਨਮਾਨ ਸਮਾਰੋਹ ਐਸੋਸੀਏਸ਼ਨ ਦੇ ਚੇਅਰਮੈਨ ਸ੍ਰੀ ਰਵਿੰਦਰ ਗੁੱਡੂ, ਪ੍ਰਧਾਨ ਜਸਵੰਤ ਸਿੰਘ ਭੂਲਰ (ਸੋਹੀਆਂ) ਦੀ ਅਗਵਾਈ ਵਿੱਚ ਸੰਪੰਨ ਹੋਇਆ। ਇਸ ਮੌਕੇ ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਕੇ. ਐੱਲ. ਬੱਤਰਾ, ਕ੍ਰਿਸ਼ਨ ਲਾਲ ਗੋਇਲ, ਕੈਲਾਸ਼ ਨਾਥ ਗਰੋਵਰ, ਜਵਾਹਰ ਲਾਲ ਸ਼ਰਮਾ, ਅਮਰਜੀਤ ਸਿੰਘ ਬਰਨਾਲਾ, ਸਰਬਜੀਤ ਸਿੰਘ ਧੂਰੀ ਮੌਜੂਦ ਸਨ। ਜਨਰਲ ਸਕੱਤਰ ਸ੍ਰੀ ਅਸ਼ੋਕ ਡੱਲਾ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇ ਪੰਜਾਬ ਸਟੇਟ ਪੈਨਸ਼ਨਰ ਕੰਨਫੈਡਰੇਸ਼ਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਤੇ ਮੁੱਖ ਬੁਲਾਰੇ ਸ੍ਰੀ ਰਾਜ ਕੁਮਾਰ ਅਰੋੜਾ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਆਪਣੀਆਂ ਜਾਇਜ਼ ਅਤੇ ਹੱਕੀ ਮੰਗਾਂ ਲਈ ਸੰਘਰਸ਼ਾਂ ਤੋਂ ਜਾਣੂ ਕਰਵਾਇਆ। ਚੇਅਰਮੈਨ ਰਵਿੰਦਰ ਸਿੰਘ ਗੁੱਡੂ ਨੇ ਪੈਨਸ਼ਨਰਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਉਨ੍ਹਾਂ ਦੇ ਹੱਲ ਬਾਰੇ ਆਪਣੇ ਵਿਚਾਰ ਦਿੱਤੇ ਅਤੇ ਕਿਹਾ ਕਿ ਪੰਜਾਬ ਸਰਕਾਰ ਪਾਸੋਂ ਮੰਗਾਂ ਮਨਵਾਉਣ ਲਈ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਇੱਕ ਮੰਚ 'ਤੇ ਇਕੱਠਾ ਹੋਣ ਪਵੇਗਾ। ਪ੍ਰਧਾਨ ਜਸਵੰਤ ਸਿੰਘ ਭੂਲਰ ਵੱਲੋਂ ਵਿਭਾਗ ਦੇ ਪੈਨਸ਼ਨਰਾਂ ਦੀ ਕੀਤੀਆਂ ਜਾ ਰਹੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ।

# ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਦਾ ਫਿਰੋਜ਼ਪੁਰ ਪਹੁੰਚਣ 'ਤੇ ਨਿੱਘਾ ਸਵਾਗਤ

## ਜ਼ਿਲ੍ਹਾ ਪ੍ਰਧਾਨ ਡਾ. ਮਲਕੀਤ ਥਿੰਦ ਗੁਰਦੁਆਰਾ ਜਾਮਨੀ ਸਾਹਿਬ ਹੋਏ ਨਤਮਸਤਕ



ਫਿਰੋਜ਼ਪੁਰ (ਅਸ਼ੋਕ ਸ਼ਰਮਾ)
ਆਮ ਆਦਮੀ ਪਾਰਟੀ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਡਾ. ਮਲਜੀਤ ਸਿੰਘ ਥਿੰਦ ਦਾ ਫਿਰੋਜ਼ਪੁਰ ਪਹੁੰਚਣ 'ਤੇ ਜ਼ਿਲ੍ਹੇ ਦੇ ਚਾਰੇ ਵਿਧਾਇਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਗਈ।ਇਸ ਉਪਰੰਤ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਡਾ. ਮਲਕੀਤ ਸਿੰਘ ਥਿੰਦ ਪਾਰਟੀ ਵਰਕਰਾਂ ਸਮੇਤ ਵੱਡੇ ਕਾਫਲੇ ਨਾਲ ਗੁਰਦੁਆਰਾ ਜਾਮਨੀ ਸਾਹਿਬ ਬਜ਼ੀਦਪੁਰ ਵਿਖੇ ਨਤਮਸਤਕ ਹੋਏ।ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ, ਵਿਧਾਇਕ ਗੁਰੂ ਹਰਸਹਾਏ ਫੌਜਾ ਸਿੰਘ ਸਰਾਰੀ ਤੇ ਵਿਧਾਇਕ ਜ਼ੀਰਾ ਨਰੇਸ਼ ਕਟਾਰਿਆ, ਪੰਜਾਬ ਐਗਰੋ ਦੇ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂਆਂ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਧਾਨ ਸ. ਭਗਵੰਤ ਸਿੰਘ ਮਾਨ ਤੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪਾਰਟੀ ਦੇ ਬਹੁਤ ਹੀ ਮਿਹਨਤੀ ਆਗੂ ਡਾ. ਮਲਕੀਤ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਹੈ ਤੇ ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਜ਼ਿਲ੍ਹਾ ਪ੍ਰਧਾਨ ਵਜੋਂ ਜ਼ਿੰਮੇਵਾਰੀ ਬਾਖੂਬੀ ਨਿਭਾਈ ਹੈ।ਇਸ ਮੌਕੇ ਡਾ. ਮਲਕੀਤ ਥਿੰਦ ਨੇ ਪਾਰਟੀ ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਜੋ ਵੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਉਨ੍ਹਾਂ ਵਰਕਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਹੈ।ਉਨ੍ਹਾਂ ਦੱਸਿਆ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਧਾਨਗੀ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇਸ ਤੋਂ ਇਲਾਵਾ ਉਹ ਵਿਧਾਨ ਸਭਾ ਚੋਣਾਂ ਦੌਰਾਨ ਗੁਰੂ ਹਰਸਹਾਏ ਤੋਂ 'ਆਪ' ਦੀ ਟਿਕਟ ਚੋਣ ਲੜ ਚੁੱਕੇ ਸਨ। ਉਨ੍ਹਾਂ ਕਿਹਾ ਕਿ ਆਉਣ ਵਾਲੀ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੂੰ ਫਿਰੋਜ਼ਪੁਰ ਸੀਟ ਤੋਂ ਰਿਕਾਰਡ ਤੋੜ ਜਿੱਤ ਦਿਵਾਉਣ ਲਈ ਉਹ ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਨੂੰ ਨਾਲ ਲੈ ਕੇ ਚੱਲਣਗੇ।

ਇਸ ਮੌਕੇ ਚੰਦ ਸਿੰਘ ਗਿੱਲ ਚੇਅਰਮੈਨ ਜ਼ਿਲ੍ਹਾ ਪਲਨਿੰਗ ਬੋਰਡ, ਚੇਅਰਮੈਨ ਮਾਰਕਿਟ ਕਮੇਟੀ ਫਿਰੋਜ਼ਪੁਰ ਬਲਰਾਜ ਕਟੋਰਾ, ਬੀਬੀ ਭੁਪਿੰਦਰ ਕੌਰ ਜੁਆਇੰਟ ਸੈਕਟਰੀ ਪੰਜਾਬ, ਦੀਪਕ ਸ਼ਰਮਾ ਜੁਆਇੰਟ ਸੈਕਟਰੀ ਯੂਥ ਵਿੰਗ ਪੰਜਾਬ, ਰਣਜੀਤ ਸਿੰਘ ਟਰੇਡ ਜੁਆਇੰਟ ਸੈਕਟਰੀ, ਸੁਰਿੰਦਰ ਮੋਹਨ ਪੱਪਾ ਜ਼ਿਲ੍ਹਾ ਪ੍ਰਧਾਨ ਟਰਾਂਸਪੋਰਟ ਵਿੰਗ, ਬਲਾਕ ਪ੍ਰਧਾਨ ਕੈਪਟਨ ਨੱਛਤਰ ਸਿੰਘ, ਸੁਖਦੇਵ ਸਿੰਘ ਖਾਲਸਾ ਬਲਾਕ ਪ੍ਰਧਾਨ ਤੋਂ ਇਲਾਵਾ ਵੱਡੀ ਗਿਣਤੀ 'ਚ ਪਾਰਟੀ ਵਰਕਰ ਤੇ ਆਗੂ ਹਾਜ਼ਰ ਸਨ।

# ਤਲਵੰਡੀ ਸਾਬੋ 'ਚ ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦਾ ਗਠਨ



ਤਲਵੰਡੀ ਸਾਬੋ (ਜਗਦੀਪ ਗਿੱਲ)-ਇੱਥੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿੱਚ ਗੁਰਦੁਆਰਾ ਬੁੰਗਾ ਮਸਤੂਆਣਾ ਸਾਹਿਬ ਵਿਖੇ ਮਾਰੂ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਤਲਵੰਡੀ ਸਾਬੋ ਦੇ ਸੈਂਕੜੇ ਲੋਕਾਂ ਦਾ ਇਕੱਠ ਹੋਇਆ, ਜਿਸ ਵਿੱਚ ਨਸ਼ਿਆਂ ਦੇ ਇਸ ਮਾਰੂ ਰੁਝਾਨ ਨੂੰ ਰੋਕਣ ਲਈ ਖੁੱਲ੍ਹੀਆਂ ਵਿਚਾਰਾਂ ਹੋਈਆਂ। ਦਰਜਨ ਤੋਂ ਵੱਧ ਸ਼ਹਿਰ ਤੇ ਲਾਗਲੇ ਪਿੰਡਾਂ ਦੇ ਪਤਵੰਤੇ ਸੱਜਣਾਂ ਨੇ ਨਸ਼ਾ ਵਿਰੋਧੀ ਐਕਸ਼ਨ ਕਮੇਟੀ ਬਣਾਉਣ ਲਈ ਆਪਣੇ ਆਪਣੇ ਵਿਚਾਰ ਰੱਖੇ। ਵੱਡੀ ਗਿਣਤੀ ਲੋਕਾਂ ਵੱਲੋਂ ਕੀਤੀ ਜਾ ਰਹੀ ਇਸ ਅਨੋਖੀ ਮੀਟਿੰਗ ਦੀ ਕਨਸੋਅ ਮਿਲਦਿਆਂ ਹੀ ਪੁਲਸ ਪਸ਼ਾਸਨ ਵੱਲੋਂ ਐੱਸ ਐੱਚ ਓ ਤਲਵੰਡੀ ਸਾਬੋ ਤੇ ਡੀ ਐੱਸ ਪੀ ਤਲਵੰਡੀ ਸਾਬੋ ਵੀ ਮੌਕੇ ਉੱਪਰ ਪੁੱਜ ਗਏ। ਇਸ ਮੌਕੇ ਪੁਲਸ ਪ੍ਰਸ਼ਾਸਨ ਵੱਲੋਂ ਬੋਲਦਿਆਂ ਦੀ ਡੀ ਐੱਸ ਪੀ ਤਲਵੰਡੀ ਸਾਬੋ ਨੇ ਕਿਹਾ ਕਿ ਲੋਕਾਂ ਨੂੰ ਨਸ਼ਿਆਂ ਵਿੱਚੋਂ ਕੱਢਣ ਲਈ ਹੰਭਲਾ ਮਾਰ ਰਹੇ ਤਮਾਮ ਲੋਕਾਂ, ਜਿਨ੍ਹਾਂ ਵੱਲੋਂ ਨਸ਼ਿਆਂ ਖਿਲਾਫ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ, ਦੀ ਸਥਾਨਕ ਪੁਲਸ ਵੱਲੋਂ ਹਰ ਸੰਭਵ ਸਹਾਇਤਾ ਕੀਤੀ ਜਾਏਗੀ। ਉਨ੍ਹਾਂ ਕਿਹਾ ਕਿ ਨਸ਼ੇ ਦੇ ਇਸ ਵਣਜ ਵਪਾਰ ਵਿੱਚ ਲੱਗੇ ਲੋਕਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਵਿੱਚ ਪੁਲਸ ਨੂੰ ਕੋਈ ਹਿਚਕਚਾਹਟ ਨਹੀਂ ਹੋਵੇਗੀ, ਬਸ਼ਰਤੇ ਕਿ ਕਾਨੂੰਨ ਅਨੁਸਾਰ ਐਵੀਡੈਂਸ ਮੌਜੂਦ ਹੋਵੇ। ਇਸ ਮੌਕੇ ਇਕੱਠੇ ਹੋਏ ਸੈਂਕੜੇ ਲੋਕਾਂ ਵੱਲੋਂ ਸੌ ਮੈਂਬਰਾਂ ਤੋਂ ਵੱਧ ਵਾਲੀ ਨਸ਼ਾ ਵਿਰੁੱਧ ਐਕਸ਼ਨ ਕਮੇਟੀ ਦੀ ਇੱਕ ਜਨਰਲ ਬਾਡੀ ਚੁਣੀ ਗਈ। ਉਪਰੰਤ ਉਕਤ ਜਨਰਲ ਬਾਡੀ ਵਿੱਚੋਂ ਇੱਕ 21 ਮੈਂਬਰੀ ਨਸ਼ਾ ਵਿਰੋਧੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਨੂੰ ਨਸ਼ਿਆਂ ਦੇ ਸੁਦਾਗਰਾਂ ਖਿਲਾਫ ਕਾਨੂੰਨ ਦੀ ਹੱਦ ਵਿੱਚ ਰਹਿੰਦਿਆਂ ਫੌਰੀ ਕਾਰਵਾਈ ਕਰਨ ਦੇ ਨਗਰ ਨਿਵਾਸੀਆਂ ਵੱਲੋਂ ਅਧਿਕਾਰ ਦਿੱਤੇ ਗਏ। ਇਸ ਮੌਕੇ ਲੋਕ ਆਵਾਜ਼ ਪ੍ਰੈੱਸ ਕਲੱਬ ਦੇ ਸਰਪ੍ਰਸਤ ਜਗਦੀਪ ਗਿੱਲ, ਸੁਖਵਿੰਦਰ ਸਿੰਘ ਭਾਗੀਵਾਂਦਰ, ਡਾਕਟਰ ਸੁਖਦੇਵ ਸਿੰਘ ਪ੍ਰਧਾਨ ਸਹਾਰਾ ਕਲੱਬ, ਮਾਸਟਰ ਜਗਦੀਪ ਸਿੰਘ ਗੋਗੀ, ਠਾਣਾ ਸਿੰਘ ਚੱਠਾ ਤੇ ਬਾਬਾ ਕਾਕਾ ਸਿੰਘ ਮਸਤੂਆਣੇ ਵਾਲਿਆਂ ਨੇ ਆਪਣੇ ਵਿਚਾਰ ਰੱਖੇ।

# ਮੁੱਖ ਮੰਤਰੀ ਵੱਲੋਂ ਹੜ੍ਹ ਪੀੜਤਾਂ ਲਈ ਹੁਣ ਤੱਕ 285 ਕਰੋੜ ਰੁਪਏ ਦੀ ਰਾਹਤ ਰਾਸ਼ੀ ਜਾਰੀ : ਜਿੰਪਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 31 ਅਗਸਤ ਤੱਕ ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਨੂੰ ਹੜ੍ਹਾਂ ਦੇ ਨੁਕਸਾਨ ਦੀ ਪੂਰਤੀ ਲਈ 285.32 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਕਿ ਰਾਹਤ ਰਾਸ਼ੀ ਹੱਕਦਾਰ ਲੋਕਾਂ ਨੂੰ ਪੂਰੀ ਪਾਰਦਰਸ਼ੀ ਅਤੇ ਖੱਜਲ-ਖੁਆਰੀ ਰਹਿਤ ਵੰਡੀ ਜਾਵੇ। ਇਸ ਤੋਂ ਇਲਾਵਾ ਮੁਆਵਜ਼ਾ ਦੇਣ ਸੰਬੰਧੀ ਕੋਈ ਸਿਫਾਰਸ਼ ਜਾਂ ਪ੍ਰਭਾਵਸ਼ਾਲੀ ਲੋਕਾਂ ਦਾ ਪੱਖ ਨਾ ਪੂਰਿਆ ਜਾਵੇ ਅਤੇ ਸਿਰਫ ਸਹੀ ਬੰਦੇ ਨੂੰ ਮੈਰਿਟ ਦੇ ਆਧਾਰ 'ਤੇ ਮੁਆਵਜ਼ਾ ਦਿੱਤਾ ਜਾਵੇ। ਜਿੰਪਾ ਨੇ ਕਿਹਾ ਕਿ ਜੁਲਾਈ ਮਹੀਨੇ ਵਿਚ ਹੜ੍ਹਾਂ ਦੇ ਖਤਰੇ ਦੀਆਂ ਰਿਪੋਰਟਾਂ ਮਿਲਦੇ ਸਾਰ ਹੀ 33.50 ਕਰੋੜ ਰੁਪਏ ਅਗੇਤੀ ਰਾਹਤ ਵਜੋਂ ਜਾਰੀ ਕਰ ਦਿੱਤੇ ਗਏ ਸਨ। ਇਸ ਤੋਂ ਬਾਅਦ ਸਮੇਂ ਸਮੇਂ 'ਤੇ ਪ੍ਰਭਾਵਿਤ ਜ਼ਿਲ੍ਹਿਆਂ ਅਤੇ ਕੁਝ ਵਿਭਾਗਾਂ ਨੂੰ ਰਾਹਤ ਰਾਸ਼ੀ ਜਾਰੀ ਹੁੰਦੀ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਝੋਨੇ ਦੀ ਖਰਾਬ ਹੋਈ ਪਨੀਰੀ ਲਈ ਕਿਸਾਨਾਂ ਨੂੰ ਰਾਹਤ ਰਾਸ਼ੀ ਵਜੋਂ ਦੇਣ ਲਈ 21 ਅਗਸਤ ਨੂੰ 186 ਕਰੋੜ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਜਾਰੀ ਕੀਤੀ। ਇਹ ਪਹਿਲੀ ਵਾਰ ਹੈ ਜਦੋਂ ਕੋਈ ਸਰਕਾਰ ਝੋਨੇ ਦੀ ਖਰਾਬ ਹੋਈ ਪਨੀਰੀ ਲਈ ਪ੍ਰਤੀ ਏਕੜ 6800 ਰੁਪਏ ਮੁਆਵਜ਼ਾ ਰਾਸ਼ੀ ਦੇ ਰਹੀ ਹੈ। ਇਸ ਤੋਂ ਇਲਾਵਾ ਮਨੁੱਖੀ ਜਾਨਾਂ, ਪਸ਼ੂਆਂ ਅਤੇ ਘਰਾਂ ਦੇ ਨੁਕਸਾਨ ਲਈ ਵੀ ਰਾਹਤ ਰਾਸ਼ੀ ਦਿੱਤੀ ਜਾ ਰਹੀ ਹੈ। ਆਫਤ ਪ੍ਰਬੰਧਨ ਮੰਤਰੀ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗਿਰਦਾਵਰੀ ਰਿਪੋਰਟਾਂ ਦੇ ਹਿਸਾਬ ਨਾਲ ਰਾਹਤ ਰਾਸ਼ੀ ਪ੍ਰਭਾਵਿਤ ਲੋਕਾਂ ਨੂੰ ਵੰਡ ਰਹੇ ਹਨ। ਜ਼ਿਕਰਯੋਗ ਹੈ ਕਿ ਪਟਿਆਲਾ ਨੂੰ 76.15 ਕਰੋੜ ਰੁਪਏ, ਅੰਮ੍ਰਿਤਸਰ ਜ਼ਿਲ੍ਹੇ ਨੂੰ 5.23 ਕਰੋੜ ਰੁਪਏ, ਫਿਰੋਜ਼ਪੁਰ ਨੂੰ 25.59 ਕਰੋੜ ਰੁਪਏ, ਫਾਜ਼ਿਲਕਾ ਨੂੰ 10.27 ਕਰੋੜ ਰੁਪਏ, ਫਤਹਿਗੜ੍ਹ ਸਾਹਿਬ ਨੂੰ 4.74 ਕਰੋੜ ਰੁਪਏ, ਗੁਰਦਾਸਪੁਰ ਨੂੰ 8.34 ਕਰੋੜ ਰੁਪਏ, ਹੁਸ਼ਿਆਰਪੁਰ ਨੂੰ 4.50 ਕਰੋੜ ਰੁਪਏ, ਜਲੰਧਰ ਨੂੰ 11.08 ਕਰੋੜ ਰੁਪਏ ਅਤੇ ਕਪੂਰਥਲਾ ਜ਼ਿਲ੍ਹੇ ਨੂੰ 2.50 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਰੂਪਨਗਰ ਨੂੰ 10.83 ਕਰੋੜ ਰੁਪਏ, ਸੰਗਰੂਰ ਨੂੰ 31.48 ਕਰੋੜ ਰੁਪਏ, ਲੁਧਿਆਣਾ ਨੂੰ 5.31 ਕਰੋੜ ਰੁਪਏ, ਮੋਗਾ ਨੂੰ 5.49 ਕਰੋੜ ਰੁਪਏ, ਮਾਨਸਾ ਨੂੰ 15.92 ਕਰੋੜ ਰੁਪਏ, ਸ੍ਰੀ ਮੁਕਤਸਰ ਸਾਹਿਬ ਨੂੰ 2 ਕਰੋੜ ਰੁਪਏ, ਮੋਹਾਲੀ ਨੂੰ 7.48 ਕਰੋੜ ਰੁਪਏ, ਸ਼ਹੀਦ ਭਗਤ ਸਿੰਘ ਨਗਰ ਨੂੰ 3.40 ਕਰੋੜ ਰੁਪਏ ਅਤੇ ਤਰਨ ਤਾਰਨ ਨੂੰ 28.52 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਜਦਕਿ ਬਠਿੰਡਾ, ਬਰਨਾਲਾ, ਮਾਲੇਰਕੋਟਲਾ ਤੇ ਫਰੀਦਕੋਟ ਜ਼ਿਲ੍ਹਿਆਂ ਨੂੰ 1-1 ਕਰੋੜ ਰੁਪਏ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸਿਹਤ, ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਸਕੂਲ ਸਿੱਖਿਆ ਵਿਭਾਗਾਂ ਨੂੰ ਵੀ 20.50 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

## 'ਨਗਰ ਨਿਗਮ ਵੱਲੋਂ ਹੁਣ ਤੱਕ ਕਰਵਾਏ ਜਾ ਚੁੱਕੇ ਹਨ 13 ਕਰੋੜ ਰੁਪਏ ਦੇ ਵਿਕਾਸ ਕਾਰਜ '

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 19 ਦੇ ਪੁਰਹੀਰਾਂ ਵਿਖੇ ਸੜਕ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰਾਂ ਵਿਚ ਬੁਨਿਆਦੀ ਸੁਵਿਧਾਵਾਂ ਉਪਲਬੱਧ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਹੁਸ਼ਿਆਰਪੁਰ ਵਿਚ ਇਸ ਸਾਲ ਹੁਣ ਤੱਕ 13 ਕਰੋੜ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ ਸ਼ਹਿਰ ਵਿਚ 11 ਟਿਊਬਵੈਲ ਅੰਡਰ ਪ੍ਰੋਸੈਸ ਜਾਂ ਲਗ ਚੁੱਕੇ ਹਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ ਅਤੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ 6 ਲੱਖ ਰੁਪਏ ਦੀ ਲਾਗਤ ਨਾਲ ਨਗਰ ਨਿਗਮ ਵੱਲੋਂ ਇਹ ਸੜਕ ਨਿਰਮਾਣ ਕਾਰਜ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਲਦ ਤੋਂ ਜਲਦ ਸੜਕ ਨਿਰਮਾਣ ਕਾਰਜ ਪੂਰਾ ਕਰਵਾਇਆ ਜਾਵੇ ਅਤੇ ਸੜਕ ਨਿਰਮਾਣ ਦੌਰਾਨ ਗੁਣਵੱਤਾ ਪੱਖੋਂ ਕਿਸੇ ਤਰ੍ਹਾਂ ਦੀ ਕੋਈ ਕਮੀ ਨਾ ਛੱਡੀ ਜਾਵੇ। ਇਸ ਦੌਰਾਨ ਸਤਵੰਤ ਸਿੰਘ ਸਿਆਨ, ਐਕਸੀਅਨ ਹਰਪ੍ਰੀਤ ਸਿੰਘ, ਹਰਪਾਲ ਸਿੰਘ ਪਾਲਾ, ਡਾ. ਗੁਰਦੀਪ ਸਿੰਘ, ਸੂਰਜ ਮੋਹਨ, ਪਵਨ ਸ਼ਰਮਾ, ਕੁਸ਼ ਸ਼ਾਰਦਾ, ਪੰਮਾ, ਗੌਰਵ ਕਪੂਰ, ਮੋਨਿਕਾ ਸ਼ਾਰਦਾ, ਸਰੋਜ ਰਾਣੀ, ਅਨੀਤਾ ਕਪੂਰ, ਰੀਮਾ ਦੇਵੀ, ਵਰਿੰਦਰ ਵੈਦ, ਸੁਮੇਸ਼ ਸੋਨੀ ਤੋਂ ਇਲਾਵਾ ਹੋਰ ਮੁਹੱਲਾ ਨਿਵਾਸੀ ਵੀ ਮੌਜੂਦ ਸਨ।

## ਰਾਜਾ ਨੇ ਟਾਂਡਾ ਤਹਿਸੀਲ 'ਚ ਲਗਾਇਆ ਲੋਕ ਦਰਬਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ)**-ਹਲਕੇ ਦੇ ਲੋਕਾਂ ਨੂੰ ਤਹਿਸੀਲ 'ਚ ਕੰਮ ਕਰਵਾਉਣ ਸੰਬੰਧੀ ਕੋਈ ਵੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਤੇ ਤਹਿਸੀਲ ਵਿਚ ਪ੍ਰਸ਼ਾਸਨਿਕ ਕੰਮ ਪੂਰੀ ਤਰਾਂ ਪਾਰਦਰਸ਼ਤਾ ਨਾਲ ਕੀਤੇ ਜਾਣਗੇ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਨੇ ਟਾਂਡਾ ਤਹਿਸੀਲ 'ਚ ਲਗਾਏ ਲੋਕ ਦਰਬਾਰ ਮੌਕੇ ਗੱਲਬਾਤ ਕਰਦਿਆਂ ਕੀਤਾ। ਵਿਧਾਇਕ ਰਾਜਾ ਨੇ ਦੱਸਿਆ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਲਕਾ ਟਾਂਡਾ ਦੀ ਤਹਿਸੀਲ ਵਿੱਚ ਲੋਕ ਦਰਬਾਰ ਲਗਾਇਆ ਗਿਆ ਹੈ ਜਿਸ ਵਿੱਚ ਟਾਂਡਾ ਤਹਿਸੀਲ ਨਾਲ ਸੰਬੰਧਤ ਹਲਕਾ ਵਾਸੀਆਂ ਨੂੰ ਪੇਸ਼ ਆ ਰਹੀਆ 28 ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ । ਇਸ ਮੌਕੇ ਵਿਧਾਇਕ ਰਾਜਾ ਨਾਲ ਨਾਇਬ ਤਹਿਸੀਲਦਾਰ ਟਾਂਡਾ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ । ਇਸ ਲੋਕ ਦਰਬਾਰ 'ਚ ਲੋਕ ਵੱਡੀ ਗਿਣਤੀ ਵਿੱਚ ਪਹੁੰਚੇ ਤੇ ਆਪਣੇ ਰੁਕੇ ਹੋਏ ਕੰਮ ਕਰਵਾਏ। ਇਸ ਮੌਕੇ ਬਲਾਕ ਪ੍ਰਧਾਨ ਕੇਸ਼ਵ ਸੈਣੀ, ਟਾਂਡਾ ਸ਼ਹਿਰੀ ਪ੍ਰਧਾਨ ਜਗਜੀਵਨ ਜੱਗੀ, ਬੇਟ ਖੇਤਰ ਦੇ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ, ਆਪ ਆਗੂ ਸੁਖਵਿੰਦਰ ਸਿੰਘ ਅਰੋੜਾ, ਆਪ ਆਗੂ ਗੁਰਦੀਪ ਸਿੰਘ ਹੈਪੀ, ਆਪ ਆਗੂ ਜਸਵੰਤ ਸਿੰਘ ਬਿੱਟੂ ਜਲਾਲਪੁਰ, ਆਪ ਆਗੂ ਲਖਵਿੰਦਰ ਸਿੰਘ ਸੇਠੀ ਜਲਾਲਪੁਰ, ਪ੍ਰੇਮ ਜੇਨ, ਸਰਬਜੀਤ ਵਿੱਕੀ, ਅਨਿਲ ਗੋਰਾ, ਰਾਜਨ ਸੌਂਧੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡਾਂ ਦੇ ਲੋਕ ਹਾਜ਼ਰ ਸਨ।

# ਜ਼ਿਲ੍ਹਾ ਪ੍ਰਧਾਨ ਸਰਵਣ ਸਿੰਘ ਕੁਲਾਰ ਬੇਰ ਸਾਹਿਬ ਨਤਮਸਤਕ ਹੋਏ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਸ਼੍ਰੋਮਣੀ ਅਕਾਲੀ ਦਲ ਦੇ ਦੂਸਰੀ ਵਾਰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਸਰਵਣ ਸਿੰਘ ਕੁਲਾਰ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਅੱਜ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਭੋਰਾ ਸਾਹਿਬ ਅਤੇ ਬੇਰੀ ਸਾਹਿਬ ਦੇ ਦਰਸ਼ਨ ਕੀਤੇ ਉਪਰੰਤ ਕੀਰਤਨ ਸਰਵਣ ਕੀਤਾ। ਨਤਮਸਤਕ ਹੋਣ ਮੌਕੇ ਹੈਡ ਗ੍ਰੰਥੀ ਭਾਈ ਸਤਨਾਮ ਸਿੰਘ ਵੱਲੋਂ ਜ਼ਿਲ੍ਹਾ ਪ੍ਰਧਾਨ ਸਰਵਣ ਸਿੰਘ ਕੁਲਾਰ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਨਤਮਸਤਕ ਹੋਣ ਉਪਰੰਤ ਉਨ੍ਹਾ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀਬੀ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਜ਼ਿਲ੍ਹੇ ਦੀ ਨੁਮਾਇੰਦਗੀ ਦੇ ਕੇ ਮਾਣ ਬਖਸ਼ਿਆ ਹੈ। ਉਨ੍ਹਾਂ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਸਮੂਹ ਵਰਕਰਾਂ ਨਾਲ ਵਿਚਾਰ ਵਟਾਂਦਰੇ ਕਰਕੇ ਕੰਮ ਕਰਨਗੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ, ਜਥੇਦਾਰ ਸੁਰਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ, ਇੰਜੀਨੀਅਰ ਸਵਰਨ ਸਿੰਘ ਮੈਂਬਰ ਪੀ ਏ ਸੀ, ਸਾਬਕਾ ਚੇਅਰਮੈਨ ਗੁਰਜੰਟ ਸਿੰਘ ਸੰਧੂ, ਦਰਬਾਰਾ ਸਿੰਘ ਵਿਰਦੀ, ਕੁਲਦੀਪ ਸਿੰਘ ਬੂਲੇ ਸੀਨੀਅਰ ਆਗੂ ਆਦਿ ਵੱਲੋਂ ਜਥੇਦਾਰ ਸਰਵਣ ਸਿੰਘ ਕੁਲਾਰ ਦਾ ਪਾਵਨ ਨਗਰੀ ਸੁਲਤਾਨਪੁਰ ਲੋਧੀ ਪਹੁੰਚਣ 'ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਿੰਦਰ ਸਿੰਘ ਆਹਲੀ ਸਾਬਕਾ ਸਕੱਤਰ ਐਸ ਜੀ ਪੀ ਸੀ, ਮੈਨੇਜਰ ਜਰਨੈਲ ਸਿੰਘ ਬੂਲੇ, ਚੈਂਚਲ ਸਿੰਘ ਮੀਤ ਮੈਨੇਜਰ, ਗਿਆਨੀ ਹਰਜਿੰਦਰ ਸਿੰਘ ਮੀਤ ਹੈਡ ਗ੍ਰੰਥੀ, ਜਥੇਦਾਰ ਜਸਵੰਤ ਸਿੰਘ ਕੌੜਾ, ਜਥੇਦਾਰ ਗੁਰਜੰਟ ਸਿੰਘ ਸੰਧੂ, ਕੁਲਦੀਪ ਸਿੰਘ ਬੂਲੇ, ਸਤਨਾਮ ਸਿੰਘ ਰਾਮੇ, ਗੁਰਪ੍ਰੀਤ ਸਿੰਘ ਫੱਤੂਢੀਂਗਾ, ਬਲਬੀਰ ਸਿੰਘ ਸੈਦਪੁਰ, ਹਰੀ ਸਿੰਘ ਵਾਟਾਂ ਵਾਲੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।



## ਸਿਹਤ ਮੰਤਰੀ ਨੂੰ ਭੇਜਿਆ 15 ਦੀ ਪਟਿਆਲਾ ਰੈਲੀ ਦਾ ਨੋਟਿਸ

**ਕਾਲਾ ਸੰਘਿਆਂ (ਮਨਜੀਤ ਮਾਨ)** ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਸੂਬਾਈ ਮੀਟਿੰਗ ਦੇ ਫੈਸਲੇ ਅਨੁਸਾਰ 24 ਅਗਸਤ ਤੋਂ 31 ਅਗਸਤ ਤੱਕ ਸੀਨੀਅਰ ਮੈਡੀਕਲ ਅਫਸਰਾਂ ਰਾਹੀਂ ਆਪਣੀਆਂ ਮੰਗਾਂ ਨਾ ਮੰਨੇ ਜਾਣ ਦੇ ਰੋਸ ਵਜੋਂ ਅੱਜ ਬਲਾਕ ਕਾਲਾ ਸੰਘਿਆਂ ਜ਼ਿਲ੍ਹਾ ਕਪੂਰਥਲਾ ਦੀਆਂ ਵਰਕਰਾਂ ਨੇ ਸ਼ਮੂਲੀਅਤ ਕਰਕੇ ਸਿਹਤ ਮੰਤਰੀ ਪੰਜਾਬ ਨੂੰ 15 ਸਤੰਬਰ ਨੂੰ ਪਟਿਆਲਾ ਵਿਖੇ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਸੰਬੰਧੀ ਨੋਟਿਸ ਭੇਜਿਆ ਗਿਆ । ਇਸ ਮੌਕੇ ਡੀ ਐਮ ਐਫ ਦੇ ਆਗੂ ਗੁਰਿੰਦਰਜੀਤ ਸਿੰਘ, ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ, ਜ਼ਿਲ੍ਹਾ ਆਗੂ ਰਾਣੀ ਸਿੱਧੂ, ਬਲਾਕ ਪ੍ਰਧਾਨ ਹਰਵਿੰਦਰ ਕੌਰ, ਬਲਵੀਰ ਕੌਰ, ਕਮਲਜੀਤ ਕੌਰ, ਵੰਦਨਾ, ਕਮਲਜੀਤ ਕੌਰ ਨੇ ਦੱਸਿਆ ਕਿ ਸਿਹਤ ਮੰਤਰੀ ਪੰਜਾਬ ਨਾਲ 4 ਮਈ ਨੂੰ ਪੰਜਾਬ ਭਵਨ ਵਿੱਚ ਹੋਈ ਮੀਟਿੰਗ ਦੌਰਾਨ ਮੰਨੀਆਂ ਗਈਆਂ ਮੰਗਾਂ ਨੂੰ ਪੰਜ ਮਹੀਨੇ ਬਾਅਦ ਵੀ ਲਾਗੂ ਨਹੀਂ ਕੀਤਾ ਗਿਆ ਜਿਸ ਦੇ ਰੋਸ ਵਜੋਂ ਪੰਜਾਬ ਭਰ ਦੀਆਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਨੇ ਆਪਣੇ ਸੰਘਰਸ਼ ਨੂੰ ਤੇਜ਼ ਕਰਨ ਦਾ ਫੈਸਲਾ ਕੀਤਾ ਹੈ। ਜਿਸ ਦੀ ਕੜੀ ਵਜੋਂ ਜ਼ਿਲ੍ਹਿਆਂ ਰਾਹੀਂ ਨੋਟਿਸ ਭੇਜਣ ਤੋਂ ਬਾਅਦ ਪੰਜਾਬ ਦੇ ਸਮੂਹ ਬਲਾਕ ਕੇਂਦਰਾਂ 'ਤੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ। ਜੇਕਰ ਪੰਜਾਬ ਸਰਕਾਰ ਨੇ ਫਿਰ ਵੀ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ 15 ਸਤੰਬਰ ਨੂੰ ਸਿਹਤ ਮੰਤਰੀ ਪੰਜਾਬ ਦੇ ਸ਼ਹਿਰ ਪਟਿਆਲਾ ਵਿਖੇ ਲਾਮਿਸਾਲ ਰੈਲੀ ਕਰਕੇ ਉਨ੍ਹਾ ਦੇ ਨਿਵਾਸ ਵੱਲ ਮਾਰਚ ਕੀਤਾ ਜਾਵੇਗਾ।

## ਫੈਡਰੇਸ਼ਨ ਏਟਕ ਭਲਕੇ ਵੱਡੇ ਪੱਧਰ 'ਤੇ ਕਰੇਗੀ ਰੋਸ ਪ੍ਰਦਰਸ਼ਨ



**ਸ਼ਾਹਕੋਟ (ਗਿਆਨ ਸੈਦਪੁਰੀ)**-ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ (ਏਟਕ) ਪੰਜਾਬ ਦੇ ਪ੍ਰਧਾਨ ਸਾਥੀ ਗੁਰਪ੍ਰੀਤ ਸਿੰਘ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸੁਰਿੰਦਰਪਾਲ ਲਹੌਰੀਆ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਸਰਕਾਰ ਨੂੰ ਤਕਰੀਬਨ ਦੋ ਸਾਲ ਦਾ ਸਮਾ ਹੋ ਗਿਆ ਹੈ । ਇਸ ਸਮੇਂ ਦੌਰਾਨ ਇਸ ਸਰਕਾਰ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਵਿਚੋਂ ਇੱਕ ਵੀ ਵਆਦਾ ਵਫਾ ਨਹੀਂ ਹੋਇਆ। ਇਹ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਨੀਤੀ 'ਤੇ ਚੱਲ ਕੇ ਮੁਲਾਜ਼ਮਾਂ ਦੇ ਮਸਲਿਆਂ ਨੂੰ ਲਟਕਾ ਰਹੀ ਹੈ। ਪੰਜਾਬ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਬਜਾਏ ਉਨ੍ਹਾਂ ਉੱਪਰ ਬੇਤਹਾਸ਼ਾ ਤਸ਼ੱਦਦ ਕਰ ਰਹੀ ਹੈ। ਮੁਲਾਜ਼ਮਾ ਨੂੰ ਦਿੱਤੇ ਭਰੋਸਿਆਂ ਨੂੰ ਤੋੜਿਆ ਜਾ ਰਿਹਾ ਹੈ। ਜਦ ਪੰਜਾਬ ਮੁਲਾਜ਼ਮ ਲਹਿਰ ਨੇ ਸਰਕਾਰ ਨਾਲ ਲੀਕ ਖਿੱਚ ਲੜਾਈ ਲੜਨ ਦਾ ਮਨ ਬਣਾਇਆ ਹੈ ਤਾਂ ਸਰਕਾਰ ਸੁਮੱਚੇ ਪੰਜਾਬ ਅੰਦਰ ਐਸਮਾ ਲਾਗੂ ਕਰਕੇ ਮੁਲਾਜ਼ਮ ਲਹਿਰ ਨੂੰ ਕੁਚਲਣ ਲਈ ਤਰਲੋਮੱਛੀ ਹੋ ਰਹੀ ਹੈ। ਇਸ ਲਈ ਫੈਡਰੇਸ਼ਨ (ਏਟਕ) ਪੰਜਾਬ ਵੱਲੋਂ ਸੁਮੱਚੇ ਪੰਜਾਬ ਅੰਦਰ 5 ਸਤੰਬਰ ਨੂੰ ਤਹਿਸੀਲ ਦਫਤਰਾਂ, ਡੀ ਸੀ ਦਫਤਰਾਂ, ਪਾਵਰਕੌਮ ਦੇ ਦਫਤਰਾਂ ਅੱਗੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਸਰਕਾਰ ਦੇ ਕਾਲੇ ਕਾਨੂੰਨਾਂ ਖਿਲਾਫ ਆਪਣੀ ਅਵਾਜ਼ ਬਲੰਦ ਕੀਤੀ ਜਾਵੇਗੀ।

## ਯੋਗ ਮੁਕਾਬਲੇ 'ਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਰਣਯੋਧ ਤੀਜੇ ਸਥਾਨ 'ਤੇ



ਹੋਣਹਾਰ ਵਿਦਿਆਰਥੀ ਰਣਯੋਧ ਸਿੰਘ ਨੂੰ ਮੈਡਲ ਤੇ

**ਸੁਲਤਾਨਪੁਰ ਲੋਧੀ, (ਹਨੀ)**-ਕਪੂਰਥਲਾ ਇੰਟਰ-ਸਕੂਲ ਸਹੋਦਿਆ ਵੱਲੋਂ ਕਰਵਾਏ ਗਏ ਯੋਗ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ। ਸਕੂਲ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਯੋਗ ਮੁਕਾਬਲੇ ਦੀ ਮੇਜ਼ਬਾਨੀ ਜੀ.ਟੀ.ਬੀ. ਇੰਟਰਨੈਸ਼ਨਲ ਸਕੂਲ ਕਪੂਰਥਲਾ ਵੱਲੋਂ ਕੀਤੀ ਗਈ ਅਤੇ ਯੋਗ ਪ੍ਰਤੀਯੋਗਤਾ ਵਿੱਚ 15 ਸਕੂਲਾਂ ਨੇ ਭਾਗ ਲਿਆ । ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਸੱਤਵੀਂ ਜਮਾਤ ਦੇ ਵਿਦਿਆਰਥੀ ਰਣਯੋਧ ਸਿੰਘ ਨੇ ਸ਼ਾਨਦਾਰ ਯੋਗ ਆਸਣਾਂ ਰਾਹੀਂ ਇਸ ਮੁਕਾਬਲੇ ਵਿੱਚ ਤੀਜੇ ਸਥਾਨ 'ਤੇ ਕਬਜ਼ਾ ਕੀਤਾ। ਪ੍ਰਤੀਯੋਗਤਾ ਦੇ ਪ੍ਰਬੰਧਕਾਂ ਵੱਲੋਂ ਹੋਣਹਾਰ ਵਿਦਿਆਰਥੀ ਰਣਯੋਧ ਸਿੰਘ ਨੂੰ ਮੈਡਲ ਤੇ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਕਮੇਟੀ,ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਜੇਤੂ ਵਿਦਿਆਰਥੀ, ਉਸ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਸ਼ੁੱਭਕਾਮਨਾਵਾਂ ਦਿੱਤੀਆਂ ।

## ਰੈਵੇਨਿਊ ਪਟਵਾਰ ਯੂਨੀਅਨ ਦੀ ਮੀਟਿੰਗ 'ਚ ਮੌਜੂਦਾ ਹਾਲਾਤ 'ਤੇ ਵਿਚਾਰਾਂ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਰੈਵਨਿਊ ਪਟਵਾਰ ਯੂਨੀਅਨ ਤਹਿਸੀਲ ਸ੍ਰੀ ਚਮਕੌਰ ਸਾਹਿਬ ਦੀ ਮੀਟਿੰਗ ਤਹਿਸੀਲ ਪ੍ਰਧਾਨ ਮਲਕੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਮੌਜੂਦਾ ਹਾਲਾਤ 'ਤੇ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪੰਜਾਬ ਬਾਡੀ ਵੱਲੋਂ ਲਏ ਫੈਸਲੇ ਦੀ ਪੂਰੀ ਤਰਾਂ ਪਾਲਣਾ ਕੀਤੀ ਜਾਵੇਗੀ ਤੇ ਸਮੂਹ ਪਟਵਾਰੀ ਤਹਿਸੀਲ ਸ੍ਰੀ ਚਮਕੌਰ ਸਾਹਿਬ ਦੇ ਆਪਣੇ ਪੱਕੇ ਹਲਕਿਆਂ 'ਚ ਹੀ ਡਿਊਟੀ ਨਿਭਾਉਣਗੇ। ਇਸ ਤੋਂ ਇਲਾਵਾ ਦਿੱਤੇ ਵਾਧੂ ਸਰਕਲਾਂ ਦਾ ਕੰਮ ਪੰਜਾਬ ਬਾਡੀ ਦੇ ਅਗਲੇ ਆਦੇਸ਼ਾਂ ਤੱਕ ਛੱਡ ਦਿੱਤਾ ਗਿਆ ਹੈ। ਮੀਟਿੰਗ ਵਿਚ ਸਰਕਾਰ ਨੂੰ ਚਿਤਾਵਨੀ ਵੀ ਦਿੱਤੀ ਗਈ ਗਈ ਜੋ ਆਮ ਜਨਤਾ ਦੀ ਖੱਜਲ ਖੁਆਰੀ ਹੋਵੇਗੀ, ਉਸ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ। ਇਸ ਮੌਕੇ ਜ/ਸ ਗਗਨਦੀਪ ਸਿੰਘ ਸ੍ਰੀ ਚਮਕੌਰ ਸਾਹਿਬ, ਗੁਰਿੰਦਰ ਸਿੰਘ ਸਮੇਤ ਸਮੂਹ ਪਟਵਾਰੀ ਮੌਜੂਦ ਸਨ।

## ਸੰਧਵਾਂ ਵੱਲੋਂ 'ਨਸ਼ੇ ਭਜਾਈਏ, ਜਵਾਨੀ ਬਚਾਈਏ' ਮੁਹਿੰਮ ਦਾ ਆਗਾਜ਼

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸ਼ਨੀਵਾਰ ਨੂੰ ਵਿਧਾਨ ਸਭਾ ਹਲਕਾ ਕੋਟਕਪੂਰਾ ਤੋਂ ਇੱਕ ਵਿਸ਼ੇਸ਼ ਮੁਹਿੰਮ 'ਨਸ਼ੇ ਭਜਾਈਏ, ਜਵਾਨੀ ਬਚਾਈਏ' ਦਾ ਆਗਾਜ਼ ਕੀਤਾ। ਇੱਕ ਦਰਜਨ ਦੇ ਕਰੀਬ ਪਿੰਡਾਂ ਦਾ ਦੌਰਾ ਕਰਕੇ ਉਨ੍ਹਾਂ ਨੇ ਲੋਕਾਂ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਅ ਕਰਨ ਅਤੇ ਜੀਵਨ ਨੂੰ ਸਹੀ ਦਿਸ਼ਾ ਵੱਲ ਤੋਰਨ ਦੀ ਪ੍ਰੇਰਨਾ ਦਿੱਤੀ। ਸੰਧਵਾਂ ਨੇ ਕਿਹਾ ਕਿ ਅਜੋਕੇ ਦੌਰ 'ਚ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਸ਼ਿਆਂ ਦੀ ਗ੍ਰਿਫਤ 'ਚ ਆ ਚੁੱਕੇ ਨੌਜਵਾਨਾਂ ਨੂੰ ਇਸ ਗੁਲਾਮੀ 'ਚੋਂ ਬਾਹਰ ਕੱਢਣ ਲਈ ਪ੍ਰੇਰਿਤ ਕਰਨਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਇਸ ਸੰਬੰਧੀ ਪ੍ਰੇਰਿਤ ਕਰਨਾ ਹਰ ਪੰਜਾਬ ਹਿਤੈਸ਼ੀ ਦਾ ਫਰਜ਼ ਬਣਦਾ ਹੈ। ਸੰਧਵਾਂ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਫ਼ਰੀਦਕੋਟ ਦੇ ਸਹਿਯੋਗ ਨਾਲ ਇਸ ਮੁਹਿੰਮ ਦੀ ਸ਼ੁਰੂਆਤ ਆਪਣੇ ਪਿੰਡ ਸੰਧਵਾਂ ਤੋਂ ਕੀਤੀ। ਇਸ ਉਪਰੰਤ ਉਨ੍ਹਾਂ ਨੇ ਕੋਠੇ ਚਹਿਲ, ਚਹਿਲ, ਟਹਿਣਾ, ਪੱਕਾ, ਮੋਰਾਂਵਾਲੀ, ਕਲੇਰ, ਮਿਸ਼ਰੀਵਾਲਾ, ਘੁਮਿਆਰਾ ਅਤੇ ਚੰਦਬਾਜਾ ਆਦਿ ਪਿੰਡਾਂ 'ਚ ਵਿਸ਼ੇਸ਼ ਆਯੋਜਿਤ ਪ੍ਰੋਗਰਾਮਾਂ 'ਚ ਸ਼ਮੂਲੀਅਤ ਕੀਤੀ ਅਤੇ ਵਿਚਾਰ-ਚਰਚਾਵਾਂ 'ਚ ਭਾਗ ਲਿਆ। ਉਨ੍ਹਾਂ ਨੇ ਵੱਖ-ਵੱਖ ਪਿੰਡਾਂ ਦੀ ਆਪਣੀ ਫੇਰੀ ਦੌਰਾਨ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਵੀ ਲੋਕਾਂ ਦੇ ਰੂਬਰੂ ਕੀਤਾ ਅਤੇ ਜਿਨ੍ਹਾਂ ਨੇ ਨਸ਼ੇ ਤਿਆਗਣ ਤੋਂ ਬਾਅਦ ਆਪਣੇ ਸਫ਼ਲ ਜੀਵਨ ਦੇ ਤਜਰਬੇ ਵੀ ਲੋਕਾਂ ਨਾਲ ਸਾਂਝੇ ਕੀਤੇ।

## ਧਾਰਮਕ ਸਮਾਗਮ ਕਰਵਾਇਆ

**ਮਾਹਿਲਪੁਰ (ਨਿਰਮਲ ਸਿੰਘ ਮੁੱਗੋਵਾਲ)**-ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੁਸਾਇਟੀ ਇਲਾਕਾ ਮਾਹਿਲਪੁਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਸਿੰਘ ਸਭਾ ਪਿੰਡ ਭਾਮ ਵਿਖੇ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਮਹੀਨਾਵਾਰ ਗੁਰਮਤਿ ਕਥਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਈ ਬਲਬੀਰ ਸਿੰਘ ਮਨੋਲੀਆਂ ਦੇ ਰਾਗੀ ਜਥੇ ਨੇ ਕਥਾ ਕੀਰਤਨ ਕਰਦਿਆਂ ਸੰਗਤਾਂ ਨੂੰ ਉਸ ਸਰਵ ਸ਼ਕਤੀਮਾਨ ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ। ਭਾਈ ਨਛੱਤਰ ਸਿੰਘ ਬ੍ਰਹਮਜੀਤ ਨੇ ਧਾਰਮਕ ਗ੍ਰੰਥਾਂ ਦ ਮੁਢਲੀ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਸੰਗਤਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੇ ਪ੍ਰਕਾਸ਼ ਕਰਨ ਦਾ ਇਤਿਹਾਸ ਸਾਂਝਾ ਕੀਤਾ। ਇਸ ਮੌਕੇ ਪਿੰਡ ਦੀ ਸਮੂਹ ਸੰਗਤ ਸਮੇਤ ਹਰੀ ਸਿੰਘ ਪ੍ਰਧਾਨ, ਹਰਜਿੰਦਰ ਸਿੰਘ, ਪਰਮਜੀਤ ਸਿੰਘ, ਕੁਲਜਿੰਦਰ ਸਿੰਘ, ਸੁਰਜੀਤ ਸਿੰਘ, ਹਰਜਾਪ ਸਿੰਘ, ਸੋਹਣ ਸਿੰਘ ਦਾਦੂਵਾਲ, ਦਲਜੀਤ ਸਿੰਘ ਰੂਪੋਵਾਲ ਜਸਵੀਰ ਕੌਰ, ਕੁਲਵੰਤ ਸਿੰਘ ਪ੍ਰਧਾਨ ਗੁਰਦੁਆਰਾ ਟਾਹਲੀ ਸਾਹਿਬ, ਲੰਬੜਦਾਰ ਸਾਹਿਬ ਪਿੰਡ ਥੱਪਲ, ਹਰਜਿੰਦਰ ਸਿੰਘ ਸਮੇਤ ਸਿੱਖ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰੀ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਸੇਵਾ ਸੁਸਾਇਟੀ ਦੇ ਪ੍ਰਧਾਨ ਜਥੇਦਾਰ ਹਰਬੰਸ ਸਿੰਘ ਸਰਹਾਲਾ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਕਰਵਾਉਣ ਦਾ ਮੁੱਖ ਮਨੋਰਥ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾਉਣਾ ਅਤੇ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦੇਣਾ ਹੈ।

## ਟ੍ਰੈਫਿਕ ਪੁਲਸ ਨੂੰ ਵੰਡੇ ਰੇਨ ਕੋਟ



**ਜਲੰਧਰ (ਸ਼ੈਲੀ ਐਲਬਰਟ)**-ਸੀ ਟੀ ਆਈ ਈ ਐਮ ਟੀ (ਸੀ ਟੀ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਮੈਨੇਜਮੈਂਟ ਟੈਕਨਾਲੋਜੀ) ਦੇ ਵਿਦਿਆਰਥੀਆਂ ਨੇ ਜਲੰਧਰ ਦੇ ਵੱਖ-ਵੱਖ ਖੇਤਰਾਂ ਵਿੱਚ ਸੇਵਾ ਕਰ ਰਹੇ ਟ੍ਰੈਫਿਕ ਪੁਲਸ ਅਧਿਕਾਰੀਆਂ ਲਈ ਖਾਸ ਤੌਰ 'ਤੇ ਰੇਨਕੋਟ ਵੰਡਣ ਦੀ ਮੁਹਿੰਮ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਸ ਮੁਹਿੰਮ ਦਾ ਮੁੱਖ ਮੰਤਵ ਟ੍ਰੈਫਿਕ ਪੁਲਸ ਅਧਿਕਾਰੀਆਂ ਨੂੰ ਮੀਂਹ ਤੋਂ ਸੁਰੱਖਿਆ ਪ੍ਰਦਾਨ ਕਰਨਾ ਸੀ, ਜਿਸ ਨਾਲ ਉਹ ਚੁਣੌਤੀਪੂਰਨ ਮੌਸਮ ਵਿੱਚ ਵੀ ਆਪਣੀ ਡਿਊਟੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾ ਸਕਣ । ਇਸ ਮੁਹਿੰਮ ਰਾਹੀਂ ਬੀਐਮਸੀ ਚੌਕ, ਬੱਸ ਸਟੈਂਡ, ਗੁਰੂ ਨਾਨਕ ਮਿਸ਼ਨ ਚੌਂਕ, ਟਰੈਫਿਕ ਪੁਲਸ ਹੈੱਡਕੁਆਰਟਰ ਅਤੇ ਨਕੋਦਰ ਚੌਕ ਦਾ ਦੌਰਾ ਕੀਤਾ ਗਿਆ ਅਤੇ ਪੁਲਸ ਵਾਲਿਆਂ ਨੂੰ ਰੇਨ ਕੋਟ ਦਿੱਤੇ।

## ਸਹੋਤਾ ਦੀ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

**ਫਿਲੌਰ, ਗੁਰਾਇਆ (ਨਿਰਮਲ, ਬਿੰਦਰ ਸੁੰਮਨ)**- ਪੰਜਾਬ ਸੁਬਾਰਡੀਨੇਟ ਸਰਵਸਿਜ਼ ਫੈਡਰੇਸ਼ਨ ਜ਼ਿਲਾ ਜਲੰਧਰ ਦੇ ਸਾਬਕਾ ਪ੍ਰਧਾਨ ਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੇਵਾ ਮੁਕਤ ਮਾਸਟਰ ਹਰਜਿੰਦਰ ਸਿੰਘ ਸਹੋਤਾ ਚੱਕ ਦੇਸਰਾਜ ਦੀ ਬੇਵਕਤੀ ਮੌਤ 'ਤੇ ਪਰਵਾਰ ਨੂੰ ਪਏ ਅਸਹਿ ਅਤੇ ਨਾ ਪੂਰਾ ਹੋਣ ਵਾਲੇ ਘਾਟੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ, ਸਾਬਕਾ ਪ੍ਰਧਾਨ ਕਰਨੈਲ ਸਿੰਘ ਸੰਧੂ, ਸਕੱਤਰ ਸੁਖਵਿੰਦਰ ਸਿੰਘ ਮੱਕੜ, ਵਿੱਤ ਸਕੱਤਰ ਹਰਮਨਜੋਤ ਸਿੰਘ ਆਹਲੂਵਾਲੀਆ, ਪ੍ਰੈੱਸ ਸਕੱਤਰ ਰਗਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਕੁਲਾਰ, ਤੀਰਥ ਸਿੰਘ ਬਾਸੀ, ਗੁਰਿੰਦਰ ਸਿੰਘ ਆਦਮਪੁਰ, ਸੁਖਵਿੰਦਰ ਰਾਮ, ਧਰਮਿੰਦਰਜੀਤ, ਰਣਜੀਤ ਕੁਮਾਰ, ਪਰੇਮ ਕੁਮਾਰ, ਬੂਟਾ ਰਾਮ ਅਕਲਪੁਰ ਆਦਿ ਨੇ ਕਿਹਾ ਕਿ ਹਰਜਿੰਦਰ ਸਹੋਤਾ ਦੀ ਮੌਤ ਨਾਲ ਜਿੱਥੇ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਉੱਥੇ ਸਿੱਖਿਆ ਵਿਭਾਗ ਅਤੇ ਗੌਰਮਿੰਟ ਟੀਚਰਜ਼ ਯੂਨੀਅਨ ਨੂੰ ਤੇ ਅਧਿਆਪਕ ਵਰਗ ਨੂੰ ਵੀ ਉਨ੍ਹਾਂ ਦੀ ਘਾਟ ਮਹਿਸੂਸ ਹੁੰਦੀ ਰਹੇਗੀ। ਆਗੂਆਂ ਨੇ ਕਿਹਾ ਸਹੋਤਾ ਜੀ ਨੇ ਬੜਾ ਲੰਬਾ ਸਮਾਂ ਅਧਿਆਪਕ ਲਹਿਰ ਤੇ ਮੁਲਾਜ਼ਮ ਲਹਿਰ ਦੇ ਮੋਢੀਆਂ ਵਜੋਂ ਜ਼ਿਲ੍ਹਾ ਜਲੰਧਰ ਵਿੱਚ ਕੰਮ ਕੀਤਾ, ਲਹਿਰ ਲਈ ਉਨ੍ਹਾਂ ਦੀਆਂ ਪ੍ਰੇਰਨਾਵਾਂ ਦੀ ਘਾਟ ਹਮੇਸ਼ਾ ਜਥੇਬੰਦੀਆਂ ਨੂੰ ਰੜਕਦੀ ਰਹੇਗੀ। ਇਸ ਸਮੇਂ ਨਿਰਮੋਲਕ ਸਿੰਘ ਹੀਰਾ, ਕੁਲਦੀਪ ਵਾਲੀਆ, ਮੰਗਤ ਰਾਮ ਸਮਰਾ, ਸੁਖਵਿੰਦਰ ਰਾਮ, ਸਰਬਜੀਤ ਸਿੰਘ ਢੇਸੀ, ਬੂਟਾ ਰਾਮ ਅਕਲਪੁਰ, ਬਲਵੀਰ ਭਗਤ, ਰਾਜੀਵ ਭਗਤ, ਅਰੁਨ ਕੁਮਾਰ, ਰਣਜੀਤ ਠਾਕਰ, ਜਤਿੰਦਰ ਸਿੰਘ, ਵਿਨੋਦ ਭੱਟੀ, ਰਾਜਿੰਦਰ ਸਿੰਘ ਭੋਗਪੁਰ, ਰਾਜਿੰਦਰ ਸਿੰਘ ਸ਼ਾਹਕੋਟ, ਕਮਲਦੇਵ ਸਿੰਘ, ਸੰਦੀਪ ਰਾਜੋਵਾਲ, ਕੁਲਵੰਤ ਰਾਮ ਰੁੜਕਾ, ਪਰਨਾਮ ਸਿੰਘ ਸੈਣੀ, ਪਿਆਰਾ ਸਿੰਘ ਨਕੋਦਰ, ਮੁਲਖ ਰਾਜ, ਪਰੇਮ ਖਲਵਾੜਾ, ਅਮਰਜੀਤ ਭਗਤ, ਗੁਰਿੰਦਰ ਸਿੰਘ, ਸ਼ਿਵ ਰਾਜ ਕੁਮਾਰ, ਮਨੋਜ ਕੁਮਾਰ ਸਰੋਏ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਹਰੇਕ ਵਰਗ ਦੀ ਭਲਾਈ ਤੇ ਵਿਕਾਸ ਲਈ ਯਤਨਸ਼ੀਲ : ਬਲਕਾਰ ਸਿੰਘ



**ਜਲੰਧਰ (ਸੁਰਿੰਦਰ ਕੁਮਾਰ)**- ਆੜ੍ਹਤੀਆਂ, ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹੂਲਤ ਨੂੰ ਦੇਖਦੇ ਹੋਏ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਸ਼ਨੀਵਾਰ ਨੂੰ ਸਬ-ਯਾਰਡ ਪਿੰਡ ਕੋਹਾਲਾ ਵਿਖੇ 28 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਸਟੀਲ ਕਵਰ ਸ਼ੈੱਡ ਦਾ ਨੀਂਹ ਪੱਥਰ ਰੱਖਿਆ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਆੜ੍ਹਤੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਸਬ ਯਾਰਡ ਕੋਹਾਲਾ ਵਿਖੇ 50' 100' ਆਕਾਰ ਦੇ ਸ਼ੈੱਡ ਦੀ ਉਸਾਰੀ ਦੇ ਕੰਮ ਦੀ ਅੱਜ ਸ਼ੁਰੂਆਤ ਕਰਵਾਈ ਗਈ ਹੈ, ਜਿਸ ਦੇ ਬਣਨ ਨਾਲ ਮੰਡੀ ਵਿੱਚ ਫਸਲ ਵੇਚਣ ਆਉਣ ਵਾਲੇ ਕਿਸਾਨਾਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਦੱਸਿਆ ਕਿ ਸ਼ੈੱਡ ਦੀ ਉਸਾਰੀ ਦੇ ਕੰਮ ਦਾ ਟੈਂਡਰ ਹੋ ਚੁੱਕਾ ਹੈ ਅਤੇ ਇਹ ਦੋ ਮਹੀਨਿਆਂ ਵਿੱਚ ਬਣ ਕੇ ਤਿਆਰ ਹੋ ਜਾਵੇਗਾ। ਇਸ ਤੋਂ ਇਲਾਵਾ 13 ਲੱਖ ਰੁਪਏ ਦੀ ਲਾਗਤ ਨਾਲ ਮੰਡੀ ਦੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਵੀ ਸ਼ੁਰੂ ਕਰਵਾਇਆ ਜਾ ਰਿਹਾ ਹੈ, ਜਿਸ ਸਦਕਾ ਕਿਸਾਨਾਂ ਨੂੰ ਮੰਡੀ ਵਿੱਚ ਆਪਣੀ ਫਸਲ ਲੈ ਕੇ ਆਉਣ ਸਮੇਂ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਆੜ੍ਹਤੀਆਂ, ਮਜ਼ਦੂਰਾਂ ਸਮੇਤ ਹੋਰਨਾਂ ਲੋਕਾਂ ਨੂੰ ਵੀ ਸੁਵਿਧਾ ਹੋਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੰਮ ਦੀ ਗੁਣਵੱਤਾ ਦਾ ਪੂਰਾ ਧਿਆਨ ਰੱਖਿਆ ਜਾਵੇ ਅਤੇ ਮਿੱਥੇ ਸਮੇਂ ਦੇ ਅੰਦਰ-ਅੰਦਰ ਮੁਕੰਮਲ ਕੀਤਾ ਜਾਵੇ।

## ਮੁਸ਼ਕਲਾਂ ਸੁਣੀਆਂ ਤੇ ਲੋੜੀਂਦੇ ਹੁਨਰਮੰਦ ਕਾਮਿਆਂ ਸੰਬੰਧੀ ਹਾਸਲ ਕੀਤੀ ਜਾਣਕਾਰੀ



**ਜਲੰਧਰ, (ਸ਼ੈਲੀ ਐਲਬਰ)**-ਉਦਯੋਗਪਤੀਆਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਮੰਤਵ ਤਹਿਤ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਅੱਜ ਕਾਲਾ ਬੱਕਰਾ ਵਿਖੇ ਗਾਰਡਨ ਹੈਂਡ ਟੂਲਜ਼ ਯੂਨੀਸਨ ਲਾਅਨ ਉਪਕਰਲ ਦੇ ਮੁੱਖ ਨਿਰਯਾਤਕਾਰ ਦੀ ਉਦਯੋਗਿਕ ਇਕਾਈ ਦਾ ਦੌਰਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਗੱਲਬਾਤ ਦੌਰਾਨ ਡਿਪਟੀ ਕਮਿਸ਼ਨਰ ਵਲੋਂ ਉਨ੍ਹਾਂ ਦੇ ਵਡਮੁੱਲੇ ਸੁਝਾਅ ਸੁਣੇ ਗਏ ਅਤੇ ਉਨ੍ਹਾਂ ਦੀ ਮੰਗ ਅਨੁਸਾਰ ਨਵੇਂ ਹੁਨਰ ਸਿਖਲਾਈ ਪ੍ਰੋਗਰਾਮ ਸ਼ੁਰੂ ਕਰਨ ਸੰਬੰਧੀ ਜਾਣਕਾਰੀ ਹਾਸਲ ਕੀਤੀ ਗਈ ਤਾਂ ਜੋ ਬੇਰੁਜ਼ਗਾਰ ਨੌਜਵਾਨ ਵਿਦੇਸ਼ਾਂ ਵਿੱਚ ਜਾਣ ਦੀ ਬਜਾਏ ਇਥੇ ਹੀ ਰੋਜ਼ਗਾਰ ਪ੍ਰਾਪਤ ਕਰ ਸਕਣ। ਉਨ੍ਹਾਂ ਉਦਯੋਗਪਤੀਆਂ ਨੂੰ ਇਹ ਵੀ ਕਿਹਾ ਕਿ ਜੋ ਹੁਨਰਮੰਦ ਕਾਮੇ ਉਨ੍ਹਾਂ ਨੂੰ ਲੋੜੀਂਦੇ ਹਨ ਸੰਬੰਧੀ ਵੇਰਵਾ ਮੁਹੱਈਆ ਕਰਵਾਇਆ ਜਾਵੇ । ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਅਤੇ ਉਦਯੋਗਪਤੀਆਂ ਦੇ ਸਾਰਥਕ ਯਤਨਾਂ ਸਦਕਾ ਬੇਰੁਜ਼ਗਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਕੇ ਬੇਰੁਜ਼ਗਾਰੀ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਸਾਰੰਗਲ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਉਦਯੋਗਾਂ ਨੂੰ ਢੁਕਵਾਂ ਮਾਹੌਲ ਮੁਹੱਈਆ ਕਰਵਾਉਣ ਲਈ ਸੰਜੀਦਾ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਉਦਯੋਗ ਦੀ ਉਤਪਾਦਨ ਯੂਨਿਟ ਦਾ ਵੀ ਦੌਰਾ ਕੀਤਾ ਗਿਆ ਅਤੇ ਮਾਲਕਾਂ ਵੱਲੋਂ ਉਤਪਾਦਨ ਦੇ ਵੱਖ-ਵੱਖ ਪੜਾਵਾਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ।

## ਏ ਜੀ ਗਲੋਬਲ ਸਕੂਲ ਨੇ ਕਾਜਰੀ ਤੀਜ ਤੇ ਪੰਜਾਬੀ ਵਿਰਾਸਤੀ ਤਿਉਹਾਰ ਮਨਾਇਆ



**ਜਲੰਧਰ ( ਰਾਜੇਸ਼ ਥਾਪਾ )**-ਖੇਤਰ ਦੇ ਸਭ ਤੋਂ ਆਧੁਨਿਕ ਸਕੂਲਾਂ ਵਿੱਚੋਂ ਇੱਕ ਏ ਜੀ ਗਲੋਬਲ ਸਕੂਲ ਨੇ ਕਾਜਰੀ ਤੀਜ ਦੇ ਨਾਲ ਪੰਜਾਬੀ ਵਿਰਾਸਤੀ ਤਿਉਹਾਰ ਮਨਾਇਆ। ਸਕੂਲ ਦੇ ਸਾਰੇ ਅਧਿਆਪਕਾਂ ਨੇ ਕਾਜਰੀ ਤੀਜ ਦੇ ਤਿਉਹਾਰ ਨੂੰ ਪੂਰੇ ਮੌਜ-ਮਸਤੀ ਨਾਲ ਮਨਾਇਆ। ਔਰਤਾਂ ਆਪਣੇ ਪਤੀ ਦੀ ਲੰਬੀ ਉਮਰ ਲਈ ਤੀਆਂ ਦਾ ਤਿਉਹਾਰ ਮਨਾਉਂਦੀਆਂ ਹਨ। ਇਸ ਦੇ ਨਾਲ ਹੀ ਸਕੂਲ ਵੱਲੋਂ ਬੱਚਿਆਂ ਨੂੰ ਪੰਜਾਬ ਦੇ ਅਸਲ ਸੱਭਿਆਚਾਰ ਤੋਂ ਜਾਣੂ ਕਰਵਾਉਣ ਲਈ ਇਸ ਮੌਕੇ ਪੰਜਾਬੀ ਵਿਰਸਾ ਸੱਭਿਆਚਾਰ ਦਾ ਵੀ ਆਯੋਜਨ ਕੀਤਾ ਗਿਆ। ਅਜੋਕੇ ਸਮੇਂ ਵਿੱਚ ਅਤੇ ਇਸ ਯੁੱਗ ਵਿੱਚ ਜਦੋਂ ਸਾਡੇ ਬੱਚੇ ਸਮਾਰਟ ਟੈਲੀਵਿਜ਼ਨ ਮੋਬਾਈਲ ਆਦਿ ਤਕਨਾਲੋਜੀ ਦੇ ਅਤਿ ਆਧੁਨਿਕ ਗਜਟ ਨਾਲ ਜੁੜੇ ਹੋਏ ਹਨ ਸਲਵਿੰਦਰਜੀਤ ਕੌਰ, ਚੇਅਰਪਰਸਨ ਅਨੁਸਾਰ ਉਨ੍ਹਾਂ ਨੂੰ ਸਾਡੇ ਵਿਰਸੇ, ਸੱਭਿਆਚਾਰ, ਸਮਾਜਕ ਤਾਣੇ-ਬਾਣੇ ਅਤੇ ਇਤਿਹਾਸ ਬਾਰੇ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਸਕੂਲ ਦੀ ਪ੍ਰਿੰਸੀਪਲ ਸੁਰਿੰਦਰ ਕੌਰ ਨੇ ਦੱਸਿਆ ਕਿ ਸਕੂਲ ਵਿੱਚ ਇੱਕ ਪੂਰਾ ਪਿੰਡ ਦਾ ਦ੍ਰਿਸ਼ ਬਣਾਇਆ ਗਿਆ ਸੀ।

## ਸਰਕਾਰੀ ਕਾਲਜ 'ਚ ਸਾਲਾਨਾ 'ਤ੍ਰਿਗਰਤ' ਰਿਲੀਜ਼ ਕੀਤੀ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**-ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਜੋਗੇਸ਼ ਦੀ ਅਗਵਾਈ ਵਿੱਚ ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ.ਵਿਜੈ ਕੁਮਾਰ ਦੇ ਸਹਿਯੋਗ ਨਾਲ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਲਿਖੀ ਜਾਣ ਵਾਲੀ ਸਲਾਨਾ "ਤ੍ਰਿਗਰਤ" ਰਿਲੀਜ਼ ਕੀਤੀ ਗਈ। ਇਸ ਨੂੰ ਰਿਲੀਜ਼ ਕਰਨ ਮੌਕੇ ਕਾਲਜ ਪ੍ਰਿੰਸੀਪਲ ਜੋਗੇਸ਼, ਕਾਲਜ ਦੇ ਵਾਇਸ ਪ੍ਰਿੰਸੀਪਲ ਡਾ.ਜਸਵੀਰਾ ਅਨੂਪ ਮਿਨਹਾਸ, ਰੈੱਡ ਰਿਬਨ ਕਲੱਬ ਦੇ ਇੰਚਾਰਜ ਪ੍ਰੋ.ਵਿਜੇ ਕੁਮਾਰ, ਪ੍ਰੋ.ਨਵਦੀਪ ਕੌਰ, ਪ੍ਰੋ.ਹਰਜਿੰਦਰ ਸਿੰਘ, ਪ੍ਰੋ.ਹਰਜਿੰਦਰ ਪਾਲ, ਪ੍ਰੋ.ਚਰਨ ਪੁਸ਼ਪਿੰਦਰ ਸਿੰਘ ਧਾਮੀ, ਪ੍ਰੋ.ਧਰਮ ਪਾਲ ਅਤੇ ਪ੍ਰੋ.ਰਣਜੀਤ ਕੁਮਾਰ ਹਾਜ਼ਰ ਸਨ। ਇਸ ਤ੍ਰਿਗਰਤ ਵਿੱਚ ਕਾਲਜ ਵਿਦਿਆਰਥੀਆਂ ਨੇ ਆਪਣੀ ਲੇਖਣੀ ਦੇ ਮਾਧਿਅਮ ਰਾਹੀਂ ਆਪਣੇ ਹੁਨਰ ਨੂੰ ਆਪਣੀਆਂ ਭਾਵਨਾਵਾਂ 'ਚ ਪ੍ਰਗਟ ਕੀਤਾ। ਜਿਸ ਵਿੱਚ ਸਮਾਜ ਨੂੰ ਬਦਲਣ ਅਤੇ ਚੰਗਾ ਬਣਾਉਣ ਦਾ ਉਪਰਾਲਾ ਕੀਤਾ ਗਿਆ। ਸੈਸ਼ਨ ਦੌਰਾਨ ਕਾਲਜ 'ਚ ਕਰਵਾਈਆਂ ਗਤੀਵਿਧੀਆਂ ਤੋਂ ਇਲਾਵਾ ਕਾਲਜ ਦੇ ਬਾਹਰ ਕੀਤੇ ਗਏ ਸਮਾਰੋਹਾਂ ਦਾ ਵੇਰਵਾ ਵੀ ਇਸ 'ਚ ਦਰਜ ਕੀਤਾ ਗਿਆ ਹੈ।

# 4 ਰੋਜ਼ਾ ਕਬੱਡੀ ਟੂਰਨਾਮੈਂਟ ਸੰਬੰਧੀ ਪੋਸਟਰ ਜਾਰੀ



**ਅੱਡਾ ਸਰਾਂ (ਜਸਵੀਰ ਕਾਜਲ)**- ਸ੍ਰੀ ਕ੍ਰਿਸ਼ਨ ਜਨਮ ਅਸਟਮੀ ਦੇ ਸ਼ੁੱਭ ਦਿਹਾੜੇ 'ਤੇ ਪਿੰਡ ਸੀਕਰੀ ਵਿਖੇ ਸਲਾਨਾ ਕਬੱਡੀ ਟੂਰਨਾਮੈਂਟ ਸੰਬੰਧੀ ਪ੍ਰਬੰਧਕਾਂ ਵੱਲੋਂ ਪੋਸਟਰ ਜਾਰੀ ਕੀਤਾ ਗਿਆ। ਗ੍ਰਾਮ ਪੰਚਾਇਤ ਪਿੰਡ ਸੀਕਰੀ, ਪ੍ਰਵਾਸੀ ਭਾਰਤੀਆਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 7,8,9 ਤੇ 10 ਸਤੰਬਰ ਨੂੰ ਕਰਵਾਏ ਜਾ ਰਹੇ 4 ਰੋਜ਼ਾ ਕਬੱਡੀ ਟੂਰਨਾਮੈਂਟ ਜਾਣਕਾਰੀ ਦਿੰਦਿਆਂ ਸਰਪੰਚ ਸੇਵਾ ਸਿੰਘ ਸੀਕਰੀ ਤੇ ਹੋਰਨਾਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਦਾ ਉਦਘਾਟਨ 7 ਸਤੰਬਰ ਨੂੰ ਪਿੰਡ ਦੀਆਂ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਵੇਗਾ। ਸਰਪੰਚ ਸੇਵਾ ਸਿੰਘ ਨੇ ਹੋਰ ਦੱਸਿਆ ਕਿ 10 ਸਤੰਬਰ ਨੂੰ ਇਨਾਮਾਂ ਦੀ ਵੰਡ ਆਮ ਆਦਮੀ ਪਾਰਟੀ ਦੇ ਸੂਬਾ ਉਪ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਅਤੇ ਸਾਬਕਾ ਕੈਬਨਿਟ ਮੰਤਰੀ ਸੰਗਤ ਸਿੰਘ ਗਿਲਜੀਆਂ ਸਾਂਝੇ ਤੌਰ 'ਤੇ ਕਰਨਗੇ।

ਟੂਰਨਾਮੈਂਟ ਦੌਰਾਨ ਵੱਖ-ਵੱਖ ਉਮਰ ਵਰਗ ਤੇ ਕਲੱਬਾਂ ਦੇ ਮੁਕਾਬਲੇ ਕਰਵਾਏ ਜਾਣਗੇ ਜਿਸ ਦੌਰਾਨ ਓਪਨ ਕਲੱਬ ਦੀ ਜੇਤੂ ਟੀਮ ਨੂੰ ਪਹਿਲਾ ਇਨਾਮ 51,000 ਰੁਪਏ ਤੇ ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 41000 ਰੁਪਏ ਦਿੱਤੇ ਜਾਣਗੇ। ਇਸੇ ਤਰ੍ਹਾਂ ਹੀ ਓਪਨ ਪੇਂਡੂ ਪੱਧਰ ਦੀ ਜੇਤੂ ਟੀਮ ਨੂੰ 15 ਹਜ਼ਾਰ ਤੇ ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 10 ਹਜ਼ਾਰ ਰੁਪਏ ਇਨਾਮ ਦਿੱਤੇ ਜਾਣਗੇ। ਇਸ ਤੋਂ ਇਲਾਵਾ ਭਾਗ ਲੈਣ ਵਾਲੀਆਂ ਹੋਰਨਾਂ ਟੀਮਾਂ ਨੂੰ ਵੀ ਆਕਰਸ਼ਕ ਇਨਾਮ ਦਿੱਤੇ ਜਾਣਗੇ। ਇਸ ਮੌਕੇ ਸੂਬੇਦਾਰ ਦਰਸ਼ਨ ਸਿੰਘ, ਮਹੰਤ ਬਲਰਾਮ ਵਸ਼ਿਸ਼ਟ, ਪੰਚ ਦਲਜੀਤ ਸਿੰਘ, ਪੰਚ ਅਮਰਜੀਤ ਸਿੰਘ, ਦੀਦਾਰ ਸਿੰਘ ਸ਼ੇਰਗਿੱਲ, ਮਾਸਟਰ ਅਮਰਜੀਤ ਸਿੰਘ, ਰਾਮਣ ਸਿੰਘ, ਸੇਵਾ ਸਿੰਘ ਫੌਜੀ, ਦਰਸ਼ਨ ਸਿੰਘ, ਜਸਵੀਰ ਸਿੰਘ, ਰਜਿੰਦਰ ਸਿੰਘ, ਰਣਜੀਤ ਸਿੰਘ ਥਿਆੜਾ, ਪਲਵਿੰਦਰ ਸਿੰਘ, ਲਾਡਾ ਥਿਆੜਾ, ਸੁੱਖਜੋਤ ਸਿੰਘ, ਹਰਮਨ ਸਿੰਘ, ਰਾਜਾ ਥਿਆੜਾ, ਜਸ ਥਿਆੜਾ, ਪਰਮਿੰਦਰ ਥਿਆੜਾ ਰਵੀ ਸੀਕਰੀ, ਸਨੀ ਥਿਆੜਾ, ਜੱਗਾ ਥਿਆੜਾ, ਜਿੰਦਰ, ਛਿੰਦਰ ਆਦਿ ਵੀ ਮੌਜੂਦ ਸਨ।

## ਬੇਗਮਪੁਰਾ ਟਾਈਗਰ ਫੋਰਸ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਲੈ ਕੇ ਫੂਕਿਆ ਸਰਕਾਰ ਦਾ ਪੁਤਲਾ



**ਹੁਸਿਆਰਪੁਰ, (ਬਲਵੀਰ ਸਿੰਘ ਸੈਣੀ)**-ਬੇਗਮਪੁਰਾ ਟਾਈਗਰ ਫੋਰਸ ਵੱਲੋਂ ਨਜ਼ਦੀਕੀ ਕਸਬਾ ਚੱਬੇਵਾਲ ਵਿਖੇ ਫੋਰਸ ਦੇ ਹਲਕਾ ਚੱਬੇਵਾਲ ਦੇ ਪ੍ਰਧਾਨ ਸਨੀ ਸੀਣਾ ਅਤੇ ਉਪ ਪ੍ਰਧਾਨ ਭਿੰਦਾ ਸੀਣਾ ਦੀ ਅਗਵਾਈ ਹੇਠ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਸੰਬੰਧ ਵਿੱਚ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਪੁਤਲਾ ਫੂਕ ਪ੍ਰਦਰਸ਼ਨ ਵਿੱਚ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ, ਕੌਮੀ ਉੱਪ ਪ੍ਰਧਾਨ ਜਸਵਿੰਦਰ ਜੌਲੀ, ਸੂਬਾ ਪ੍ਰਧਾਨ ਵੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾ ਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਫੋਰਸ ਦੇ ਇਕੱਠ ਵੱਲੋਂ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਫੋਰਸ ਦਾ ਇਕੱਠ ਪੰਜਾਬ ਸਰਕਾਰ ਨੂੰ ਪੋਸਟ ਮੈਟ੍ਰਿਕ ਸਕਾਲਰਸਿਪ ਸਕੀਮ ਨੂੰ ਤੁਰੰਤ ਲਾਗੂ ਕਰਨ ਲਈ ਜ਼ੋਰ ਦੇ ਰਿਹਾ ਸੀ । ਆਗੂਆਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹੁਸ਼ਿਆਰਪੁਰ ਵਿਖੇ ਡਿਪਟੀ ਕਮਿਸ਼ਨਰ ਮਿੰਨੀ ਸੈਕਟਰੀਏਟ ਦੇ ਬਾਹਰ ਐਸ ਸੀ/ ਬੀ ਸੀ ਸਮਾਜ ਨਾਲ ਹੋ ਰਹੇ ਧੱਕੇ ਖਿਲਾਫ ਪਿਛਲੇ ਕਾਫੀ ਦਿਨਾਂ ਤੋਂ ਅਣਮਿੱਥੇ ਸਮੇਂ ਲਈ ਪੱਕਾ ਧਰਨਾ ਲਗਾਇਆ ਗਿਆ ਹੈ। ਆਗੂਆਂ ਨੇ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ ਤਾ ਜੋ ਗਰੀਬੀ ਦੀ ਮਾਰ ਝੱਲ ਰਹੇ ਐਸ ਸੀ/ ਬੀ ਸੀ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਆਏ। ਪੋਸਟ ਮੈਟ੍ਰਿਕ ਸਕਾਲਰਸਿਪ ਨਾ ਮਿਲਣ ਕਾਰਨ ਐਸ ਸੀ/ ਬੀ ਸੀ ਵਿਦਿਆਰਥੀਆਂ ਦੀਆਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਲੋਂ ਰੋਕੀਆਂ ਹੋਈਆਂ ਡਿਗਰੀਆਂ ਅਤੇ ਨਤੀਜੇ ਜਾਰੀ ਕੀਤੇ ਜਾਣ। ਉਨ੍ਹਾਂ ਕਿਹਾ ਕਿ ਐਸ ਸੀ/ ਬੀ ਸੀ ਵਿਦਿਆਰਥੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਵਾਲੇ ਕਾਲਜਾਂ ਖਿਲਾਫ ਸਖਤ ਕਾਰਵਾਈ ਕਰਕੇ ਵਿਦਿਆਰਥੀਆਂ ਨੂੰ ਰਾਹਤ ਪਹੁੰਚਾਈ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਬਜਟ ਤਿਆਰ ਕਰਦੇ ਸਮੇਂ ਐਸ ਸੀ/ ਬੀ ਸੀ ਨਾਲ ਸੰਬੰਧਤ ਪਲਾਨ ਜਨਤਕ ਕੀਤੇ ਜਾਣ। ਉਨ੍ਹਾਂ ਕਿਹਾ ਕਿ ਡੀ ਸੀ ਦਫਤਰ ਦੇ ਬਾਹਰ ਲੱਗਾ ਹੋਇਆ ਪੱਕਾ ਧਰਨਾ ਉਕਤ ਮੰਗਾਂ ਮੰਨੇ ਜਾਣ ਤੱਕ ਬੇਰੋਕ ਜਾਰੀ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ, ਮਨਪ੍ਰੀਤ ਕੋਹਲੀ, ਅਜੈ ਕੁਮਾਰ, ਵਿੱਕੀ ਸਿੰਘ ਪੁਰਹੀਰਾਂ, ਗੁਰਪ੍ਰੀਤ ਕੁਮਾਰ, ਸਨੀ ਸੀਣਾ, ਭਿੰਦਾ ਸੀਣਾ, ਅਮਨਦੀਪ, ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ, ਸਤੀਸ਼ ਕੁਮਾਰ ਸ਼ੇਰਗੜ੍ਹ, ਚਰਨਜੀਤ ਸਿੰਘ ਡਾਡਾ, ਬਲਵਿੰਦਰ ਸ਼ੇਰਗੜ੍ਹੀਆ, ਗਗਨਦੀਪ ਸ਼ੇਰਗੜ੍ਹੀਆ, ਅਮਰੀਕ ਸ਼ੇਰਗੜ੍ਹੀਆ, ਭੁਪਿੰਦਰ ਮਾਨਾ, ਅਵਤਾਰ ਤਾਰੀ ਮਾਨਾ, ਵਿਜੈ ਕੁਮਾਰ ਸ਼ੀਹਮਾਰ, ਹਰੀ ਰਾਮ ਆਦੀਆ ਜ਼ਿਲ੍ਹਾ ਪ੍ਰਧਾਨ ਭਾਵਾਦਾਸ, ਪੰਮਾ ਡਾਡਾ, ਜਸਵੀਰ ਸ਼ੇਰਗੜ੍ਹੀਆ, ਅਮਰੀਕ ਸਿੰਘ ਸ਼ੇਰਗੜ੍ਹੀਆ, ਗੋਗਾ ਮਾਂਝਾ, ਰਾਜ ਕੁਮਾਰ ਬੱਧਣ, ਰਾਕੇਸ਼ ਕੁਮਾਰ ਭੱਟੀ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

## ਡਰੱਗ ਜਾਗਰੂਕਤਾ ਕੈਂਪ ਲਗਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**-ਇੰਸ : ਸੁਖਦੇਵ ਸਿੰਘ ਮੁੱਖ ਅਫਸਰ ਥਾਣਾ ਨੂਰਮਹਿਲ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਨਸ਼ਿਆਂ ਪ੍ਰਤੀ ਲੋਕਾਂ ਨੂੰ ਸੁਚੇਤ ਕਰਨ ਲਈ ਡਰੱਗ ਜਾਗਰੂਕਤਾ ਕੈਂਪ ਲਗਾਇਆ ਗਿਆ। ਐਸ ਐਚ ਓ ਸੁਖਦੇਵ ਸਿੰਘ ਥਾਣਾ ਨੂਰਮਹਿਲ ਨੇ ਦੱਸਿਆ ਕਿ ਸੀਨੀਅਰ ਅਫਸਰਾਨ ਦੀ ਰਹਿਨੁਮਾਈ ਹੇਠ ਨਸ਼ਾ ਪ੍ਰਭਾਵਿਤ ਲੋਕਾਂ ਨੂੰ ਸੁਚੇਤ ਕਰਨ ਕਰਨ ਜਾਗਰੂਕਤਾ ਕੈਂਪ ਸਿਵਲ ਹਸਪਤਾਲ ਨੂਰਮਹਿਲ ਵਿੱਚ ਲਗਾਇਆ ਗਿਆ ਹੈ । ਜਿਸ ਵਿੱਚ ਡਾ . ਵੀਨਾ ਐਸ ਐਮ ਓ ਸਿਵਲ ਹਸਪਤਾਲ ਨੂਰਮਹਿਲ ਵੱਲੋਂ ਨਸ਼ਿਆ ਪ੍ਰਤੀ ਲੋਕਾਂ ਨੂੰ ਸੁਚੇਤ ਕੀਤਾ ਗਿਆ ਕਿ ਨਸ਼ਿਆਂ ਤੋਂ ਕਿਸ ਤਰ੍ਹਾਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸ਼ਹਿਰ ਦੇ ਮੋਹਤਵਾਰ ਵਿਅਕਤੀ ਪਰਮਜੀਤ ਸਿੰਘ ਪੰਮਾ ਚਾਹਲ , ਦਵਿੰਦਰ ਚਾਹਲ , ਸ਼ਾਮ ਮਿੱਤੂ , ਕੁਲਵੀਰ ਬੇਸ , ਅਮਰੀਕ ਸਿੰਘ ਰਾਜੋਵਾਲ ਸ਼ਰਨਜੀਤ ਸਿੰਘ ਰਾਜੋਵਾਲ , ਕੁਲਵੰਤ ਸਿੰਘ ਰਾਜੋਵਾਲ ਵੱਲੋਂ ਲੋਕਾਂ ਨੂੰ ਨਸ਼ਿਆਂ ਪ੍ਰਤੀ ਸੁਚੇਤ ਕੀਤਾ ਗਿਆ। ਨਸ਼ਾ ਪ੍ਰਭਾਵਿਤ ਲੋਕਾਂ ਨੂੰ ਅਪੀਲ ਕੀਤਾ ਗਈ ਕਿ ਉਹ ਨਸ਼ਾ ਮੁਕਤੀ ਲਈ ਸਰਕਾਰੀ ਨਸ਼ਾ ਛਡਾਊ ਕੇਂਦਰਾਂ ਵਿੱਚ ਦਾਖਿਲ ਹੋ ਕੇ ਆਪਣਾ ਸਹੀ ਤੇ ਫਰੀ ਇਲਾਜ ਕਰਵਾਉਣ।

## ਗ੍ਰੀਨਵੇਜ਼ ਸਕੂਲ ਰੁੜਕੀ ਹੀਰਾਂ ਦੇ ਵਿਦਿਆਰਥੀ ਨੂੰ ਸ਼ਾਟਪੁੱਟ 'ਚ ਪਹਿਲਾ ਸਥਾਨ ਪ੍ਰਾਪਤ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਖੇਡਾਂ ਵਤਨ ਪੰਜਾਬ ਦੀਆਂ 2023 ਦੇ ਬਲਾਕ ਲੈਵਲ ਦੇ ਈਵੇਂਟ ਜੋ ਕਿ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖਾਲਸਾ ਸਟੇਡੀਅਮ ਚਮਕੌਰ ਸਾਹਿਬ ਵਿਖੇ ਚਲ ਰਹੇ ਹਨ, ਵਿੱਚ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦੇ ਵਿਦਿਆਰਥੀਆਂ ਨੇ ਸ਼ਾਟਪੁੱਟ 17 ਸਾਲ ਉਮਰ ਵਰਗ ਦੇ ਮੁਕਾਬਲੇ 'ਚ ਰਾਜਵੀਰ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 100 ਮੀਟਰ ਰੇਸ 17 ਸਾਲ ਉਮਰ ਵਰਗ ਲੜਕੀਆਂ 'ਚ ਅਨਮੋਲ ਨੇ ਪਹਿਲਾ, ਜੈਸਮੀਨ ਸੰਧੂ ਨੇ ਦੂਜਾ ਅਤੇ ਸੁਖਮਨਪ੍ਰੀਤ ਨੇ ਚੌਥਾ ਸਥਾਨ ਪ੍ਰਾਪਤ ਕੀਤਾ। 200 ਮੀਟਰ ਰੇਸ 17 ਸਾਲ ਉਮਰ ਵਰਗ ਲੜਕੀਆਂ 'ਚ ਅਨਮੋਲ ਨੇ ਪਹਿਲਾ, ਸੁਖਲੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਬੱਚਿਆਂ ਦੁਆਰਾ ਹਰਫਨਮੌਲਾ ਕਾਰਗੁਜ਼ਾਰੀ ਦਿਖਾਉਣ 'ਤੇ ਚੇਅਰਮੈਨ ਗੁਰਮੁਖ ਸਿੰਘ ਮੱਲ੍ਹੀ, ਮਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ, ਪ੍ਰਿੰਸੀਪਲ ਮੁਕੇਸ਼ ਕੁਮਾਰ ਅਗਰਵਾਲ ਅਤੇ ਸਮੂਹ ਸਟਾਫ ਮੈਂਬਰ ਸਾਹਿਬਾਨ ਨੇ ਵਧਾਈ ਦਿੱਤੀ ।



## ਯੂ ਜੀ ਕੋਰਸਾਂ 'ਚ ਦਾਖਲੇ ਦੀ ਤਰੀਕ 20 ਤੱਕ ਵਧਾਉਣ ਦਾ ਸਵਾਗਤ



**ਮਾਹਿਲਪੁਰ :** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਲਏ ਫੈਸਲੇ ਅਨੁਸਾਰ ਸੈਸ਼ਨ 2023-24 ਤਹਿਤ ਚੱਲ ਰਹੇ ਵੱਖ ਵੱਖ ਯੂ ਜੀ ਕੋਰਸਾਂ ਵਿੱਚ ਦਾਖਲੇ ਦੀ ਆਖਰੀ ਤਾਰੀਕ 20 ਸਤੰਬਰ ਤੱਕ ਵਧਾ ਦਿੱਤੀ ਗਈ ਹੈ। ਯੂਨੀਵਰਸਿਟੀ ਦੇ ਉਕਤ ਫੈਸਲੇ ਦਾ ਸਵਾਗਤ ਕਰਦਿਆਂ ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਸੈਸ਼ਨ 2023-24 ਵਿੱਚ ਅੰਡਰ ਗਰੈਜੂਏਟ ਕੋਰਸਾਂ ਵਿੱਚ ਦਾਖਲ ਹੋਣ ਦੇ ਚਾਹਵਾਨ ਉਨ੍ਹਾਂ ਵਿਦਿਆਰਥੀਆਂ ਲਈ ਇਹ ਸੁਨਹਿਰੀ ਮੌਕਾ ਹੈ ਜਿਨ੍ਹਾਂ ਨੇ ਅਜੇ ਤੱਕ ਕਿਸੇ ਵੀ ਕੋਰਸ ਵਿੱਚ ਦਾਖਲਾ ਨਹੀਂ ਲਿਆ। ਉਨ੍ਹਾਂ ਦੱਸਿਆ ਕਿ ਕਾਲਜ ਦੇ ਦਾਖਲਾ ਸੈੱਲ ਵਿੱਚ ਯੂਨੀਵਰਸਿਟੀ ਦੇ ਆਨਲਾਈਨ ਪੋਰਟਲ 'ਤੇ ਦਾਖਲ ਹੋਣ ਸੰਬੰਧੀ ਵੀ ਸਮੁੱਚੇ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਹਨ ਜਿੱਥੇ ਪੁੱਜ ਕੇ ਵਿਦਿਆਰਥੀ ਆਪਣੇ ਕੈਰੀਅਰ ਅਨੁਸਾਰ ਕੋਰਸ ਦੀ ਚੋਣ ਸੰਬੰਧੀ ਗਾਈਡੈਂਸ ਵੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਇੱਛੁਕ ਵਿਦਿਆਰਥੀਆਂ ਨੂੰ ਕਾਲਜ ਵਿੱਚ ਸਥਾਪਤ ਦਾਖਲਾ ਅਤੇ ਕਾਊਂਸਲਿੰਗ ਵਿੱਚ ਪੁੱਜ ਕੇ ਆਪਣਾ ਦਾਖਲਾ ਯਕੀਨੀ ਬਣਾਉਣ ਦੀ ਅਪੀਲ ਕੀਤੀ।

4-Sep-PAGE-9.qxd 9/3/2023 8:53 PM Page 1



# ਸ਼ਹਿਰ ਦੇ ਅਧੂਰੇ ਪਏ ਸਾਰੇ ਵਿਕਾਸ ਕਾਰਜ ਪੂਰੇ ਕੀਤੇ ਜਾਣ ਦੀ ਮੰਗ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਸ਼ਹਿਰ ਦੀ ਤ੍ਰਾਸਦੀ ਰਹੀ ਹੈ ਕਿ ਵਿਕਾਸ ਕਾਰਜ ਰਾਜਨੀਤਕ ਲੋਕਾਂ ਦੀ ਭੇਟ ਚੜ੍ਹਦੇ ਰਹੇ। ਇਕ ਕਹਾਵਤ ਹੈ ਜੋ ਨੂਰਮਹਿਲ ਸ਼ਹਿਰ ਲਈ ਖੂਬ ਢੁੱਕਦੀ ਹੈ ਕਿ ਨੂਰਮਹਿਲ ਵਿਚ ਪ੍ਰਧਾਨ , ਨਕੋਦਰ ਦੇ ਸਾਨ, ਤੇ ਸ਼ਾਹਕੋਟ ਦੇ ਭਲਵਾਨ। ਸ਼ਹਿਰ ਵਿਚ ਇੱਟ ਪੁੱਟੋ ਤਾਂ ਪ੍ਰਧਾਨ ਹੀ ਪ੍ਰਧਾਨ ਮਿਲਣਗੇ। ਜਦੋਂ ਵੀ ਸਰਕਾਰ ਨੇ ਸ਼ਹਿਰ ਲਈ ਗ੍ਰਾਂਟਾਂ ਦਿੱਤੀਆਂ ਤੇ ਵਿਕਾਸ ਕਾਰਜ ਸ਼ੁਰੂ ਕਰਵਾਏ ਤੇ ਇਨ੍ਹਾਂ ਪ੍ਰਧਾਨਾਂ ਦੀ ਬਦੌਲਤ ਹੀ ਅੱਧ ਵਿਚਾਲੇ ਹੀ ਦਮ ਤੋੜ ਗਏ । ਜੇਕਰ ਪਿਛਲੀਆਂ ਸਰਕਾਰਾਂ ਦੀ ਗੱਲ ਕਰੀਏ ਤਾਂ ਅਕਾਲੀ ਭਾਜਪਾ ਸਰਕਾਰ ਵੇਲੇ ਸ਼ਹਿਰ ਨੂੰ ਇਕ ਮੁੰਡਿਆਂ ਦਾ ਸਕੂਲ, ਸੀਵਰੇਜ,ਬੀ ਪੀ ਓ ਦਫਤਰ ਆਦਿ ਦੇ ਵਿਕਾਸ ਕਾਰਜ ਸਸ਼ੁਰੂ ਕਰਵਾਏ। ਸਕੂਲ ਨੂੰ ਇਕ ਕਰੋੜ 17 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ। ਜਿਸ ਵਿਚੋਂ 57 ਲੱਖ ਰੁਪਏ ਜਾਰੀ ਕਰ ਦਿੱਤੇ ਗਏ। ਜਿਸ ਨਾਲ ਸਕੂਲ ਦੀ ਇੱਕ ਮੰਜਲ ਤਿਆਰ ਕਰ ਦਿੱਤੀ ਗਈ। ਉਸ ਤੋਂ ਬਾਅਦ ਸਰਕਾਰ ਬਦਲ ਗਈ। ਕਾਂਗਰਸ ਦੀ ਸਰਕਾਰ ਦੇ ਆਗੂਆਂ ਨੇ 5 ਸਾਲ ਸਰਕਾਰ ਦਾ ਅਨੰਦ ਮਾਣਿਆ ਪਰ ਸਕੂਲ ਦੀ ਇਮਾਰਤ ਨੂੰ ਪੂਰਾ ਨਹੀਂ ਕਰਵਾ ਸਕੇ। ਉਸ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਸਰਕਾਰਾਂ ਤੋਂ ਤੰਗ ਆ ਕੇ ਬਦਲਾਅ ਨੂੰ ਵੋਟਾਂ ਪਾਈਆਂ। ਪਰ ਲਗਭਗ ਦੋ ਸਾਲ ਸਮਾਂ ਹੋ ਚੁੱਕਾ ਹੈ ਪਰ ਹਲਕਾ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਵੱਲੋਂ ਕੀਤੇ ਵਾਅਦੇ ਹਾਲੇ ਤਕ ਵਫਾ ਨਹੀਂ ਹੋਏ। ਅਕਾਲੀ ਭਾਜਪਾ ਸਰਕਾਰ ਵੱਲੋਂ ਨੂਰਮਹਿਲ ਸ਼ਹਿਰ ਲਈ ਇਕ ਸੀਵਰੇਜ ਦਾ ਪ੍ਰੋਜੈਕਟ ਦਿੱਤਾ ਗਿਆ।ਜਿਸ ਦਾ ਨੀਂਹ ਪੱਥਰ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰੱਖਿਆ ਸੀ। ਇਸ ਪ੍ਰੋਜੈਕਟ ਲਈ 30 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ। ਪਰ ਹਾਲੇ ਤਕ ਚਾਲੂ ਨਹੀਂ ਹੋ ਸਕਿਆ। ਜੇਕਰ ਇਸ ਤੋਂ ਅੱਗੇ ਗੱਲ ਕੀਤੀ ਜਾਵੇ ਤਾਂ ਅਕਾਲੀ ਭਾਜਪਾ ਸਰਕਾਰ ਵੱਲੋਂ ਪਿੰਡ ਚੂਹੇਕੀ ਵਿਚ ਬੀ ਪੀ ਓ ਦਫਤਰ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਸੀ।

ਜਿਸ ਉਤੇ 10 ਲੱਖ ਰੁਪਏ ਖਰਚੇ ਗਏ। ਸ਼ਹਿਰ ਵਾਸੀਆਂ ਵੱਲੋਂ ਇਸ ਦਫਤਰ ਦੇ ਨਿਰਮਾਣ ਲਈ ਜਗ੍ਹਾ ਨਾ ਦਿੱਤੇ ਜਾਣ ਤੋਂ ਬਾਅਦ ਪਿੰਡ ਚੂਹੇਕੀ ਦੀ ਪੰਚਾਇਤ ਨੇ ਇਹ ਜਗ੍ਹਾ ਦਿੱਤੀ ਸੀ। ਪਰ ਇਹ ਇਮਾਰਤ ਵੀ ਪਿਛਲੇ ਕਈ ਸਾਲਾਂ ਤੋਂ ਲਟਕ ਰਹੀ ਹੈ। ਸ਼ਹਿਰ ਦੇ ਛੋਟੇ ਮੋਟੇ ਕੰਮ ਵੀ ਰਾਜਨੀਤਿਕ ਲੋਕਾਂ ਦੀ ਖਹਿਬਾਜੀ ਕਰਕੇ ਬਲੀ ਦਾ ਬੱਕਰਾ ਬਣ ਜਾਂਦੇ ਹਨ। ਨਗਰ ਪ੍ਰਸ਼ਾਸਨ ਹਾਲੇ ਤੱਕ ਸਹਿਰ ਵਾਸੀਆਂ ਨੂੰ ਗੰਦੇ ਪਾਣੀ ਤੋਂ ਨਿਜਾਤ ਨਹੀਂ ਦਿਵਾ ਸਕਿਆ। ਸੜਕਾਂ ਵੀ ਟੁੱਟੀਆਂ ਹੋਈਆਂ ਹਨ। ਸ਼ਹਿਰ ਲਈ ਸਟਰੀਟ ਲਾਈਟਾਂ ਦਾ ਇੱਕ ਪ੍ਰੋਜੈਕਟ ਲਿਆਂਦਾ ਗਿਆ ਪਰ ਇਹ ਵੀ ਗੰਦੀ ਸਿਆਸਤ ਦੀ ਭੇਟ ਚੜ੍ਹ ਗਿਆ। ਸ਼ਹਿਰ ਦੀ ਬਦਕਿਸਮਤੀ ਹੈ ਕਿ ਅਸਰ ਰਸੂਖ ਵਾਲੇ ਲੋਕਾਂ ਨੇ ਨਜਾਇਜ ਕਬਜੇ ਕੀਤੇ ਹੋਏ ਹਨ। ਹਸਪਤਾਲ ਵੀ ਸਿਰਫ ਖਾਨਾ ਪੂਰਤੀ ਹੀ ਕਰਦਾ ਹੈ । ਹਸਪਤਾਲ ਵਿਚ ਡਾਕਟਰਾਂ ਦੀ ਘਾਟ ਕਾਰਨ ਮਰੀਜਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ। ਸ਼ਹਿਰ ਵਾਸੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇੰਨਾਂ ਸਾਰੇ ਵਿਕਾਸ ਕਾਰਜਾਂ ਜਿਹੜੇ ਕਿ ਅਧੂਰੇ ਪਏ ਹੋਏ ਹਨ ਨੂੰ ਪੂਰਾ ਕੀਤਾ ਜਾਵੇ। ਬਣਿਆ ਰਹੇ।

# ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਬਰਾਂਚ ਨਵਾਂਸ਼ਹਿਰ ਦਾ ਅਜਲਾਸ



**ਬਹਿਰਾਮ (ਅਵਤਾਰ ਕਲੇਰ)**- ਆਲ ਇੰਡੀਆ ਬੀ ਐੱਸ ਐਨ ਐਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਬਰਾਂਚ ਨਵਾਂਸ਼ਹਿਰ ਦਾ ਡੈਲੀਗੇਟ ਅਜਲਾਸ ਸੀ ਪੀ ਆਈ ਦਫਤਰ ਨਵਾਂਸ਼ਹਿਰ ਵਿਖੇ ਹੋਇਆ । ਇਸ ਅਜਲਾਸ ਦੀ ਪ੍ਰਧਾਨਗੀ ਸਾਥੀ ਜਰਨੈਲ ਸਿੰਘ ਨੇ ਕੀਤੀ ।ਅਜਲਾਸ 'ਚ ਰਾਜ ਕੁਮਾਰ ਜ਼ਿਲ੍ਹਾ ਪ੍ਰਧਾਨ ਫਗਵਾੜਾ ਵਿਸ਼ੇਸ਼ ਤੌਰ 'ਤੇ ਪਹੁੰਚੇ । ਕਾਮਰੇਡ ਸੁਤੰਤਰ ਕੁਮਾਰ ਨੇ ਸਾਰੇ ਡੈਲੀਗੇਟਾਂ ਨੂੰ ਜੀ ਆਇਆਂ ਕਿਹਾ ਅਤੇ ਐਸੋਸੀਏਸ਼ਨ ਦੇ ਕੁਝ ਸਾਥੀ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਜੋ ਸਦੀਵੀ ਵਿਛੋੜਾ ਦੇ ਗਏ ਉਨ੍ਹਾਂ ਨੂੰ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ । ਸਲਾਨਾ ਰਿਪੋਰਟ ਪੇਸ਼ ਕੀਤੀ । ਬਹਿਸ ਤੋਂ ਬਾਅਦ ਰਿਪੋਰਟ ਨੂੰ ਪਾਸ ਕੀਤਾ । ਕਾਮਰੇਡ ਸੁਤੰਤਰ ਕੁਮਾਰ ਨੇ ਦੱਸਿਆ ਕਿ ਅਸੀਂ ਐਸੋਸੀਏਸ਼ਨ ਵੱਲੋਂ ਦਫਤਰ ਵਿਖੇ ਸ੍ਰੀ ਗੁਰੂ ਰਵਿਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਵੀ ਮਨਾਏ । ਸਾਥੀ ਰਾਜ ਕੁਮਾਰ ਨੇ ਪੈਨਸ਼ਨਰਜ਼ ਨੂੰ ਆ ਰਹੀਆਂ ਸਮੱਸਿਆਵਾਂ ਅਤੇ ਮੈਡੀਕਲ ਬਿੱਲਾਂ ਵਾਰੇ ਕੁਝ ਸੁਝਾਅ ਪੇਸ਼ ਕੀਤੇ । ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਅਮੀਰੀ ਤੇ ਗਰੀਬੀ ਦਾ ਫਾਸਲਾ ਵਧਦਾ ਹੀ ਜਾ ਰਿਹਾ ਹੈ । ਜਿਹੜਾ ਵੀ ਐਮ ਐਲ ਏ ਜਾਂ ਐਮ ਪੀ ਬਣਦਾ ਹੈ ਉਹ ਆਪਣੀਆਂ ਹੀ ਜੇਬਾਂ ਭਰਦਾ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਸਰਕਾਰ ਧਿਆਨ ਦੇਵੇ । ਆਲ ਇੰਡੀਆ ਬੀ ਐੱਸ ਐਨ ਐਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਬਰਾਂਚ ਨਵਾਂਸ਼ਹਿਰ ਦੀ ਚੋਣ ਕੀਤੀ ਗਈ ਜਿਸ ਵਿੱਚ ਪ੍ਰਧਾਨ ਜਰਨੈਲ ਸਿੰਘ ਪਨਾਮ, ਸੀਨੀਅਰ ਮੀਤ ਪ੍ਰਧਾਨ ਸੰਤੋਖ ਪਾਲ ਰਾਹੋਂ , ਝਲਮਣ ਸਿੰਘ ਗੁਲਪੁਰ , ਮੋਹਣ ਸਿੰਘ ਲੰਗੜੋਆ, ਜਸਬੀਰ ਕੌਰ ਔੜ, ਅਮਰਨਾਥ ਨਵਾਂਸ਼ਹਿਰ , ਜੋਗਿੰਦਰ ਰਾਮ ਲੋਧੀਪੁਰ , ਨਰਿੰਦਰ ਕੌਰ ਕਲਸੀ ਬੰਗਾ ਮੀਤ ਪ੍ਰਧਾਨ ਚੁਣੇ ਗਏ । ਜਨਰਲ ਸਕੱਤਰ ਕਾਮਰੇਡ ਸੁਤੰਤਰ ਕੁਮਾਰ, ਜੁਆਇੰਟ ਸਕੱਤਰ ਪਾਖਰ ਰਾਮ ਬੰਗਾ, ਹਰਮੇਸ਼ ਕੁਮਾਰ ਥਾਂਦੀਆ, ਜੁਝਾਰ ਸਿੰਘ ਕੁੱਕੜ ਮਜਾਰਾ , ਬਲਵੀਰ ਸਿੰਘ ਸਿਆਣਾ, ਮੇਜਰ ਦਾਸ ਔੜ, ਪਿਆਰਾ ਲਾਲ ਸਕੱਤਰ ਚੁਣੇ ਗਏ । ਕੈਸ਼ੀਅਰ ਨਰਿੰਦਰ ਕਾਲੀਆ ਨਵਾਂ ਸ਼ਹਿਰ , ਜੁਆਇੰਟ ਕੈਸ਼ੀਅਰ ਬਲਜਿੰਦਰ ਸਿੰਘ ਨਵਾਂਸ਼ਹਿਰ, ਸੁਦੇਸ਼ ਕੁਮਾਰ ਉਧਮਵਾਲ, ਆਰਗਨਾਈਜਰ ਸਕੱਤਰ ਰਮੇਸ਼ ਚੰਦਰ, ਕਮਲੇਸ਼ ਕੌਰ ਲੋਧੀਪੁਰ, ਰਾਮ ਲਾਲ ਚੂਹੜਪੁਰ, ਰਾਮ ਲਾਲ ਬੰਗਾ, ਮਹਿੰਦਰ ਪਾਲ, ਰਾਮ ਜਸਪਾਲ ਸਿੰਘ ਰੱਕੜਾ ਢਾਹਾਂ , ਪਾਖਰ ਸਿੰਘ ਲੰਗੜੋਆ , ਸੁੱਚਾ ਰਾਮ ਲੰਗੜੋਆ ਮੈਂਬਰ ਚੁਣੇ ਗਏ । ਸਾਥੀ ਜਰਨੈਲ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਬਲਵੀਰ ਸਿੰਘ ਜਲੰਧਰ, ਯਸਪਾਲ ਫਗਵਾੜਾ, ਬਲਵੀਰ ਸਿੰਘ ਫਗਵਾੜਾ, ਕੁਲਵੰਤ ਸਿੰਘ ਫਗਵਾੜਾ, ਰਾਮ ਰਤਨ ਫਗਵਾੜਾ, ਜਸਵਿੰਦਰ ਸਿੰਘ ਭੰਗਲ , ਮੁਕੰਦ ਲਾਲ ਮਹਿੰਦੀਪੁਰ ਤੋਂ ਇਲਾਵਾ ਸਾਥੀ ਹਾਜ਼ਰ ਸਨ ।

# ਸੰਤ ਬਾਬਾ ਝੰਡਾ ਸਿੰਘ ਦਾ ਬਰਸੀ ਸਮਾਗਮ ਸ਼ਰਧਾਪੂਰਕ ਸੰਪੰਨ



**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਬੈਂਚ ਖੁਰਦ ਵਿੱਚ ਸਥਿਤ ਇਤਿਹਾਸਕ ਸਥਾਨ ਸੰਤ ਬਾਬਾ ਝੰਡਾ ਸਿੰਘ ਜੀ ਦੀ ਬਰਸੀ 31 ਅਗਸਤ ਨੂੰ ਸ਼ਰਧਾਪੂਰਵਕ ਮਨਾਈ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਬੜੈਚ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦੀਵਾਨ ਦੀ ਆਰੰਭਤਾ ਕੀਤੀ ਗਈ। ਜਿਸ ਵਿਚ ਪੰਥ ਦੇ ਮਹਾਨ ਢਾਡੀ ਜਥਾ ਭਾਈ ਸਰੂਪ ਸਿੰਘ ਕਡਿਆਣਾ (ਗੋਲਡ ਮੈਡਲਿਸਟ ਢਾਡੀ ਜਥਾ), ਭਾਈ ਸਰਬਜੀਤ ਸਿੰਘ ਕੀਰਤਨੀ ਜਥਾ ਕਪੂਰਥਲੇ ਵਾਲੇ, ਭਾਈ ਮਹਿਤਾਬ ਸਿੰਘ ਭਿੰਡਰ ਅਤੇ ਸਾਥੀ ਢਾਡੀ ਜਥਾ, ਬੀਬੀ ਹਰਮਨਪ੍ਰੀਤ ਕੌਰ ਦਾ ਕੀਰਤਨੀ ਜਥਾ, ਸਟੇਜ ਸੈਕਟਰੀ ਦੀ ਸੇਵਾ ਭਾਈ ਜਸਵਿੰਦਰ ਸਿੰਘ ਧੁੱਗਾ ਅਤੇ ਨਗਰ ਬੈਂਚ ਖੁਰਦ ਦੇ ਕੀਰਤਨੀ ਜਥੇ ਨੇ ਵੀ ਗੁਰਬਾਣੀ ਕੀਰਤਨ ਨਾਲ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਪ੍ਰਬੰਧਕ ਕਮੇਟੀ ਦੇ ਖਜ਼ਾਨਚੀ ਅਵਤਾਰ ਸਿੰਘ, ਮੈਂਬਰ ਜਸਵੀਰ ਸਿੰਘ, ਤੇਜਿੰਦਰ ਸਿੰਘ, ਮਹਿੰਦਰ ਸਿੰਘ, ਹਰਜਿੰਦਰ ਸਿੰਘ ਸਰਪੰਚ, ਸੇਵਾਦਾਰ ਕਰਨਵੀਰ ਸਿੰਘ, ਰਣਵੀਰ ਸਿੰਘ, ਲਵਪ੍ਰੀਤ ਸਿੰਘ, ਜਸਵੀਰ ਸ਼ੀਰਾ, ਜਸਵੰਤ ਸਿੰਘ ਚੋਟਾਲਾ, ਕਮਲ ਸਟੀਲ ਵਰਕਸ ਸਰਾਂ, ਨਵਜੋਤ ਸਿੰਘ,ਇੰਦਰਜੋਤ ਸਿੰਘ, ਲਵਪ੍ਰੀਤ ਸਿੰਘ, ਚੰਦਬੀਰ ਸਿੰਘ, ਰਵਿੰਦਰ ਸਿੰਘ ਰਵੀ, ਤਲਵਿੰਦਰ ਸਿੰਘ, ਸੁਰਿੰਦਰ ਸਿੰਘ, ਬਿੱਲਾ, ਗੁਰਵੀਰ ਸਿੰਘ , ਲਵਪ੍ਰੀਤ ਸਿੰਘ, ਚਰਨਜੀਤ ਚਰਨੀ, ਗੁਰਵਿੰਦਰ ਸਿੰਘ, ਮਹਿੰਦਰ ਸਿੰਘ , ਮਨਵੀਰ ਸਿੰਘ ਮੀਨਾ, ਅਮਨਦੀਪ ਸਿੰਘ, ਤਰਨਵੀਰ ਸਿੰਘ, ਹਰਨੇਕ ਸਿੰਘ ਨੇਕੀ , ਇੰਦਰਜੀਤ ਸਿੰਘ ਅਤੇ ਸਮੂਹ ਨਗਰ ਨਿਵਾਸੀ ਸਭ ਸੰਗਤਾਂ ਹਾਜ਼ਰ ਸਨ ।

## ਕਾਨਫਰੰਸਾਂ ਨੂੰ ਕਾਮਯਾਬ ਕਰਨ ਦਾ ਕੀਤਾ ਪ੍ਰਣ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਕਿਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਨੂਰਮਹਿਲ ਵਿਖੇ ਕੀਤੀ ਗਈ ਜਿਸ ਵਿਚ ਨੂਰਮਹਿਲ ਅਤੇ ਬਿਲਗਾ ਬਲਾਕ ਦੇ 18 ਪਿੰਡਾਂ ਦੇ ਕਿਸਾਨਾਂ ਨੇ ਭਾਗ ਲਿਆ ਅਤੇ 18, 20 ਸਤੰਬਰ 2023 ਦੀਆਂ ਵਾਹਗਾ ਅਤੇ ਹੁਸੈਨੀਵਾਲਾ ਬਾਰਡਰ ਦੀਆ ਕਾਨਫਰੰਸਾਂ ਨੂੰ ਕਾਮਯਾਬ ਕਰਨ ਦਾ ਪ੍ਰਣ ਕੀਤਾ । 20 ਸਤੰਬਰ ਨੂੰ ਜਲੰਧਰ ਵਿਖੇ ਹੋ ਰਹੀ ਕਾਨਫਰੰਸ ਵਿਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਸੰਯੁਕਤ ਕਿਸਾਨ ਮੋਰਚੇ ਦੇ ਚਿੱਪ ਵਾਲੇ ਮੀਟਰਾਂ ਦੇ ਵਿਰੋਧ ਦੇ ਫੈਸਲੇ ਨੂੰ ਬਲਾਕਾਂ ਅੰਦਰ ਲਾਗੂ ਕੀਤਾ ਜਾਵੇਗਾ। ਮੀਟਿੰਗ ਨੂੰ ਸੂਬਾ ਆਗੂ ਸੰਤੋਖ ਸਿੰਘ ਸੰਧੂ ਜ਼ਿਲ੍ਹਾ ਸਕੱਤਰ ਗੁਰਕਮਲ ਸਿੰਘ ਜ਼ਿਲ੍ਹਾ ਆਗੂ ਹਰਦੀਪ ਸਿੰਘ ਤਰਪ੍ਰੀਤ ਸਿੰਘ ਮੱਖਣ ਸਿੰਘ ਸੁਰਜੀਤਸਿਗ ਬਲਾਕ ਪ੍ਰਧਾਨ ਸੁਰਿੰਦਰ ਸਿੰਘ ਰਸ਼ਪਾਲ ਸਿੰਘ ਬਲਾਕ ਸਕੱਤਰ ਗੁਰਨਾਮ ਸਿੰਘ ਗੁਰਮੇਲ ਸਿੰਘ ਆਦਿ ਨੇ ਸੰਬੋਧਨ ਕੀਤਾ।

## ਸਪੈਸ਼ਲ ਸਕੂਲ ਨੂੰ ਫਰਨੀਚਰ ਭੇਟ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਜੇ.ਐਸ.ਐਸ.ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾਂ ਹੁਸ਼ਿਆਰਪੁਰ ਵਿਖੇ ਦਿ ਨਾਰਥ ਜ਼ੋਨ ਬੈਂਕ ਸਟਾਫ (ਐਸ.ਐਸ) ਕੋਆਪ੍ਰੇਟਿਵ ਥਰਿਫਟ ਐਂਡ ਕਰੈਡਿਟ ਸੁਸਾਇਟੀ ਲਿਮਟਿਡ ਹੁਸ਼ਿਆਰਪੁਰ ਨੇ 25,000 ਰੁਪਏ ਦੀ ਰਾਸ਼ੀ ਦਾ ਫਰਨੀਚਰ ਭੇਟ ਕੀਤਾ। ਇਸ ਮੌਕੇ ਜਗਦੇਵ ਸਿੰਘ ਪ੍ਰਧਾਨ, ਡੀ.ਪੀ. ਸ਼ਾਰਦਾ (ਖਜ਼ਾਨਚੀ), ਜੋਗਿੰਦਰ ਸਿੰਘ ਡਾਇਰੈਕਟਰ, ਅਸ਼ਦੀ ਸ਼ਰਮਾ (ਡਾਇਰੈਕਟਰ), ਕਾਂਤਾ ਸੋਢੀ ਡਾਇਰੈਕਟਰ, ਰਾਕੇਸ਼ ਮਾਹੀ (ਡਾਇਰੈਕਟਰ), ਪੀ.ਸੀ. ਸ਼ਰਮਾ (ਚੀਫ ਐਗਜ਼ੀਕਿਊਟਿਵ), ਹਰੀਸ਼ ਮਨੋਚਾ (ਐਮ.ਡੀ.) ਦਾ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸੀ.ਏ. ਤਰਨਜੀਤ ਸਿੰਘ ਨੇ ਧੰਨਵਾਦ ਕੀਤਾ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸੈਕਟਰੀ ਹਰਬੰਸ ਸਿੰਘ, ਕਰਨਲ ਗੁਰਮੀਤ ਸਿੰਘ, ਸ਼੍ਰੀਰਾਮ ਆਸਰਾ, ਮਲਕੀਤ ਸਿੰਘ ਮਹੇੜੂ, ਹਰੀਸ਼ ਠਾਕੁਰ, ਹਰਮੇਸ਼ ਤਲਵਾੜ, ਪ੍ਰਿੰ. ਸ਼ੈਲੀ ਸ਼ਰਮਾ ਅਤੇ ਵਿਦਿਆਰਥੀ ਮੌਜੂਦ ਸਨ।

## ਨਸ਼ੀਲਾ ਪਦਾਰਥ ਸਮੇਤ ਔਰਤ ਗ੍ਰਿਫਤਾਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਏ ਐਸ.ਆਈ ਅਮਰਜੀਤ ਸਿੰਘ ਥਾਣਾ ਟਾਂਡਾ ਸਮੇਤ ਪੁਲਸ ਪਾਰਟੀ ਵੱਲੋਂ ਸੁਮਨ ਪਤਨੀ ਸਨੀ ਵਾਸੀ ਵਾਰਡ ਨੰਬਰ 8 ਸੈਂਸੀ ਕਲੋਨੀ ਨੇੜੇ ਸਿਨਮਾ ਘਰ ਥਾਣਾ ਨੂੰ ਕਾਬੂ ਕਰਕੇ ਉਸ ਪਾਸੋਂ 408 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਕਰਕੇ ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

## ਹੈਰੋਇਨ ਸਮੇਤ 2 ਕਾਬੂ

**ਫਿਲੌਰ, (ਨਿਰਮਲ)** ਹਾਈਵੇ ਪੈਟਰੋਲੀਅਮ ਤੇ ਗਸ਼ਤ ਦੌਰਾਨ ਏ.ਐੱਸ.ਆਈ. ਮਨਜੀਤ ਸਿੰਘ ਤੇ ਏ.ਐੱਸ.ਆਈ. ਸਰਬਜੀਤ ਸਿੰਘ ਨੇ ਸ਼ੱਕ ਦੇ ਅਧਾਰ 'ਤੇ 2 ਵਿਅਕਤੀਆਂ ਨੂੰ ਕਾਬੂ ਕੀਤਾ ਜੋ ਹਾਈਵੇ ਨਜ਼ਦੀਕ ਸੁੰਨਸਾਨ ਜਗ੍ਹਾ 'ਤੇ ਲੁਕੇ ਹੋਏ ਸਨ। ਉਕਤ ਦੋਵਾਂ ਕੋਲੋਂ 8 ਗ੍ਰਾਮ ਹੈਰੋਇਨ ਇੱਕ ਕਾਲੇ ਰੰਗ ਦਾ ਪਲਸਰ ਮੋਟਰਸਾਈਕਲ ਨੰਬਰ ਪੀਬੀ-26-ਈ-2829, 11500 ਰੁਪਏ ਕੈਸ਼, 2 ਮੋਬਾਈਲ ਸੈਮਸੰਗ ਤੇ ਇੱਕ ਆਈ ਫੋਨ ਬਰਾਮਦ ਕੀਤਾ। ਉਕਤਾਨ ਦੀ ਪਛਾਣ ਜਸਪ੍ਰੀਤ ਸਿੰਘ ਜੱਸਾ ਪੁੱਤਰ ਬਲਵੀਰ ਸਿੰਘ ਪਿੰਡ ਚਾਵਾ ਸਮਰਾਲਾ ਅਤੇ ਸਤਵੰਤ ਸਿੰਘ ਸਨੀ ਪੁੱਤਰ ਨਾਹਰ ਸਿੰਘ ਵਾਸੀ ਹਰਬੰਸਪੁਰਾ ਲੁਧਿਆਣਾ ਵਜੋਂ ਹੋਈ।

# ਭਾਜਪਾ ਆਗੂਆਂ ਵੱਲੋਂ ਜਿੰਪਾ ਨੂੰ ਨਾ ਬੁਲਾਏ ਜਾਣ ਦੀ ਸ਼ਿਕਾਇਤ ਹਾਸੋਹੀਣੀ ਕਰਾਰ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**-26 ਅਗਸਤ ਦੀ ਰਾਤ ਨੂੰ ਸੰਸਦ ਮੈਂਬਰ ਅਤੇ ਕੇਂਦਰੀ ਮੰਤਰੀ ਸੋਮ ਪ੍ਰਕਾਸ ਨੇ ਹੁਸ਼ਿਆਰਪੁਰ ਤੋਂ ਮਥੁਰਾ ਆਗਰਾ ਤੱਕ ਸਿੱਧੀ ਚੱਲਣ ਵਾਲੀ ਰੇਲ ਗੱਡੀ ਨੂੰ ਹਰੀ ਝੰਡੀ ਦੇ ਕੇ ਉਦਘਾਟਨ ਕੀਤਾ। ਜਿਸ ਦਾ ਤਿਉਹਾਰ ਸ਼ਹਿਰ ਵਾਸੀਆਂ ਵੱਲੋਂ ਵੱਡੀ ਪੱਧਰ 'ਤੇ ਮਨਾਇਆ ਗਿਆ ਅਤੇ ਉਥੇ ਕ੍ਰਿਸ਼ਨ ਭਗਤਾਂ ਨੇ ਭਜਨ ਕੀਰਤਨ ਵੀ ਕੀਤਾ ਅਤੇ ਇਸ ਪ੍ਰੋਗਰਾਮ ਲਈ ਸਮੂਹ ਸ਼ਹਿਰ ਵਾਸੀਆਂ ਨੂੰ ਵੀ ਜਨਤਕ ਤੌਰ 'ਤੇ ਸੱਦਾ ਦਿੱਤਾ ਗਿਆ। ਭਾਜਪਾ ਆਗੂਆਂ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ, ਜ਼ਿਲ੍ਹਾ ਜਨਰਲ ਸਕੱਤਰ ਸੁਰੇਸ਼ ਭਾਟੀਆ ਬਿੱਟੂ, ਜ਼ਿਲ੍ਹਾ ਸਕੱਤਰ ਅਸ਼ਵਨੀ ਗੈਂਦ, ਯਸ਼ਪਾਲ ਸ਼ਰਮਾ ਆਦਿ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ ਕਿ ਉਦਘਾਟਨ ਦੇ ਅਗਲੇ ਹੀ ਦਿਨ ਅਖਬਾਰਾਂ ਵਿੱਚ ਸਥਾਨਕ ਮੰਤਰੀ ਜਿੰਪਾ ਦਾ ਬਿਆਨ ਪੜ੍ਹ ਕੇ ਬੜੀ ਹੈਰਾਨੀ ਹੋਈ। ਜਿਸ ਵਿੱਚ ਉਨ੍ਹਾਂ ਕਿਹਾ ਕਿ ਉਹ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਹਨ, ਇਨ੍ਹਾਂ ਪ੍ਰੋਗਰਾਮਾਂ ਵਿੱਚ ਨਾ ਬੁਲਾਏ ਜਾਣ ਦੀ ਸ਼ਿਕਾਇਤ ਉਹ ਰੇਲ ਮੰਤਰੀ ਨੂੰ ਕਰਨਗੇ। ਭਾਜਪਾ ਆਗੂਆਂ ਨੇ ਕਿਹਾ ਕਿ ਮੰਤਰੀ ਜਿੰਪਾ ਨੂੰ ਇਹ ਵੀ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਜਿਨ੍ਹਾਂ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਗਿਆ ਹੈ, ਉਨ੍ਹਾਂ ਦੇ ਉਦਘਾਟਨ ਮੌਕੇ ਕਦੋਂ ਕਦੋਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਸਥਾਨਕ ਐਮ.ਪੀ. ਨੂੰ ਸੱਦਿਆ ਗਿਆ। ਇਸ ਲਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੂੰ ਦੂਸਰਿਆਂ 'ਤੇ ਇਤਰਾਜ਼ ਕਰਨ ਤੋਂ ਪਹਿਲਾਂ ਆਪਣੇ ਗਿਰੇਬਾਨ ਵਿਚ ਝਾਕਣਾ ਚਾਹੀਦਾ ਹੈ।

# ਵਿਧਾਇਕ ਨੇ ਕਿੱਕ ਬਾਕਸਿੰਗ ਮੁਕਾਬਲੇ 'ਚ ਗੋਲਡ ਮੈਡਲ ਜਿੱਤਣ ਵਾਲੇ ਹਿਮਾਂਸ਼ੂ ਸ਼ਰਮਾ ਦਾ ਕੀਤਾ ਸਨਮਾਨ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਅੱਜ ਪੰਜਾਬ ਦੇ ਖਿਡਾਰੀ ਰਾਸ਼ਟਰੀ ਪੱਧਰ ਦੀਆਂ ਖੇਡਾਂ 'ਚ ਤਮਗੇ ਹਾਸਲ ਕਰ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਸਾਰ ਹੀ ਮੁੱਖ ਮੰਤਰੀ ਪੰਜਾਬ ਦੀ ਦੂਰਦ੍ਰਿਸ਼ਟੀ ਨਾਲ ਸਾਲ 2022 ਵਿੱਚ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਗਈਆਂ ਅਤੇ ਹੁਣ ਦੂਜੇ ਸਾਲ 'ਚ ਖੇਡਾਂ ਵਤਨ ਪੰਜਾਬ ਦੀਆਂ 2023 ਕਰਵਾਇਆ ਜਾ ਰਹੀਆਂ ਹਨ, ਤਾਂ ਜੋ ਬੱਚੇ ਨਸ਼ਿਆਂ ਤੋਂ ਰਹਿਤ ਰਹਿ ਕੇ ਰਾਸ਼ਟਰੀ ਤੇ ਸੰਸਾਰ ਪੱਧਰ 'ਤੇ ਤਮਗੇ ਲੈ ਕੇ ਆਉਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬਲਾਚੌਰ ਬੀਬੀ ਸੰਤੋਸ਼ ਕਟਾਰੀਆ ਨੇ ਪਿੰਡ ਕਿਸ਼ਨਪੁਰਾ ਵਿਖੇ ਹਿਮਾਂਸ਼ੂ ਸ਼ਰਮਾ ਨੂੰ ਹਰੀਵੰਸ਼ ਤਾਨਾ ਭਗਤ ਇੰਡੋਰ ਸਟੇਡੀਅਮ ਰਾਂਚੀ (ਝਾਰਖੰਡ) ਵਿਖੇ ਰਾਸ਼ਟਰੀ ਪੱਧਰ ਦੀਆਂ ਖੇਡਾਂ ਦੌਰਾਨ ਕਿੱਕ ਬਾਕਸਿੰਗ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਣ 'ਤੇ ਉਸ ਦੇ ਘਰ ਪਹੁੰਚ ਕੇ ਮੁਬਾਰਕਬਾਦ ਦਿੰਦਿਆਂ ਹੋਇਆਂ ਕੀਤਾ ਤੇ ਉਸ ਦਾ ਸਨਮਾਨ ਵੀ ਕੀਤਾ। ਉਨ੍ਹਾਂ ਪਿਤਾ ਦੇਵੀ ਦਿਆਲ ਤੇ ਮਾਤਾ ਜੋਤੀ ਕੌਸ਼ਲ ਨੂੰ ਵੀ ਵਧਾਈਆਂ ਦਿੱਤੀਆਂ। ਬੀਬੀ ਕਟਾਰੀਆ ਨੇ ਕਿਹਾ ਕਿ ਸਾਡੇ ਹਲਕੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਆਮ ਪਰਵਾਰ ਦਾ ਬੱਚਾ ਜੋ ਇੱਕ ਪਿੰਡ ਦਾ ਵਸਨੀਕ ਹੋਣ ਦੇ ਨਾਤੇ ਏਨੀ ਗਗਨਚੁੰਬੀ ਉਚਾਈ ਨੂੰ ਛੂਹ ਗਿਆ। ਚੰਦਰ ਮੋਹਨ ਜੇਡੀ ਹਲਕਾ ਬਲਾਚੌਰ ਤੇ ਜ਼ਿਲ੍ਹਾ ਮੀਡੀਆ ਇੰਚਾਰਜ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬੀਬੀ ਸੰਤੋਸ਼ ਕਟਾਰੀਆ ਬੱਚਿਆਂ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਪ੍ਰੇਰਿਤ ਕਰ ਰਹੇ ਹਨ। ਉਨ੍ਹਾਂ ਪਿਛਲੇ ਦਿਨੀਂ ਪਿੰਡਾਂ ਵਿੱਚ ਬੱਚਿਆਂ ਨੂੰ ਖੇਡ ਕਿੱਟਾਂ ਵੀ ਵੰਡੀਆਂ ਸਨ। ਇਸ ਮੌਕੇ ਅਸ਼ੋਕ ਕਟਾਰੀਆ ਸੀਨੀਅਰ ਨੇਤਾ, ਨਰੇਸ਼ ਕੁਮਾਰ ਸਰਕਲ ਇੰਚਾਰਜ ਕਿਸ਼ਨਪੁਰ, ਜਸਵੀਰ ਘੁੰਮਣ, ਗੁਰਮੁਖ ਪਾਬਲਾ ਸਰਕਲ ਇੰਚਾਰਜ, ਬਲਵੀਰ ਸਿੰਘ ਭੰਗੂ, ਜਸਵਿੰਦਰ ਬਛੂਆਂ, ਰੇਖਾ ਦੇਵੀ ਸਰਪੰਚ ਸਾਬਕਾ, ਚਰਨਜੀਤ ਸਿੰਘ, ਰਮੇਸ਼ ਲਾਲ, ਰਮੇਸ਼ ਚੰਦ ਆਦਿ ਹਾਜ਼ਰ ਸਨ।

# 10 ਤੱਕ ਆਨਲਾਈਨ ਅਰਜ਼ੀਆਂ ਦੀ ਮੰਗ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**-ਡਿਪਟੀ ਕਮਿਸ਼ਨਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੱਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਦੇ ਸੁਚੱਜੇ ਪ੍ਰਬੰਧ ਕਰਨ ਲਈ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮਸ਼ੀਨਾਂ ਦੀ ਆਨਲਾਈਨ ਅਰਜ਼ੀਆਂ ਦੇਣ ਦੀ ਮਿਤੀ 18 ਅਗਸਤ ਨੂੰ ਸਮਾਪਤ ਹੋ ਗਈ ਸੀ। ਭਾਰਤ ਸਰਕਾਰ ਵੱਲੋਂ ਵਿਅਕਤੀਗਤ ਕਿਸਾਨਾਂ ਨੂੰ 50 ਪ੍ਰਤੀਸ਼ਤ ਸਬਸਿਡੀ ਅਤੇ ਸਹਿਕਾਰੀ ਸਭਾਵਾਂ/ ਪੰਚਾਇਤਾਂ/ ਐਫ.ਪੀ.ਓ./ ਕਿਸਾਨ ਗਰੁੱਪਾਂ ਨੂੰ 80 ਪ੍ਰਤੀਸ਼ਤ ਸਬਸਿਡੀ ਤੇ ਪਰਾਲੀ ਸੰਭਾਲਣ ਵਾਲੀ ਮਸ਼ੀਨਰੀ ਦੀ ਸੂਚੀ ਵਿੱਚ ਸਰਫੇਸ ਸੀਡਰ ਮਸ਼ੀਨ ਦੀ ਖਰੀਦ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਕਿ ਪਹਿਲਾਂ ਦਿੱਤੀਆਂ ਜਾ ਰਹੀਆਂ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ ਆਦਿ ਮਸ਼ੀਨਾਂ ਦੇ ਮੁਕਾਬਲੇ ਛੋਟੇ ਟਰੈਕਟਰਾਂ ਨਾਲ ਵੀ ਚਲਾਈ ਜਾ ਸਕਦੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਸ ਮਸ਼ੀਨ ਨਾਲ 2 ਏਕੜ ਪ੍ਰਤੀ ਘੰਟਾ ਬਿਜਾਈ ਦੇ ਹਿਸਾਬ ਨਾਲ 16 ਏਕੜ ਪ੍ਰਤੀ ਦਿਨ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇਸ ਮਸ਼ੀਨ ਦੀ ਖਰੀਦ ਲਈ ਕਿਸਾਨਾਂ ਪਾਸੋਂ ਅਰਜ਼ੀਆਂ ਦੀ ਮੰਗ 10 ਸਤੰਬਰ ਤੱਕ ਕੀਤੀ ਜਾ ਰਹੀ ਹੈ ਅਤੇ ਖੇਤੀਬਾੜੀ ਵਿਭਾਗ ਵੱਲੋਂ ਸੰਬੰਧਤ ਵਿਭਾਗ ਨੂੰ ਆਨਲਾਈਨ ਪੋਰਟਲ ਖੋਲ੍ਹਣ ਲਈ ਕਿਹਾ ਗਿਆ ਹੈ। ਇਸ ਲਈ ਚਾਹਵਾਨ ਕਿਸਾਨ 2 ਸਤੰਬਰ ਤੋਂ 10 ਸਤੰਬਰ ਤੱਕ ਸਾਈਟ 'ਤੇ ਆਨਲਾਈਨ ਅਰਜ਼ੀਆਂ ਰਾਹੀਂ ਅਪਲਾਈ ਕਰ ਸਕਦੇ ਹਨ।

# ਆਪ ਸਰਕਾਰ 'ਚ ਪ੍ਰਸ਼ਾਸਨਿਕ ਸੰਸਥਾਵਾਂ ਪਤਨ ਵੱਲ : ਐਡਵੋਕੇਟ ਬਲਵਿੰਦਰ



**ਜਲੰਧਰ (ਸ਼ੈਲੀ ਐਲਬਰਟ)**- ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਸੂਬੇ ਦੀ ਆਪ ਸਰਕਾਰ ਵਿੱਚ ਪ੍ਰਸ਼ਾਸਨਿਕ ਸੰਸਥਾਵਾਂ ਦਾ ਪਤਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵਿੱਚ ਸੱਤਾਧਾਰੀ ਧਿਰ ਨਾਲ ਅਸਹਿਮਤੀ ਹੋਣਾ ਹੀ ਜੁਰਮ ਬਣ ਗਿਆ ਹੈ। ਸੱਤਾਧਾਰੀ ਧਿਰ ਨਾਲ ਅਸਹਿਮਤੀ ਰੱਖਣ ਵਾਲਿਆਂ ਖਿਲਾਫ ਸਰਕਾਰੀ ਮਸ਼ੀਨਰੀ ਪੁਲਸ ਤੇ ਸਿਵਿਲ ਪ੍ਰਸ਼ਾਸਨ ਦੀ ਦੱਬ ਕੇ ਦੁਰਵਰਤੋਂ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੌਜੂਦਾ ਹਾਲਾਤਾਂ ਬਾਰੇ ਵਿਚਾਰ ਕਰਨ ਲਈ ਰੱਖੀ ਮੀਟਿੰਗ ਵਿੱਚ ਬਸਪਾ ਆਗੂ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਜਲੰਧਰ ਦਿਹਾਤੀ ਦੇ ਐਸਐਸਪੀ ਮੁਖਵਿੰਦਰ ਸਿੰਘ ਭੁੱਲਰ ਦੀ ਜਾਣਕਾਰੀ ਵਿੱਚ ਉਨ੍ਹਾਂ ਅਤੇ ਸਾਥੀ ਬਸਪਾ ਵਰਕਰਾਂ 'ਤੇ ਝੂਠਾ ਪਰਚਾ ਥਾਣਾ ਮਕਸੂਦਾਂ ਦੇ ਮੁਖੀ ਸਿਕੰਦਰ ਸਿੰਘ ਵੱਲੋਂ ਸਾਜਿਸ਼ਨ ਤਰੀਕੇ ਦੇ ਨਾਲ ਕੀਤਾ ਗਿਆ ਹੈ। ਉਨ੍ਹਾਂ ਦਾ ਕਸੂਰ ਸਿਰਫ ਇਹੀ ਹੈ ਕਿ ਉਹ ਆਪ ਸਰਕਾਰ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ ਦੇ ਰਾਜਨੀਤਕ ਵਿਰੋਧੀ ਹਨ। ਬਸਪਾ ਆਗੂ ਨੇ ਕਿਹਾ ਕਿ ਜਦੋਂ ਇਨਸਾਫ ਦੇਣ ਵਾਲੀਆਂ ਸੰਸਥਾਵਾਂ ਹੀ ਮਿਥ ਕੇ ਨਾਗਰਿਕਾਂ ਨਾਲ ਬੇਇਨਸਾਫੀ 'ਤੇ ਉੱਤਰ ਆਉਣ ਤਾਂ ਇਸ ਤੋਂ ਸਪੱਸ਼ਟ ਹੈ ਕਿ ਪ੍ਰਸ਼ਾਸਨਿਕ ਸੰਸਥਾਵਾਂ ਪਤਨ ਵੱਲ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੀ ਪਿੰਡ ਕਲਿਆਣਪੁਰ ਦੇ ਸਾਬਕਾ ਸਰਪੰਚ ਇਕਬਾਲ ਸਿੰਘ 'ਤੇ ਝੂਠੀ 307 ਦੀ ਧਾਰਾ ਲਗਾ ਕੇ ਉਸ ਨੂੰ ਜੇਲ੍ਹ ਭੇਜਿਆ ਗਿਆ ਤੇ ਜੇਲ੍ਹ ਤੋਂ ਬਾਹਰ ਆਉਣ 'ਤੇ ਉਸਦੇ ਖਿਲਾਫ ਇਕ ਹੋਰ ਝੂਠਾ 307 ਦਾ ਪਰਚਾ ਜਲੰਧਰ ਦਿਹਾਤੀ ਪੁਲਸ ਵੱਲੋਂ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਲੋਕਾਂ ਤੋਂ ਫਤਵਾ ਸੂਬੇ ਦੇ ਵਿਕਾਸ ਲਈ ਲਿਆ ਸੀ, ਜਦਕਿ ਕੰਮ ਇਸਦੇ ਉਲਟ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੀ ਬੇਇਨਸਾਫੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਹੈ ਤੇ ਇਸਦਾ ਪਹਿਲਾਂ ਦੀ ਤਰ੍ਹਾਂ ਅੱਗੇ ਵੀ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਬਸਪਾ ਆਗੂ ਸ਼ਾਦੀ ਲਾਲ, ਪ੍ਰਭਜਿੰਦਰ ਸਿੰਘ ਪੱਤੜ, ਅਮਰਜੀਤ ਸਿੰਘ ਨੰਗਲ, ਗਿਆਨ ਚੰਦ ਕਰਤਾਰਪੁਰ, ਪਰਮਜੀਤ ਸਿੰਘ ਮੰਨਣ, ਹਰੀਸ਼ ਮੰਨਣ, ਹੰਸ ਰਾਜ ਬੱਲਾਂ ਆਦਿ ਵੀ ਮੌਜੂਦ ਸਨ।

# ਸੰਤ ਬਾਬਾ ਭਾਗ ਸਿੰਘ 'ਵਰਸਿਟੀ ਵਿਖੇ ਰਾਸ਼ਟਰੀ ਖੇਡ ਦਿਵਸ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)** ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) (ਦੂਜੇ ਚਾਂਸਲਰ) ਦੇ ਆਸ਼ੀਰਵਾਦ ਅਤੇ ਸੰਤ ਬਾਬਾ ਸਰਵਣ ਸਿੰਘ (ਚਾਂਸਲਰ), ਸੰਤ ਬਾਬਾ ਮਨਮੋਹਨ ਸਿੰਘ (ਵਾਈਸ ਪ੍ਰੈਜ਼ੀਡੈਂਟ) ਦੀ ਪ੍ਰੇਰਨਾ ਅਤੇ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ ਦੀ ਅਗਵਾਈ ਹੇਠ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦਾ ਆਰੰਭ ਸਰਬੱਤ ਦੇ ਭਲੇ ਲਈ ਅਰਦਾਸ ਦੇ ਨਾਲ ਹੋਇਆ। 'ਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਲਗਭਗ 200 ਵਿਦਿਆਰਥੀਆਂ ਨੇ ਹਿੱਸਾ ਲਿਆ। ਉਦਘਾਟਨੀ ਸਮਾਰੋਹ ਦੌਰਾਨ ਸਵਾਗਤੀ ਭਾਸ਼ਣ ਡਾ.ਆਰ.ਐਸ.ਪਠਾਨੀਆ (ਨਿਰਦੇਸ਼ਕ ਖੇਡਾਂ) ਨੇ ਪੇਸ਼ ਕੀਤਾ। ਸਮਾਗਮ ਦੇ ਮੁੱਖ ਪ੍ਰਬੰਧਕ ਡਾ. ਕੇ.ਪੀ. ਐਸ. ਮਾਹੀ (ਐਸੋਸੀਏਟ ਪ੍ਰੋਫੈਸਰ) ਅਤੇ ਬੀ.ਪੀ.ਐਡ ਦੇ ਸੀਨੀਅਰ ਵਿਦਿਆਰਥੀ ਸਨ। ਉਪਰੰਤ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ ਨੇ ਸਮੁੱਚੀ ਹਾਜ਼ਰੀਨ ਨੂੰ ਰਾਸ਼ਟਰੀ ਖੇਡ ਦਿਵਸ ਦੇ ਆਯੋਜਨ ਦੇ ਕਾਰਨਾਂ ਬਾਰੇ ਦੱਸਿਆ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ, ਯੋਗਤਾਵਾਂ ਅਤੇ ਚੁਣੌਤੀਆਂ ਨੂੰ ਸਮਝਣ ਲਈ ਵੀ ਪ੍ਰੇਰਿਤ ਕੀਤਾ ਇਸ ਦੌਰਾਨ ਰੱਸਾ-ਕਸ਼ੀ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਇੱਕ ਸਿਰਫ ਪੁਰਸ਼ ਭਾਗੀਦਾਰਾਂ ਲਈ ਸੀ ਅਤੇ ਦੂਜਾ ਪੁਰਸ਼ ਅਤੇ ਔਰਤ ਲਈ ਸਨ ਨਾਲ ਹੀ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ ਵਿੱਚ ਭਾਗ ਲਿਆ ਜਿਸ ਵਿੱਚ ਉਹਨਾਂ ਨੇ ਆਪਣੀ-ਆਪਣੀ ਪੁਜ਼ੀਸ਼ਨ ਅਤੇ ਮੈਡਲ ਪ੍ਰਾਪਤ ਕੀਤੇ। ਰੱਸਾ-ਕਸ਼ੀ ਦੇ ਪੁਰਸ਼ਾਂ ਦੇ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਇੰਸਟੀਚਿਊਟ ਆਫ ਕਾਮਰਸ ਅਤੇ ਮੈਨੇਜਮੈਂਟ ਨੇ ਪਹਿਲਾ ਸਥਾਨ, ਯੂਨੀਵਰਸਿਟੀ ਇੰਸਟੀਚਿਊਟ ਆਫ ਸਾਇੰਸਜ਼ ਨੇ ਦੂਜਾ ਸਥਾਨ ਅਤੇ ਯੂਨੀਵਰਸਿਟੀ ਇੰਸਟੀਚਿਊਟ ਆਫ ਇੰਜੀਨਰਿੰਗ ਅਤੇ ਟੈਕਨੋਲੋਜੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ। ਰੱਸਾਕਸ਼ੀ ਮੈਚ ਦੀ ਮਿਕਸ ਸ਼੍ਰੇਣੀ ਵਿੱਚ ਪਹਿਲੇ ਸਥਾਨ ਯੂਨੀਵਰਸਿਟੀ ਇੰਸਟੀਚਿਊਟ ਆਫ ਐਜੂਕੇਸ਼ਨ ਅਤੇ ਹਿਊਮੈਨੀਟੀਜ਼ ਨੇ, ਇੰਸਟੀਚਿਊਟ ਆਫ ਕਾਮਰਸ ਅਤੇ ਮੈਨੇਜਮੈਂਟ ਨੇ ਦੂਸਰਾ ਅਤੇ ਯੂਨੀਵਰਸਿਟੀ ਇੰਸਟੀਚਿਊਟ ਆਫ ਸਾਇੰਸਜ਼ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੰਤ ਬਾਬਾ ਸਰਵਣ ਸਿੰਘ ਨੇ ਜੇਤੂਆਂ ਨੂੰ ਟਰਾਫੀ ਅਤੇ ਮੈਡਲ ਦੇ ਸਨਮਾਨਤ ਕੀਤਾ। ਇਸ ਮੌਕੇ ਹਰਦਮਨ ਸਿੰਘ ਮਿਨਹਾਸ ਸਕੱਤਰ ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਚੈਰੀਟੇਬਲ ਸੁਸਾਇਟੀ, ਪ੍ਰਿਤਪਾਲ ਸਿੰਘ, ਸੁਨੀਲ ਵੱਤਸ ਡਾ. ਵਿਜੈ ਧੀਰ ਰਜਿਸਟ੍ਰਾਰ, ਸਾਰੇ ਡੀਨ, ਸਾਰੇ ਵਿਭਾਗਾਂ ਦੇ ਮੁੱਖੀ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# 'ਇੰਡੀਆ' ਲੋਕਾਂ ਦੀਆਂ ਭਾਵਨਾਵਾਂ 'ਤੇ ਪੂਰਾ ਉਤਰੇਗਾ : ਮਨੀਸ਼ ਤਿਵਾੜੀ



**ਰੋਪੜ ( ਬਿੰਦਰਾ)** ਅੱਜ ਸਾਡਾ ਦੇਸ਼ ਫਿਰ 1947 ਦੀ ਦਸ਼ਾ ਵਿੱਚ ਖੜਾ ਹੈ। ਉਸ ਸਮੇਂ ਹਿੰਦੋਸਤਾਨ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰੁਹਜਾਨ ਨੂੰ ਠੁਕਰਾ ਕੇ ਸਾਡੇ ਲੀਡਰਾਂ ਨੇ ਇਕ ਧਰਮ ਨਿਰਪੱਖ ਸੰਵਿਧਾਨ ਅਪਨਾ ਕੇ ਜਾਤ ਪਾਤ ਤੋਂ ਉਪਰ ਉਠ ਕੇ ਬਰਾਬਰ ਦਾ ਹੱਕ ਹਰ ਨਾਗਰਿਕ ਲਈ ਬੁਨਿਆਦੀ ਹੱਕ ਦਿੱਤਾ। ਪਰ 2014 ਤੋਂ ਬਾਅਦ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਇਸ ਨੂੰ ਖਤਮ ਕਰਨ ਦੇ ਰਾਹ ਤੁਰੀ ਹੋਈ ਹੈ। ਦੇਸ਼ ਅੰਦਰ ਮਜ਼ਬ ਦੇ ਨਾਂਅ 'ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ ਅਤੇ ਨਫਰਤੀ ਮਾਹੌਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਕਿ ਇਸ ਵੇਲੇ ਲੋਕ-ਤੰਤਰ ਪ੍ਰਣਾਲੀ ਹੀ ਖਤਮ ਕੀਤੀ ਜਾ ਰਹੀ ਹੈ। ਸੰਸਦ ਵਿੱਚ ਬਿਨਾਂ ਬਹਿਸ ਦੇ ਬਿਲ ਪਾਸ ਕੀਤੇ ਜਾ ਰਹੇ ਹਨ ਜੋਕਿ ਸੰਵਿਧਾਨਿਕ ਤੌਰ 'ਤੇ ਗਲਤ ਹੈ ਚੁਣੇ ਗਏ ਨੁਮਾਇੰਦਿਆਂ ਨੂੰ ਬੋਲਨ ਹੀ ਨਹੀਂ ਦਿੱਤਾ ਜਾਂਦਾ। ਉਨ੍ਹਾਂ ਆਖਿਆ ਕਿ ਮੋਦੀ ਸਰਕਾਰ ਨੇ ਬਿਨਾਂ ਏਜੰਡਾ ਜਾਰੀ ਕਰਦਿਆਂ 5 ਦਿਨਾ ਦਾ ਸਪੈਸ਼ਲ ਇਜਲਾਸ ਬੁਲਾਇਆ ਲਿਆ ਹੈ। ਉਹਨਾਂ ਆਖਿਆ ਕਿ ਇਹ ਤਾਂ "ਮੋਰਚਾ ਲਗਾ ਲਵੋ ਮੁੱਦਾ ਲੱਭ ਲਵਾਂਗੇ" ਵਾਲੀ ਗੱਲ ਹੈ।

ਉਹਨਾਂ ਆਖਿਆ ਕਿ ਚਲਦੇ ਇਜਲਾਸ ਵਿੱਚ ਮੰਤਰੀ ਆ ਕੇ ਐਲਾਨ ਕਰ ਦਿੰਦਾ ਹੈ ਕਿ ਮੈਂ ਆਹ ਬਿਲ ਪੇਸ਼ ਕਰ ਰਿਹਾ ਹਾਂ। ਉਹਨਾਂ ਆਖਿਆ ਕਿ ਸਾਡੀ ਕਾਂਸੀਟਿਊਟ ਅਸੈਂਬਲੀ ਵਿੱਚ ਤਾਂ ਇਕ ਇਕ ਮੁੱਦੇ ਬਾਰੇ ਪੂਰੀ ਬਹਿਸ ਹੁੰਦੀ ਸੀ ਅਤੇ ਇਸ ਦੇ ਪਾਸ ਕਰਨ ਦਾ ਪੂਰਾ ਕਾਰਨ ਲਿਖਿਆ ਹੋਇਆ ਹੈ। ਇਹ ਵਿਚਾਰ ਮਨੀਸ਼ ਤਿਵਾੜੀ ਮੈਂਬਰ ਪਾਰਲੀਮੈਂਟ ਹਲਕਾ ਸ੍ਰੀ ਆਨੰਦਪੁਰ ਸਾਹਿਬ ਨੇ ਇਥੇ ਰੂਪਨਗਰ ਪ੍ਰੈਸ ਕਲੱਬ ਵਿਖੇ ਮੀਟ ਦਾ ਪ੍ਰੈਸ ਪ੍ਰੋਗਰਾਮ ਵਿੱਚ ਬੋਲਦਿਆਂ ਸਾਂਝੇ ਕੀਤੇ। ਉਹਨਾਂ ਆਖਿਆ ਕਿ ਪਾਰਲੀਮੈਂਟ ਵਿੱਚ ਬਹਿਸ ਲਈ 120 ਦਿਨ ਦਾ ਸਮਾਂ ਹੁੰਦਾ ਸੀ ਪਰ ਹੁਣ ਤਾਂ 45 ਦਿਨ ਰਹਿ ਗਿਆ ਹੈ। ਚੁਣੇ ਹੋਏ ਨੁਮਾਇੰਦੇ ਆਪਣੇ ਵਿਚਾਰ ਤੇ ਦਲੀਲਾਂ ਪਾਰਲੀਮੈਂਟ ਵਿੱਚ ਰੱਖ ਨਹੀਂ ਸਕਦੇ। ਇਕ ਪ੍ਰਸ਼ਨ ਦੇ ਉੱਤਰ ਵਿੱਚ ਕਾਂਗਰਸ ਸਾਂਸਦ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਦੇਸ ਦੇ ਸੰਵਿਧਾਨ ਨੂੰ ਅਖੋਂ ਪਰੋਖੇ ਕਰਕੇ ਤਾਨਾਸ਼ਾਹੀ ਰਾਹ ਅਪਣਾਇਆ ਹੈ। ਉਸ ਵਿਰੁੱਧ ਐਨ ਡੀ ਏ ਵਿਰੋਧੀ ਪਾਰਟੀਆਂ ਨੇ ਸੰਵਿਧਾਨ ਅਤੇ ਜਮਹੂਰੀਅਤ ਦੀ ਰਾਖੀ ਲਈ ਇੱਕਮੁੱਠ ਹੋ ਕੇ ਗਠਜੋੜ ਕੀਤਾ ਹੈ, ਤਾਂ ਕਿ ਖਤਰੇ ਵਿਚ ਪਏ ਸੰਘੀ ਢਾਂਚੇ ਨੂੰ ਕਾਇਮ ਰੱਖਿਆ ਜਾ ਸਕੇ। ਉਨ੍ਹਾਂ ਆਖਿਆ ਕਿ ਬੇਸ਼ੱਕ "ਇੰਡੀਆ" ਇੱਕ ਵੱਖ ਵੱਖ ਵਿਚਾਰਧਾਰਾ ਵਾਲਿਆਂ ਦਾ ਗਠਜੋੜ ਹੈ, ਪਰ ਇਨ੍ਹਾਂ ਸਾਰਿਆਂ ਦਾ ਇਕ ਮੰਤਵ 2024 ਦੀਆਂ ਲੋਕ ਸਭਾ ਚੋਣਾਂ ਵਿਚ ਇਕਮੁੱਠ ਹੋ ਕੇ ਦੇਸ਼ ਦੇ ਸੰਵਿਧਾਨ ਦੀਆਂ ਕਦਰਾਂ ਕੀਮਤਾਂ ਨੂੰ ਬਹਾਲ ਕਰਨਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇੰਡੀਆ ਗਠਜੋੜ ਦੇਸ਼ ਦੇ ਲੋਕਾਂ ਦੀਆਂ ਇੱਛਾਵਾਂ 'ਤੇ ਪੂਰਾ ਉਤਰੇਗਾ। ਇੰਡੀਆ ਗਠਜੋੜ ਵਿਚ ਸ਼ਾਮਿਲ ਸਮੂਹ ਪਾਰਟੀਆਂ ਰਾਸ਼ਟਰ ਦੇ ਹਿੱਤ ਵਿਚ ਮੱਤ ਭੇਦਾਂ ਨੂੰ ਪਾਸੇ ਰੱਖ ਕੇ ਇਕਜੁੱਟ ਹੋ ਕੇ 2024 ਵਿੱਚ ਮੋਦੀ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨਗੀਆਂ। ਇਕ ਪ੍ਰਸ਼ਨ ਦੇ ਉੱਤਰ ਵਿੱਚ ਉਹਨਾਂ ਆਖਿਆ ਕਿ ਦੇਸ਼ ਦੇ ਵਡੇਰੇ ਹਿੱਤਾਂ ਖਾਤਿਰ ਦੂਜੇ ਮਸਲੇ ਪਾਸੇ ਕੀਤੇ ਜਾਣਗੇ

# ਹੈੱਡਮਾਸਟਰ ਦੀਆਂ ਮੰਗਾਂ ਨੂੰ ਲੈ ਕੇ ਮੰਗ ਪੱਤਰ ਦਿੱਤਾ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)** : ਡੈਮੋਕਰੇਟਿਕ ਟੀਚਰਜ਼ ਫਰੰਟ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕੁਲਵਿੰਦਰ ਸਿੰਘ ਜੋਸਨ, ਜਸਵੀਰ ਸਿੰਘ ਸੰਧੂ, ਹੈਡਮਾਸਟਰ ਯੂਨੀਅਨ ਦੇ ਪ੍ਰਧਾਨ ਕਮਲਜੀਤ ਤੇ ਅਮਨਪ੍ਰੀਤ ਕੌਰ ਨੇ ਸਾਂਝੇ ਤੌਰ 'ਤੇ ਬਿਆਨ ਜਾਰੀ ਕੀਤਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਨੂੰ ਮੰਗ ਪੱਤਰ ਦਿੱਤਾ ਗਿਆ। ਪ੍ਰੈਸ ਸਕੱਤਰ ਪਰਮਿੰਦਰ ਕੌਰ, ਪ੍ਰਭਜੋਤ ਕੌਰ, ਭੁਪਿੰਦਰਪਾਲ ਸਿੰਘ ਨੇ ਕਿਹਾ ਕਿ ਪਰਖ ਕਾਲ ਪਾਰ ਹੋਣ ਦੇ ਅੱਠ ਮਹੀਨੇ ਬਾਅਦ ਸਾਡੀ ਤਨਖਾਹ ਮਾਸਟਰ ਕਾਡਰ ਦੇ ਸਕੇਲ 'ਤੇ ਗਲਤ ਤਰੀਕੇ ਨਾਲ ਫਿਕਸ ਕੀਤੀ ਗਈ ਹੈ। ਪੰਜਾਬ ਦੇ ਬਾਕੀ ਸਾਰਿਆਂ ਜ਼ਿਲ੍ਹਿਆਂ ਵਿੱਚ ਇਹ ਫਿਕੇਸ਼ਨ ਮਾਸਟਰ ਕਾਡਰ ਦੀਆਂ ਤਿੰਨ ਸਲਾਨਾ ਤਰੱਕੀਆਂ ਸਮੇਤ ਕੀਤੀ ਗਈ ਹੈ। ਜ਼ਿਲ੍ਹਾ ਜਲੰਧਰ ਨਾਲ ਹੋ ਰਹੇ ਇਸ ਭੇਦਭਾਵ ਕਾਰਨ ਜਲੰਧਰ ਜ਼ਿਲ੍ਹੇ ਦੇ ਹੈਡਮਾਸਟਰ/ਹੈਡਮਿਸਟ੍ਰੈਸ ਨੂੰ ਮਾਨਸਿਕ ਅਤੇ ਵਿੱਤੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਸ ਸੰਬੰਧ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਜਲੰਧਰ ਨੂੰ ਹੈਡਮਾਸਟਰ ਦੀਆਂ ਮੰਗਾਂ ਨੂੰ ਲੈ ਕੇ ਮੰਗ ਪੱਤਰ ਦਿੱਤਾ ਗਿਆ ਅਤੇ ਮੰਗ ਕੀਤੀ ਗਈ ਕਿ ਜ਼ਿਲ੍ਹਾ ਜਲੰਧਰ ਦੇ ਸਿੱਧੀ ਭਰਤੀ ਵਿੱਚ ਚੁਣੇ ਹੋਏ ਹੈਡਮਾਸਟਰ/ਹੈਡਮਿਸਟ੍ਰੈਸ ਨੂੰ ਤਿੰਨ ਸਲਾਨਾ ਤਰੱਕੀਆਂ ਤੁਰੰਤ ਦਿੱਤੀਆਂ ਜਾਣ। ਯੂਨੀਅਨ ਨੇ ਚੇਤਾਵਨੀ ਦਿੱਤੀ ਕਿ ਜੇ ਇਸ ਮਸਲੇ ਦਾ ਹੱਲ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਵੱਲੋਂ ਨਾ ਕੀਤਾ ਗਿਆ ਮਜਬੂਰਨ 13 ਸਤੰਬਰ ਨੂੰ 2 ਵਜੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।

# ਖਿਡਾਰੀਆਂ ਨੂੰ ਹਰ ਸਹੂਲਤ ਦਿੱਤੀ ਜਾਵੇਗੀ : ਰਾਜਾ



**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧ)**-ਕਿੱਕ ਬਾਕਸਿੰਗ 'ਚ ਰਾਸ਼ਟਰੀ ਪੱਧਰ 'ਤੇ ਗੋਲਡ ਮੈਡਲ ਜਿੱਤਣ ਵਾਲੀ ਖਿਡਾਰਨ ਜਸਮੀਤ ਕੌਰ ਸਿੱਧੂ ਨੂੰ ਅੱਜ ਇੱਥੇ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵਿਖੇ ਇਕ ਵਿਸ਼ੇਸ਼ ਸਨਮਾਨ ਸਮਾਰੋਹ ਦੌਰਾਨ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਧਾਇਕ ਰਾਜਾ ਨੇ ਕਿਹਾ ਕਿ ਪੰਜਾਬ ਸਰਕਾਰ ਖਿਡਾਰੀਆਂ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਹੈ ਅਤੇ ਇਸੇ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ 15 ਸਾਲਾਂ ਤੋਂ ਬੰਦ ਹੋਈਆਂ ਪੇਂਡੂ ਖੇਡਾਂ ਨੂੰ ਬੀਤੇ ਵਰ੍ਹੇ ਸ਼ੁਰੂ ਕੀਤਾ ਗਿਆ ਹੈ।

'ਖੇਡਾਂ ਵਤਨ ਪੰਜਾਬ ਦੀਆਂ' ਨਾਂ ਨਾਲ ਇਹ ਪੇਂਡੂ ਖੇਡਾਂ ਸ਼ੁਰੂ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਵੱਡੀ ਗਿਣਤੀ ਖਿਡਾਰੀ ਹਿੱਸਾ ਲੈ ਕੇ ਮੈਡਲ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਹੋਰ ਕਿਹਾ ਕਿ ਜਲਦੀ ਹੀ ਸਰਕਾਰ ਰਾਜ ਪੱਧਰ ਅਤੇ ਰਾਸ਼ਟਰ ਪੱਧਰ 'ਤੇ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਬਣਦਾ ਦਾ ਮਾਣ ਸਨਮਾਨ ਦੇਣਾ ਅਰੰਭ ਕਰੇਗੀ। ਇਸ ਮੌਕੇ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਸਨਮਾਨ ਸਮਾਗਮ ਵਿੱਚ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਅਤੇ ਸਕੂਲ ਮੈਨੇਜਮੈਂਟ ਵੱਲੋਂ ਜਸਮੀਤ ਕੌਰ ਸਿੱਧੂ ਨੂੰ 10 ਹਜ਼ਾਰ ਰੁਪਏ ਅਤੇ ਬਣਦਾ ਸਨਮਾਨ ਵਿਧਾਇਕ ਰਾਜਾ ਵੱਲੋਂ ਦਿੱਤਾ ਗਿਆ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਦੱਸਿਆ ਕਿ ਇਸ ਸਕੂਲ ਨੂੰ ਮਿਲਣ ਵਾਲਾ ਤੀਸਰਾ ਰਾਸ਼ਟਰੀ ਗੋਲਡ ਮੈਡਲ ਹੈ। ਇਸ ਮੌਕੇ ਓਂਕਾਰ ਸਿੰਘ ਬਰਾੜ ਐਸ ਐਚ ਓ ਟਾਂਡਾ, ਕੇਸ਼ਵ ਸਿੰਘ ਸੈਣੀ ਬਲਾਕ ਪ੍ਰਧਾਨ ਟਾਂਡਾ, ਜਗਜੀਵਨ ਜੱਗੀ ਸਿਟੀ ਪ੍ਰਧਾਨ, ਰਾਜਿੰਦਰ ਸਿੰਘ ਮਾਰਸ਼ਲ, ਸਰਬਜੀਤ ਵਿੱਕੀ, ਸਤੀਸ਼ ਜੌੜਾ, ਅਤਵਾਰ ਸਿੰਘ, ਸੋਨੂੰ ਮਾਰਸ਼ਲ, ਅਵਤਾਰ ਸਿੰਘ ਤਾਰੀ, ਕੋਚ ਪ੍ਰਦੀਪ ਸਿੰਘ ਅਤੇ ਹੋਰ ਹਾਜ਼ਰ ਸਨ।

# ਗੁਰੂ ਨਾਨਕ ਖਾਲਸਾ ਕਾਲਜ 'ਚ ਸੈਮੀਨਾਰ



**ਸੁਲਤਾਨਪੁਰ ਲੋਧੀ ( ਹਨੀ )**-ਗੁਰੂ ਨਾਨਕ ਖਾਲਸਾ ਕਾਲਜ ਵਿਖੇ ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ. ਰਾਜਪ੍ਰੀਤ ਕੌਰ ਦੀ ਅਗਵਾਈ ਹੇਠ ਕੰਪਿਊਟਰ ਵਿਸ਼ੇ 'ਤੇ ਸੈਮੀਨਾਰ ਕੀਤਾ ਗਿਆ ਜਿਸ ਵਿੱਚ ਐਮ.ਐਸ.ਸੀ. ਆਈ.ਟੀ. ਦੀ ਵਿਦਿਆਰਥਣ ਅਮਨਪ੍ਰੀਤ ਕੌਰ ਅਤੇ ਬੀ.ਸੀ.ਏ. ਸਮੈਸਟਰ ਪੰਜਵਾਂ ਦੇ ਵਿਦਿਆਰਥੀ ਅਮਰਜੀਤ ਸਿੰਘ ਨੇ ਸਾਂਝੇ ਰੂਪ ਦੇ ਵਿੱਚ ਇਸ ਵਿਸ਼ੇ 'ਤੇ ਬਹੁਤ ਖੂਬਸੂਰਤ ਪੇਸ਼ਕਾਰੀ ਕੀਤੀ ।

ਇਸ ਵਿਸ਼ੇ ਤੇ ਵਿਦਿਆਰਥੀਆਂ ਨੇ ਦੱਸਿਆ ਕਿ ਅੱਜ-ਕੱਲ੍ਹ ਵਿਕਾਸ ਦੀਆਂ ਭਰਪੂਰ ਸੰਭਾਵਨਾਵਾਂ ਹਨ। ਅੱਜ ਦੇ ਸਮੇਂ ਦੇ ਵਿੱਚ ਸਾਨੂੰ ਇਸ ਤਕਨਾਲੋਜੀ ਦਾ ਗਿਆਨ ਹੋਣਾ ਲਾਜ਼ਮੀ ਹੈ। ਇਸ ਮੌਕੇ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਵਿਦਿਆਰਥੀਆਂ ਦੀ ਇਸ ਗਿਆਨ ਵਰਧਕ ਪੇਸ਼ਕਾਰੀ ਲਈ ਪੂਰੇ ਵਿਭਾਗ ਨੂੰ ਮੁਬਾਰਕਬਾਦ ਦਿੱਤੀ ਅਤੇ ਤਕਨਾਲੋਜੀ ਨੂੰ ਸਾਕਾਰਾਤਮਕ ਪੱਖਾਂ ਦੀ ਵਰਤੋਂ ਕਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਡਾ. ਮਨੀ ਛਾਬੜਾ ਮੁਖੀ ਕਾਮਰਸ ਵਿਭਾਗ, ਪ੍ਰੋ. ਰਾਜਪ੍ਰੀਤ ਕੌਰ ਮੁਖੀ ਕੰਪਿਊਟਰ ਵਿਭਾਗ, ਪ੍ਰੋ. ਮਨਮੀਤ ਕੌਰ, ਪ੍ਰੋ. ਨਿਵਿਆ ਸ਼ਰਮਾ, ਪ੍ਰੋ. ਹਰਦੀਸ਼ ਕੌਰ, ਪ੍ਰੋ. ਦਿਕਸ਼ਾ ਡੋਗਰਾ, ਪ੍ਰੋ. ਹਰਿੰਦਰ ਕੌਰ, ਅਮਰੀਕ ਸਿੰਘ ਅਤੇ ਅਜਮੇਰ ਸਿੰਘ ਹਾਜ਼ਰ ਸਨ।

# ਅਕਲ ਚੰਦ ਸਿੰਘ ਦਾ ਸੇਵਾ-ਮੁਕਤੀ 'ਤੇ ਕੀਤਾ ਸਨਮਾਨ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਾਥੀ ਅਕਲ ਚੰਦ ਸਿੰਘ ਟੈਕਨੀਸ਼ੀਅਨ - 01ਪੰਜਾਬ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ, ਚੇਅਰਮੈਨ ਪੀ.ਡਬਲਯੂ.ਡੀ.ਫੀਲਡ ਐਂਡ ਵਰਕਸ਼ਾਪ ਵਰਕਰਜ ਯੂਨੀਅਨ ਜੋਨ ਜਲੰਧਰ-ਕਪੂਰਥਲਾ,ਵਿੱਤ ਸਕੱਤਰ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਦੇ ਸੇਵਾ ਮੁਕਤ ਹੋਣ 'ਤੇ ਸਨਮਾਨ ਸਮਾਰੋਹ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ, ਗੌਰਮਿੰਟ ਟੀਚਰਜ ਯੂਨੀਅਨ ਦੇ ਪ੍ਰਧਾਨ ਕਰਨੈਲ ਫਿਲੌਰ,ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਐੱਸ. ਡੀ.ਓ.ਨੂਰਮਹਿਲ ਸਾਹਿਲ ਵੜੈਚ,ਐੱਸ.ਡੀ.ਸੀ.ਮਨਦੀਪ ਕੌਰ ਗੁਰਨਾਮ ਸਿੰਘ ਕੰਦੋਲਾ, ਸਰਪੰਚ ਧਰਮ ਪਾਲ ਕੰਦੋਲਾ ਕਲਾਂ ਸਮੇਤ ਸਨਮਾਨ ਸਮਾਰੋਹ ਦੇ ਕੇਂਦਰ ਬਿੰਦੂ ਸਾਥੀ ਅਕਲ ਚੰਦ ਸਿੰਘ ਅਤੇ ਉਹਨਾਂ ਦੀ ਜੀਵਨ ਸਾਥਣ ਸ੍ਰੀਮਤੀ ਰਾਜਿੰਦਰ ਕੌਰ ਸ਼ਾਮਲ ਸਨ। ਪ.ਸ.ਸ.ਫ.ਬਲਾਕ ਨੂਰਮਹਿਲ ਦੇ ਪ੍ਰਧਾਨ ਮਨੋਜ ਕੁਮਾਰ ਸਰੋਏ ਨੇ ਬਤੌਰ ਸਟੇਜ ਸਕੱਤਰ ਦੀ ਭੂਮਿਕਾ ਨੂੰ ਬਾਖੂਬੀ ਨਿਭਾਇਆ। ਸਾਥੀ ਅਕਲ ਚੰਦ ਸਿੰਘ ਦੇ ਸਨਮਾਨ ਵਿੱਚ ਸਨਮਾਨ ਪੱਤਰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜ਼ਿਲ੍ਹਾ ਜਲੰਧਰ ਦੇ ਕਨਵੀਨਰ ਕੁਲਦੀਪ ਵਾਲੀਆ ਨੇ ਪੜ੍ਹਿਆ। ਇਸ ਸਮੇਂ 'ਤੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਸਾਥੀ ਅਕਲ ਚੰਦ ਸਿੰਘ ਵਲੋਂ ਜਿੱਥੇ ਆਪਣੀਆਂ ਵਿਭਾਗੀ ਸੇਵਾਵਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਸ਼ਲਾਘਾ ਕੀਤੀ, ਉੱਥੇ ਉਹਨਾਂ ਵਲੋਂ ਵੱਖ-ਵੱਖ ਮੁਲਾਜਮ ਅਤੇ ਜਨਤਕ ਜਥੇਬੰਦੀਆਂ ਵਿੱਚ ਪਾਏ ਵੱਡਮੁੱਲੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਅਖੀਰ ਵਿੱਚ ਰਿਸ਼ਤੇਦਾਰਾਂ, ਸੱਜਣਾਂ -ਮਿੱਤਰਾਂ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਤੋਹਫੇ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਾਥੀ ਅਕਲ ਚੰਦ ਸਿੰਘ ਦਾ ਨਿੱਘਾ ਸਨਮਾਨ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮੰਗਤ ਰਾਮ ਸਮਰਾ, ਲਖਵੀਰ ਸਿੰਘ ਅਟਵਾਲ, ਰਾਜ ਕੁਮਾਰ ਤਲਵਣ ,ਮਨਜੀਤ ਸਿੰਘ ਸਾਬਕਾ ਸਰਪੰਚ, ਸਰਤੇਜ ਸਿੰਘ ਸਾਬਕਾ ਸਰਪੰਚ ਅਤੇ ਸਮੂਹ ਜਥੇਬੰਦੀਆਂ ਦੇ ਸਾਥੀ ਹਾਜ਼ਰ ਹੋਏ।

# ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ 'ਕੋਮਲ-ਕਲਾ' ਦੇ ਤਹਿਤ ਪ੍ਰਦਰਸ਼ਨੀ ਲਗਾਈ




**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿੱਚੋਂ ਵਿਸ਼ੇਸ਼ ਅਤੇ ਉਘੇ ਕਵੀ ਭਾਈ ਨੰਦ ਲਾਲ ਜੀ ਦੇ ਨਾਂਅ 'ਤੇ ਚੱਲ ਰਹੀ ਸੰਸਥਾ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਦੀ ਸਿਰਮੌਰ ਅਤੇ ਸੀ.ਬੀ.ਐਸ.ਈ ਤੋ ਮਾਨਤਾ ਪ੍ਰਾਪਤ ਇਲਾਕੇ ਦੀ ਮੋਹਰੀ ਇੰਗਿਲਸ਼ ਮੀਡੀਅਮ ਵਿੱਦਿਅਕ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ 02 ਸਤੰਬਰ ਨੂੰ 'ਕੋਮਲ-ਕਲਾ' ਦੇ ਤਹਿਤ ਪ੍ਰਦਰਸ਼ਨੀ ਲਗਾਈ ਗਈ ਅਤੇ ਵਿਦਿਆਰਥੀਆਂ ਦੇ ਕੰਮ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੇ ਮਨਾਂ ਅੰਦਰ ਛੁਪੀਆਂ ਕਲਾਵਾਂ ਨੂੰ ਬਾਹਰ ਕੱਢਣ ਦੀ ਮਨਸ਼ਾ ਨਾਲ ਕੀਤੇ ਗਏ ਕੰਮ ਲਈ ਵਿਸ਼ੇਸ਼ ਉਪਰਾਲਾ ਕੀਤਾ। ਨਿਰੀਖਣ ਕਰਨ ਲਈ ਵਿਸ਼ੇਸ ਤੌਰ ਤੇ ਮੈਡਮ ਪ੍ਰਭਜੋਤ ਕੌਰ ਪ੍ਰੋਫੈਸਰ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਇਸ ਪ੍ਰਦਰਸ਼ਨੀ ਵਿੱਚ ਛੇਂਵੀ ਤੋਂ ਅੱਠਵੀ ਜਮਾਤ ਦਾ ਗਰੁੱਪ ਏ ਅਤੇ ਨੌਂਵੀਂ ਤੋਂ ਬਾਰਵੀਂ ਜਮਾਤ ਦਾ ਗਰੁੱਪ ਬੀ ਦੇ ਤਹਿਤ ਮੁਕਾਬਲੇ ਹੋਏ। ਛੇਂਵੀ ਤੋਂ ਅੱਠਵੀ ਜਮਾਤ ਗਰੁੱਪ ਏ ਵਿੱਚ ਪੇਂਟਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਕ੍ਰਮਵਾਰ ਦਸ਼ਮੀਤ ਕੌਰ ਛੇਂਵੀ ਜਮਾਤ ਨੇ ਪਹਿਲਾ ਸਥਾਨ, ਅਮਨਜੋਤ ਕੌਰ ਅੱਠਵੀ ਜਮਾਤ ਨੇ ਦੂਸਰਾ ਸਥਾਨ,ਇਸ਼ਮੀਤ ਸਿੰਘ ਅੱਠਵੀਂ ਜਮਾਤ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਗਰੁੱਪ ਬੀ ਵਿੱਚ ਇਸ਼ਪ੍ਰੀਤ ਕੌਰ ਗਿਆਰਵੀਂ ਜਮਾਤ ਨੇ ਪਹਿਲਾ ਸਥਾਨ, ਸਿਵਾਸ਼ੀ ਜਮਾਤ ਦੱਸਵੀਂ ਨੇ ਦੂਸਰਾ ਸਥਾਨ, ਗੁੰਜਨ ਧੀਮਾਨ ਜਮਾਤ ਬਾਰਵੀਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਗੁਰਮੰਨਤ ਕੌਰ ਅੱਠਵੀਂ ਬੀ, ਜਸ਼ਨਪ੍ਰੀਤ ਕੌਰ ਸੱਤਵੀ ਏ, ਤਨਵੀਰ ਕੌਰ ਬਾਰਵੀਂ ਬੀ ਨੇ ਹੌਸਲਾ ਅਫਜਾਈ ਇਨਾਮ ਪ੍ਰਾਪਤ ਕੀਤੇ। ਸੱਭਿਆਚਾਰਿਕ ਗਤੀਵਿਧੀਆਂ ਦੇ ਅਧੀਨ ਮਿੱਟੀ ਦੇ ਭਾਂਡਿਆਂ ਉਪਰ ਕਲਾਕਾਰੀ ਕਰਨ ਵਾਲੇ ਵਿਦਿਆਰਥੀਆਂ ਵਿੱਚੋਂ ਗਰੁੱਪ ਏ ਨੇ ਕ੍ਰਮਵਾਰ ਹਰਮਨਦੀਪ ਕੌਰ ਜਮਾਤ ਅੱਠਵੀਂ ਨੇ ਪਹਿਲਾ, ਹਰਕਮਲ ਕੌਰ ਜਮਾਤ ਅੱਠਵੀਂ ਨੇ ਦੂਸਰਾ, ਸੁਨੈਨਾ ਜਮਾਤ ਅੱਠਵੀਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਮੈਡਮ ਪ੍ਰਭਜੋਤ ਕੌਰ ਨੇ ਨਿਰੀਖਣ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਮੌਕੇ ਤੇ ਇਨਾਮ ਵੰਡ ਕੇ ਉਹਨਾਂ ਦਾ ਹੌਸਲਾ ਵਧਾਇਆ। ਇਸ ਮੌਕੇ 'ਤੇ ਪ੍ਰਿੰਸੀਪਲ ਸਤਨਾਮ ਸਿੰਘ ਨੇ ਵਿਦਿਆਰਥੀਆਂ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਅਜਿਹੇ ਪ੍ਰੋਗਰਾਮ ਉਲੀਕੇ ਜਾਣਗੇ। ਉਪਰੋਕਤ ਪ੍ਰੋਗਰਾਮ ਫਾਇਨ ਆਰਟਸ ਵਾਲੇ ਅਧਿਆਪਕ ਬੀਬੀ ਸਿਮਰਜੋਤ ਕੌਰ, ਬੀਬੀ ਜਸਪ੍ਰੀਤ ਕੌਰ ਦੀ ਨਿਗਰਾਨੀ ਵਿੱਚ ਕਰਵਾਇਆ ਗਿਆ।

4-SEP-PAGE-10.qxd 9/3/2023 8:36 PM Page 1



# ਕਲਵਾਨੂੰ ’ਚ ਪਾਵਰਕਾਮ ਦੀ ਟੀਮ ਨੂੰ ਬੰਦੀ ਬਣਾਇਆ


ਪਾਵਰਕਾਮ ਟੀਮ ਵਿਰੁਧ ਧਰਨੇ ’ਚ ਪਹੁੰਚੇ ਤਹਿਸੀਲਦਾਰ ਲਾਰਸਨ ਸਿੰਗਲਾ, ਥਾਣਾ ਮੁਖੀ ਘੱਗਾ ਅਮਨਪਾਲ ਸਿੰਘ ਵਿਰਕ ਤੇ ਥਾਣਾ ਮੁਖੀ ਪਾਤੜਾਂ ਹਰਮਨਪ੍ਰੀਤ ਸਿੰਘ ਚੀਮਾ ਤੇ ਹੋਰ।

**ਪਾਤੜਾਂ (ਨਿਸਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਕਲਵਾਨੂੰ ਵਿਖੇ ਬੀਤੇ ਸ਼ੁੱਕਰਵਾਰ ਸਵੇਰੇ ਤੜਕਸਾਰ ਪਾਵਰਕਾਮ ਪਾਤੜਾਂ ਵੱਲੋਂ ਬਿਜਲੀ ਚੋਰੀ ਫੜਨ ਲਈ ਪੂਰੇ ਲਾਮ ਲਸ਼ਕਰ ਨਾਲ ਪਿੰਡ ਵਿੱਚ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਪਾਵਰਕਾਮ ਦੀ ਟੀਮ ਵੱਲੋਂ ਕਈ ਘਰਾਂ ਵਿੱਚ ਪ੍ਰਮਾਣਿਤ ਨਾਲੋਂ ਵੱਧ ਚਲਾਏ ਜਾ ਰਹੇ ਲੋਡ ਦੇ ਨਾਲ ਨਾਲ ਅੱਧੀ ਦਰਜਨ ਦੇ ਕਰੀਬ ਘਰਾਂ ਵਿੱਚ ਬਿਜਲੀ ਚੋਰੀ ਕਰਨ ਲਈ ਲਗਾਈਆਂ ਗਈਆਂ ਵੀ ਕੁੰਡੀਆਂ ਫੜੀਆਂ। ਬਿਜਲੀ ਮੁਲਾਜ਼ਮਾਂ ਵੱਲੋਂ ਕੀਤੀ ਗਈ ਛਾਪੇਮਾਰੀ ਦਾ ਪਤਾ ਲੱਗਦਿਆਂ ਹੀ ਪਿੰਡ ਦੇ ਵੱਡੀ ਗਿਣਤੀ ਵਿੱਚ ਲੋਕ ਇਕੱਤਰ ਹੋ ਗਏ ਤੇ ਉਨ੍ਹਾਂ ਬਿਜਲੀ ਚੋਰੀ ਫੜਨ ਗਈ ਟੀਮ ਦੀ ਅਗਵਾਈ ਕਰ ਰਹੇ ਪਾਵਰਕਾਮ ਦੇ ਚਾਰ ਐੱਸ ਡੀ ਓਜ਼ ਸਮੇਤ ਸਾਰੀ ਟੀਮ ਨੂੰ ਬੰਦੀ ਬਣਾ ਲਿਆ ਤੇ ਇਸ ਦੀ ਸੂਚਨਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਅਮਰੀਕ ਸਿੰਘ ਘੱਗਾ ਨੂੰ ਦਿੱਤੀ, ਜਿਸ ਮਗਰੋਂ ਕੁਝ ਹੀ ਸਮੇਂ ਅੰਦਰ ਵੱਡੀ ਗਿਣਤੀ ਵਿੱਚ ਆਸ-ਪਾਸ ਦੇ ਪਿੰਡਾਂ ਦੇ ਕਿਸਾਨ ਪਿੰਡ ਕਲਵਾਨੂੰ ਵਿਖੇ ਪਹੁੰਚ ਕੇ ਪਾਵਰਕਾਮ ਵੱਲੋਂ ਕੀਤੀ ਜਾ ਰਹੀ ਕਾਰਵਾਈ ਦੇ ਵਿਰੋਧ ਵਿੱਚ ਧਰਨਾ ਦੇ ਕੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਮਾਮਲੇ ਦਾ ਪਤਾ ਲੱਗਦਿਆਂ ਹੀ ਪਾਵਰਕਾਮ ਅਧਿਕਾਰੀਆਂ ਦੇ ਨਾਲ-ਨਾਲ ਥਾਣਾ ਘੱਗਾ ਦੇ ਮੁਖੀ ਇੰਸਪੈਕਟਰ ਅਮਨਪਾਲ ਸਿੰਘ ਵਿਰਕ ਤੇ ਥਾਣਾ ਪਾਤੜਾਂ ਦੇ ਮੁਖੀ ਇੰਸਪੈਕਟਰ ਹਰਮਨਪ੍ਰੀਤ ਸਿੰਘ ਚੀਮਾ ਦੇ ਅਗਵਾਈ ਵਿੱਚ ਭਾਰੀ ਗਿਣਤੀ ’ਚ ਪੁਲਸ ਫੋਰਸ ਮੌਕੇ ਉੱਤੇ ਪਹੁੰਚ ਗਈ ਅਤੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਵਿਰੋਧ ਕਰ ਰਹੇ ਲੋਕ ਆਪਣੀ ਜ਼ਿੱਦ ਉੱਤੇ ਅੜੇ ਰਹੇ, ਜਿਸ ਮਗਰੋਂ ਬਾਅਦ ਦੁਪਹਿਰ ਢਾਈ ਵਜੇ ਦੇ ਕਰੀਬ ਤਹਿਸੀਲਦਾਰ ਪਾਤੜਾਂ ਲਾਰਸਨ ਸਿੰਗਲਾ ਸਿੰਗਲਾ ਵੱਲੋਂ ਮੌਕੇ ਉੱਤੇ ਪਹੁੰਚ ਕੇ ਕੀਤੀਆਂ ਗਈਆਂ ਕਸ਼ਿਸ਼ਾਂ ਦੌਰਾਨ ਦੋਵੇਂ ਧਿਰਾਂ ਵਿਚਕਾਰ ਸਮਝੌਤਾ ਸਿਰੇ ਚੜ੍ਹਿਆ। ਤਹਿਸੀਲਦਾਰ ਲਾਰਸਨ ਸਿੰਗਲਾ ਵੱਲੋਂ ਦਿੱਤੇ ਭਰੋਸੇ ਮਗਰੋਂ ਵਿਰੋਧ ਕਰ ਰਹੇ ਲੋਕਾਂ ਨੇ ਬੰਦੀ ਬਣਾਈ ਹੋਈ ਟੀਮ ਨੂੰ ਛੱਡਿਆ। ਵਿਰੋਧ ਕਰ ਰਹੇ ਲੋਕਾਂ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਅਮਰੀਕ ਸਿੰਘ ਘੱਗਾ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਪਾਵਰਕਾਮ ਵੱਲੋਂ ਬਿਜਲੀ ਚੋਰੀ ਫੜਨ ਲਈ ਕੀਤੀ ਜਾ ਰਹੀ ਕਾਰਵਾਈ ਦਾ ਕਿਸੇ ਵੀ ਤਰ੍ਹਾਂ ਵਿਰੋਧ ਨਹੀਂ ਕਰਦੀ, ਪਰ ਸਵੇਰੇ ਤੜਕਸਾਰ ਬਿਨਾਂ ਦੱਸੇ ਬਿਜਲੀ ਮੁਲਾਜ਼ਮਾਂ ਦਾ ਕੰਧਾਂ ਟੱਪ ਕੇ ਘਰਾਂ ’ਚ ਵੜਨ ਨੂੰ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪ੍ਰਸ਼ਾਸਨ ਨਾਲ ਹੋਏ ਸਮਝੌਤੇ ਸੰਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਲੋਕਾਂ ਦੀ ਮੰਗ ਮੁਤਾਬਕ ਪਾਵਰਕਾਮ ਤੇ ਪ੍ਰਸ਼ਾਸਨ ਵੱਲੋਂ ਬਹੁਤ ਘੱਟ ਜੁਰਮਾਨਾ ਪਾਏ ਜਾਣ ਦੇ ਨਾਲ ਨਾਲ ਲੋਡ ਵਧਾਉਣ ਸਬੰਧੀ ਸਹਿਮਤੀ ਬਣੀ ਹੈ। ਦੂਜੇ ਪਾਸੇ ਐੱਸ ਡੀ ਓ ਪਾਤੜਾਂ ਸ਼ਹਿਰੀ ਦਰਸ਼ਨ ਸਿੰਘ ਨੇ ਦੱਸਿਆ ਕਿ ਛਾਪੇਮਾਰੀ ਦਾ ਵਿਰੋਧ ਕਰਨ ਵਾਲੇ ਲੋਕਾਂ ਵੱਲੋਂ ਧੱਕੇਸ਼ਾਹੀ ਕੀਤੀ ਗਈ ਹੈ, ਪਰ ਪਾਵਰਕਾਮ ਵੱਲੋਂ ਬਿਜਲੀ ਚੋਰੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਜਾਰੀ ਰੱਖੀ ਜਾਵੇਗੀ।

## ਡਾ. ਦਈਆ ਨੂੰ ਜਨਮ ਦਿਨ ਮੌਕੇ ਜੌੜਾਮਾਜਰਾ ਨੇ ਦਿੱਤੀ ਮੁਬਾਰਕਬਾਦ

### ਡਾ. ਦਈਆ ਵੱਲੋਂ ਸਕੂਲ ਨੂੰ ਇਨਵਰਟਰ ਭੇਟ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਆਮ ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਵੱਲੋਂ ਆਪਣੇ ਸਮਾਜ ਸੇਵੀ ਕਾਰਜਾਂ ਦੇ ਚਲਦਿਆਂ ਆਪਣੇ ਜਨਮ ਦਿਨ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਟਿੱਬੀ ਮੁਹੱਲਾ ਵਿਖੇ ਬੱਚਿਆਂ ਨੂੰ ਗਰਮੀ ਤੋਂ ਬਚਾਉਣ ਲਈ ਇਨਵਰਟਰ ਤੇ ਬੈਟਰਾ ਭੇਟ ਕੀਤਾ ਗਿਆ ਤੇ ਆਪਣਾ ਜਨਮ ਦਿਨ ਸਕੂਲ ਦੇ ਬੱਚਿਆਂ ਨਾਲ ਮਿਲ ਕੇ ਮਨਾਇਆ। ਇਸ ਖੁਸ਼ੀ ਮੌਕੇ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ ਕੈਬਨਿਟ ਮੰਤਰੀ ਪੰਜਾਬ ਸ੍ਰ. ਚੇਤਨ ਸਿੰਘ ਜੌੜਾਮਾਜਰਾ ਵੱਲੋਂ ਕੇਕ ਕੱਟ ਕੇ ਤੇ ਸੁਰਜੀਤ ਦਈਆ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਉਨ੍ਹਾਂ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਦਈਆ ਦੇ ਧਰਮਪਤਨੀ ਸੁਰਿੰਦਰ ਕੌਰ, ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ, ਓ ਐੱਸ ਡੀ ਗੁਲਜਾਰ ਸਿੰਘ ਵਿਰਕ, ਗੋਪਾਲ ਕ੍ਰਿਸ਼ਨ ਗਰਗ, ਕੁਲਬੀਰ ਸਿੰਗਲਾ, ਕੁਲਬੀਰ ਨਮਾਦਾਂ, ਸੰਜੇ ਸਿੰਗਲਾ, ਹੇਮਰਾਜ ਚੁਪਕੀ ਆਦਿ ਤੋਂ ਇਲਾਵਾ ਸਕੂਲ ਅਧਿਆਪਕ ਤੇ ਬੱਚੇ ਹਾਜ਼ਰ ਸਨ।

# ਅਧਿਆਪਕਾ ਨੇ ਕਲਾਸਰੂਮ ’ਚ ਫਾਹਾ ਲੈ ਕੇ ਕੀਤੀ ਆਤਮ ਹੱਤਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਪੰਜਗਰਾਈਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਸ਼ਨੀਵਾਰ ਉਸ ਸਮੇਂ ਚੀਕ ਚਿਹਾੜਾ ਮਚ ਗਿਆ, ਜਦੋਂ ਸਕੂਲ ਅਧਿਆਪਕਾ ਸਿਮਰਨਜੀਤ ਕੌਰ (22) ਵਾਸੀ ਟਾਂਡਾ ਕੁਸ਼ਲ ਸਿੰਘ ਨੇ ਕਲਾਸਰੂਮ ਵਿੱਚ ਹੀ ਗਲ ਫਾਹਾ ਲੈ ਕੇ ਆਤਮ-ਹੱਤਿਆ ਕਰ ਲਈ। ਮ੍ਰਿਤਕ ਲੜਕੀ ਦੇ ਪਿਤਾ ਮੋਹਣ ਸਿੰਘ ਨੇ ਦੱਸਿਆ ਕਿ ਸਿਮਰਨਜੀਤ ਕੌਰ ਨੇ ਈ.ਟੀ.ਟੀ. ਦਾ ਕੋਰਸ ਕੀਤਾ ਹੋਇਆ ਸੀ ਤੇ ਉਹ ਪਿਛਲੇ ਇੱਕ ਸਾਲ ਤੋਂ ਨੇੜਲੇ ਪਿੰਡ ਪੰਜ ਗਰਾਈਆਂ ਵਿਖੇ ਸਰਕਾਰੀ ਸਕੂਲ ਵਿੱਚ ਪ੍ਰਾਈਵੇਟ ਤੌਰ ’ਤੇ ਅਧਿਆਪਕਾ ਵਜੋਂ ਡਿਊਟੀ ਨਿਭਾਅ ਰਹੀ ਸੀ। ਉਨ੍ਹਾ ਦੱਸਿਆ ਕਿ ਲੜਕੀ ਬਹੁਤ ਹੋਣਹਾਰ ਸੀ, ਜੋ ਕਿ ਡਿਊਟੀ ਦੇ ਨਾਲ-ਨਾਲ ਬੀ. ਏ. ਦੀ ਪੜ੍ਹਾਈ ਵੀ ਕਰ ਰਹੀ ਸੀ, ਪਰ ਅਚਾਨਕ ਉਸ ਨੇ ਆਤਮ-ਹੱਤਿਆ ਵਰਗਾ ਕਦਮ ਕਿਉਂ ਚੁੱਕਿਆ, ਉਸ ਤੋਂ ਬੜੇ ਹੈਰਾਨ ਹਨ। ਜਾਣਕਾਰੀ ਅਨੁਸਾਰ ਪੰਜ ਗਰਾਈਆਂ ਸਕੂਲ ਵਿੱਚ 2 ਵਜੇ ਛੁੱਟੀ ਹੋਈ ਤੇ ਬੱਚੇ ਆਪਣੇ ਘਰਾਂ ਨੂੰ ਪਰਤ ਰਹੇ ਸਨ ਕਿ ਇਸ ਦੌਰਾਨ ਖਾਲੀ ਹੋਏ ਕਲਾਸਰੂਮ ਵਿੱਚ ਅਧਿਆਪਕਾ ਸਿਮਰਨਜੀਤ ਕੌਰ ਗਈ, ਜਿਸ ਨੇ ਆਪਣੀ ਚੁੰਨੀ ਨਾਲ ਛੱਤ ’ਤੇ ਲੱਗੇ ਪੱਖੇ ਨਾਲ ਗਲ ਫਾਹਾ ਬਣਾ ਕੇ ਆਤਮ-ਹੱਤਿਆ ਕਰ ਲਈ। ਸਕੂਲ ਵਿੱਚ ਬੱਚਿਆਂ ਨੂੰ ਲੈਣ ਆਏ ਇੱਕ ਵਿਅਕਤੀ ਨੇ ਜਦੋਂ ਕਲਾਸਰੂਮ ਵਿੱਚ ਸਿਮਰਨਜੀਤ ਕੌਰ ਨੂੰ ਪੱਖੇ ਨਾਲ ਲਟਕਦੇ ਦੇਖਿਆ ਤਾਂ ਉਸ ਨੇ ਤੁਰੰਤ ਰੌਲਾ ਪਾਇਆ ਤਾਂ ਇਸ ਦੌਰਾਨ ਸਕੂਲ ਵਿੱਚ ਮੌਜੂਦ ਪ੍ਰਿੰਸੀਪਲ ਤੇ ਹੋਰ ਸਟਾਫ਼ ਵੀ ਭੱਜੇ ਆਏ, ਜਿਨ੍ਹਾਂ ਨੇ ਅਧਿਆਪਕਾ ਨੂੰ ਗਲ ਫਾਹੇ ਤੋਂ ਹੇਠਾਂ ਉਤਾਰਿਆ, ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਡੀ ਐੱਸ ਪੀ ਸਮਰਾਲਾ ਜਸਪਿੰਦਰ ਸਿੰਘ, ਥਾਣਾ ਮੁਖੀ ਸੰਤੋਖ ਸਿੰਘ ਵੀ ਮੌਕੇ ’ਤੇ ਪੁੱਜੇ, ਜਿਨ੍ਹਾਂ ਨੇ ਪਰਿਵਾਰਕ ਮੈਂਬਰਾਂ ਤੋਂ ਪੁੱਛਗਿੱਛ ਕੀਤੀ, ਪਰ ਅਜੇ ਤੱਕ ਅਧਿਆਪਕਾ ਵੱਲੋਂ ਆਤਮ-ਹੱਤਿਆ ਦੇ ਕਾਰਨਾਂ ਦਾ ਸਪੱਸ਼ਟ ਪਤਾ ਨਹੀਂ ਲੱਗ ਸਕਿਆ। ਪੁਲਸ ਵੱਲੋਂ ਮ੍ਰਿਤਕ ਅਧਿਆਪਕਾ ਦਾ ਮੋਬਾਇਲ ਆਪਣੇ ਕਬਜ਼ੇ ’ਚ ਲੈ ਲਿਆ ਹੈ, ਜਿਸ ਤੋਂ ਕੁਝ ਜਾਣਕਾਰੀ ਮਿਲਣ ਦੀ ਸੰਭਾਵਨਾ ਹੈ। ਫਿਲਹਾਲ ਪੁਲਸ ਵੱਲੋਂ ਲਾਸ਼ ਕਬਜ਼ੇ ’ਚ ਕਰ ਪੋਸਟ ਮਾਰਟਮ ਲਈ ਭਿਜਵਾ ਦਿੱਤੀ ਹੈ ਤੇ ਸਾਰੇ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

## ਕਾਤਰਾਂ

### ਵਿਧਾਇਕਾਂ ਦੇ ਘਰਾਂ ਮੂਹਰੇ ਧਰਨੇ ਅੱਜ

**ਮੋਗਾ (ਅਮਰਜੀਤ ਬੱਬਰੀ)**-ਆਲ ਇੰਡੀਆ ਆਂਗਨਵਾੜੀ ਵਰਕਰ/ਹੈਲਪਰ ਯੂਨੀਅਨ ਏਕਟ ਦੀ ਮੀਟਿੰਗ ਸ਼ਹੀਦ ਨੱਛਤਰ ਸਿੰਘ ਭਵਨ ਵਿਖੇ ਵਿੱਤ ਸਕੱਤਰ ਗੁਰਚਰਨ ਕੌਰ ਤੇ ਗੁਰਪ੍ਰੀਤ ਕੌਰ ਚੁਗਾਵਾਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਆਗੂਆਂ ਨੇ ਕਿਹਾ ਕਿ ਸੱਤਾ ’ਚ ਆਉਣ ਤੋਂ ਪਹਿਲਾਂ ਮਾਨ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਬੱਚਿਆਂ ਨੂੰ ਵਾਪਸ ਭੇਜਿਆ ਜਾਵੇਗਾ ਤੇ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ। ਅਸੀਂ ਸਿਸਟਮ ਨੂੰ ਠੀਕ ਹੋਣ ਦੀ ਉਡੀਕ ਕਰਦੇ ਰਹੇ, ਪਰ ਰੱਖੜੀ ਦੇ ਤਿਉਹਾਰ ਦਾ ਤੋਹਫਾ ਆਂਗਣਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਸਰਕਾਰ ਨੇ ਆਪਣੀ ਨਲਾਇਕੀ ਨੂੰ ਜ਼ਾਹਰ ਕੀਤਾ, ਜਦ ਕਿ ਇਹ ਪਹਿਲਾਂ ਹੀ ਖਾਲੀ ਪਈਆਂ ਸੀਟਾਂ ਨੂੰ ਪੁਰ ਕੀਤਾ ਗਿਆ ਹੈ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਸਾਨੂੰ ਆਸ ਸੀ ਕਿ ਮਾਨਯੋਗ ਸੀ ਐੱਮ ਸਾਹਿਬ ਮਾਣ ਭੱਤਾ ਦੁੱਗਣਾ ਕਰਕੇ ਆਂਗਣਵਾੜੀ ਵਰਕਰ/ਹੈਲਪਲ ਨੂੰ ਰੱਖੜੀ ਦੀ ਸੌਗਾਤ ਦੇਣਗੇ ਨਾ ਕਿ ਸਟੇਜ ’ਤੇ ਇੱਕ ਭੈਣ ਦਾ ਹੀ ਮਾਣ ਕਰਕੇ ਚੁੱਪ ਕਰ ਜਾਣਗੇ। ਇਸ ਤਰ੍ਹਾਂ ਕਰਕੇ ਸਰਕਾਰ ਨੇ ਆਂਗਣਵਾੜੀ ਵਰਕਰਾਂ/ਹੈਲਪਰਾਂ ਦਾ ਅਪਮਾਨ ਕੀਤਾ ਹੈ। ਆਗੂਆਂ ਨੇ ਕਿਹਾ 4 ਸਤੰਬਰ ਨੂੰ ਮੋਗਾ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ ਦੇ ਐੱਮ ਐੱਲ ਏ ਦੇ ਘਰਾਂ ਅੱਗੇ ਧਰਨੇ ਦੇ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਦਾ ਬਿਗਲ ਵਜਾਇਆ ਜਾਵੇਗਾ।

### ਭਾਰਤ ਕਾਲਜ ਆਫ਼ ਐਜੂਕੇਸ਼ਨ ਦਾ ਨਤੀਜਾ ਸ਼ਾਨਦਾਰ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਭਾਰਤ ਕਾਲਜ ਆਫ਼ ਐਜੂਕੇਸ਼ਨ, ਜੋ ਕਿ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ ਅਧੀਨ ਸਰਦੂਲਗੜ੍ਹ ਦੇ ਪਿਛੜੇ ਖੇਤਰ ਵਿੱਚ ਸਫ਼ਲਤਾ ਪੂਰਵਕ ਆਪਣੀਆਂ ਸੇਵਾਵਾਂ ਨਿਭਾਅ ਰਿਹਾ ਹੈ, ਦਾ ਇਸ ਸਾਲ ਈਟੀਟੀ ਸੈਸ਼ਨ 2020-22 ਦਾ ਨਤੀਜਾ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ 100 ਫ਼ੀਸਦੀ ਤੇ ਸ਼ਾਨਦਾਰ ਰਿਹਾ। ਇਸ ਦੌਰਾਨ ਰੇਨੂੰ ਜੈਨ ਨੇ 822 ਅੰਕ ਲੈ ਕੇ ਪਹਿਲਾ, ਸੰਦੀਪ ਕੌਰ ਨੇ 818 ਅੰਕ ਲੈ ਕੇ ਦੂਸਰਾ ਤੇ ਸੁਮਨ ਰਾਣੀ ਨੇ 792 ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਗਿਤੇਸ਼ ਗੋਗਾ ਨੇ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜਕੱਲ੍ਹ ਦੇ ਕੰਪੀਟਿਸ਼ਨ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਵੱਖ-ਵੱਖ ਸਿੱਖਿਅਕ ਗਤੀਵਿਧੀਆਂ, ਸੱਭਿਆਚਾਰਕ ਪ੍ਰੋਗਰਾਮ, ਖੇਡ ਮੁਕਾਬਲੇ ਆਦਿ ਵਿੱਚ ਵੀ ਭਾਗ ਲੈਣਾ ਚਾਹੀਦਾ ਹੈ। ਇਸ ਮੌਕੇ ਮੈਨੇਜਮੈਂਟ ਕਮੇਟੀ ਦੇ ਸੀ.ਈ.ਓ. ਰਾਜੇਸ਼ ਗਰਗ, ਐਡਮਿਸ਼ਨ ਡਾਇਰੈਕਟਰ ਮੋਹਿਤ ਜੈਨ ਤੇ ਪ੍ਰਿੰਸੀਪਲ ਗਿਤੇਸ਼ ਗੋਗਾ ਨੇ ਵੱਖੋ-ਵੱਖ ਵਿਭਾਗਾਂ ਦੇ ਮੁਖੀਆਂ ਸਮੇਤ ਸਮੂਹ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

### ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਪੰਜ ਮੈਂਬਰ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਪੁਲਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਪੰਜ ਮੈਂਬਰਾਂ ਨੂੰ ਪਿਸਟਲ ਤੇ ਹੋਰ ਤੇਜ਼ ਹਥਿਆਰਾਂ ਸਣੇ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰਹਿੰਦ ਦੇ ਹਰਬੰਸਪੁਰਾ ਟੀ-ਪੁਆਇੰਟ ਨਜ਼ਦੀਕ ਪੁਲਸ ਪਾਰਟੀ ਸਮੇਤ ਗਸ਼ਤ ਕਰ ਰਹੇ ਐੱਸ.ਐੱਚ.ਓ. ਥਾਣਾ ਸਰਹਿੰਦ ਸਬ-ਇੰਸਪੈਕਟਰ ਨਰਪਿੰਦਰ ਪਾਲ ਸਿੰਘ ਨੂੰ ਮੁਖਬਰੀ ਮਿਲੀ ਕਿ ਲੁੱਟਾਂ ਖੋਹਾਂ ਕਰਨ ਦੇ ਕਥਿਤ ਆਦੀ ਮਨਦੀਪ ਸਿੰਘ ਉਰਫ ਮਨੀ ਵਾਸੀ ਪਿੰਡ ਰੁਪਾਲਹੇੜੀ, ਮਨਦੀਪ ਸਿੰਘ ਉਰਫ ਬੱਬੂ ਵਾਸੀ ਪਿੰਡ ਮਹਿਦੂਦਾਂ, ਅਰਵਿੰਦਰ ਸਿੰਘ ਵਾਸੀ ਪਿੰਡ ਕਮਾਲੀ, ਦਿਲਵਰ ਖਾਨ ਵਾਸੀ ਪਿੰਡ ਖਰੋੜਾ, ਰਛਪਾਲ ਸਿੰਘ, ਗੁਰਬਚਨ ਸਿੰਘ ਉਰਫ ਮੋਤੀ ਤੇ ਸਿਮਰਨਜੋਤ ਸਿੰਘ ਉਰਫ ਸਿੰਮਾ ਵਾਸੀਆਨ ਪਿੰਡ ਪਮੌਰ ਪਿੰਡ ਮਾਧੋਪੁਰ ਦੇ ਸ਼ਮਸ਼ਾਨਘਾਟ ’ਚ ਹਥਿਆਰਾਂ ਨਾਲ ਲੈਸ ਹੋ ਕੇ ਲੁੱਟ-ਖੋਹ ਦੀ ਯੋਜਨਾ ਬਣਾ ਰਹੇ ਹਨ। ਮੁਖਬਰ ਨੇ ਦੱਸਿਆ ਕਿ ਉਕਤ ਵਿਅਕਤੀ ਸਰਹਿੰਦ ਸ਼ਹਿਰ ਵਿੱਚ ਲੁੱਟ ਦੀ ਵੱਡੀ ਵਾਰਦਾਤ ਨੂੰ ਅੰਜ਼ਾਮ ਦੇਣਾ ਚਾਹੁੰਦੇ ਹਨ, ਜਿਨ੍ਹਾਂ ਨੂੰ ਹੁਣੇ ਛਾਪੇਮਾਰੀ ਕਰਕੇ ਕਾਬੂ ਕੀਤਾ ਜਾ ਸਕਦਾ ਹੈ, ਜਿਸ ਉਪਰੰਤ ਪੁਲਸ ਪਾਰਟੀ ਵੱਲੋਂ ਛਾਪੇਮਾਰੀ ਕਰਦੇ ਹੋਏ ਉਪਰੋਕਤ ਪੰਜੇ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਿਨ੍ਹਾਂ ਦੇ ਕਬਜ਼ੇ ’ਚੋਂ ਇੱਕ ਦੇਸੀ ਪਿਸਟਲ ਸਮੇਤ 6 ਜ਼ਿੰਦਾ ਕਾਰਤੂਸ, ਦੋ ਕਿਰਪਾਨਾਂ ਤੇ ਦੋ ਲੋਹਾ ਰਾਡਾਂ ਬਰਾਮਦ ਹੋਈਆਂ।

## ਹਾਰਵਰਡ ਸਕੂਲ ਦੀ ਖੋ-ਖੋ ਟੀਮ ਜ਼ੋਨ ਪੱਧਰੀ ਮੁਕਾਬਲੇ ’ਚ ਅੱਵਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀ: ਸੈਕੰ: ਸਕੂਲ ਦੀ ਦੀ ਖੋ-ਖੋ ਟੀਮ ਅੰਡਰ-19 ਤੇ ਅੰਡਰ-14 ਨੇ ਜ਼ੋਨ ਪੱਧਰੀ ਮੁਕਾਬਲਿਆਂ ’ਚ ਪਹਿਲਾ ਸਥਾਨ ਹਾਸਲ ਕੀਤਾ। ਇਹ ਮੁਕਾਬਲਾ ਕੋਟਲਾ ਮਹਿਰ ਸਿੰਘ ਵਾਲਾ ਵਿਖੇ ਹੋਇਆ, ਜਿੱਥੇ ਵਿਦਿਆਰਥੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਜ਼ਿਕਰਯੋਗ ਹੈ ਕਿ ਖੋ-ਖੋ ਦੀ ਟੀਮ ਲੰਮੇ ਸਮੇਂ ਤੋਂ ਸਕੂਲ ਦੇ ਡੀ ਪੀ ਸੰਜੀਵ ਕੁਮਾਰ ਦੀ ਅਗਵਾਈ ਵਿੱਚ ਚੰਗਾ ਪ੍ਰਦਰਸ਼ਨ ਕਰਦੀ ਆ ਰਹੀ ਹੈ। ਇਸ ਸਮੇਂ ਸਕੂਲ ਦੇ ਚੇਅਰਮੈਨ ਨਵਦੀਪ ਸਿੰਘ ਬਰਾੜ ਤੇ ਪ੍ਰਿੰਸੀਪਲ ਮੈਡਮ ਅਨੀਲਾ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਸ਼ਾਨਦਾਰ ਪ੍ਰਦਰਸ਼ਨ ਕਰਨ ਦੀ ਪ੍ਰੇਰਨਾ ਦਿੱਤੀ। ਇਸ ਸਮੇਂ ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਸ਼ਾਮਲ ਸੀ।

## ਨਸ਼ਾ ਮੁਕਤੀ ਮੁਹਿੰਮ

## ਸਾਂਝੀ ਐਕਸ਼ਨ ਕਮੇਟੀ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੇ ਰੌਅ ’ਚ

### ਪੱਕੇ ਧਰਨੇ ’ਚ ਡਿਊਟੀਆਂ ਲਈ ਰੱਖੀ ਮੀਟਿੰਗ ’ਚ ਕੀਤਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਨਸ਼ਾ ਬੰਦੀ ਲਈ ਮਾਨਸ਼ਾ ਵਿਖੇ ਚੱਲ ਰਹੀ ਮੁਹਿੰਮ ਆਰ-ਪਾਰ ਦੀ ਲੜਾਈ ਵਿੱਚ ਪੁੱਜ ਗਈ ਹੈ।

ਪਹਿਲੀ ਸਤੰਬਰ ਤੋਂ ਜ਼ਿਲ੍ਹੇ ਦੇ ਤਿੰਨਾਂ ਵਿਧਾਇਕਾਂ ਦੇ ਘਰ ਘੇਰਨ ਦੇ ਕੀਤੇ ਐਲਾਨ ਬਾਅਦ ਹੋਰ ਤਿੱਖੀ ਹੋਈ ਮੁਹਿੰਮ ਦਾ ਸੇਕ ਜ਼ਿਲ੍ਹਾ ਪ੍ਰਸ਼ਾਸਨ ਤੇ ਰਾਜ ਕਰਦੀ ਪਾਰਟੀ ਦੇ ਮੁਖੀ ਤੱਕ ਜਾ ਪੁੱਜਾ ਹੈ। ਆਮ ਆਦਮੀ ਪਾਰਟੀ ਦੇ ਕਾਰਜਕਾਰੀ ਸੂਬਾ ਪ੍ਰਧਾਨ ਤੇ ਵਿਧਾਇਕ ਬੁੱਧ ਰਾਮ ਸਮੇਤ ਵਿਧਾਇਕ ਗੁਰਪ੍ਰੀਤ ਸਿੰਘ ਬਣਾਵਾਲੀ ਨੇ ਪੱਕੇ ਧਰਨੇ ਵਿੱਚ ਆ ਕੇ ਜਨਤਕ ਤੌਰ ’ਤੇ ਮੰਗਲਵਾਰ ਤੱਕ ਮਸਲਾ ਹੱਲ ਕਰਨ ਦਾ ਵਿਸ਼ਵਾਸ ਦਿਵਾਇਆ, ਪਰ ਮੋਰਚੇ ’ਚ ਸ਼ਾਮਲ ਜਥੇਬੰਦੀਆਂ ਨੇ ਮਸਲਾ ਹੱਲ ਹੋਣ ਬਾਅਦ ਹੀ ਯਕੀਨ ਕਰਨ ਦੀ ਗੱਲ ਕਹੀ। ਬਾਬਾ ਬੂਝਾ ਸਿੰਘ ਭਵਨ ਵਿਖੇ ਮੈਡੀਕਲ ਪ੍ਰੈਕਟੀਸ਼ਨਰ ਜਥੇਬੰਦੀ ਦੇ ਸੂਬਾ ਪ੍ਰਧਾਨ ਧੰਨ ਮੱਲ ਗੋਇਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਨ ਸਰਬਸੰਮਤੀ ਨਾਲ ਫੈਸਲੇ ਕਰਦਿਆਂ ਸਾਂਝੀ ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਜੇਕਰ ਮੰਗਲਵਾਰ ਨੂੰ ਵੀ ਸਰਕਾਰ ਵਾਰ ਵਾਰ ਵਾਅਦਿਆਂ ਤੋਂ ਮੁਕਰਨ ਵਾਲੀ ਆਦਤ ਕਾਇਮ ਰੱਖਦੀ ਹੈ ਤਾਂ ਬੁੱਧਵਾਰ ਤੱਕ ਹੰਗਾਮੀ ਮੀਟਿੰਗ ਰੱਖ ਕੇ ਹੋਰ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਦੇ ਨਾਲ ਨਾਲ ਬਾਕੀ ਦੋਵੇਂ ਵਿਧਾਇਕਾਂ ਦੇ ਘਰਾਂ ਅੱਗੇ ਵੀ ਪੱਕੇ ਮੋਰਚੇ ਗੱਡ ਦਿੱਤੇ ਜਾਣਗੇ।

ਜੇਕਰ ਪਰਮਿੰਦਰ ਝੋਟੇ ਦੀ ਰਿਹਾਈ ਤੇ ਨਸ਼ਾ ਬੰਦੀ ’ਚ ਸਰਕਾਰ ਨੇ ਕੋਈ ਹੋਰ ਦੇਰੀ ਕੀਤੀ ਤਾਂ ਮੋਰਚੇ ਦਾ ਰੁਖ ਹੋਰ ਤਿੱਖਾ ਹੋ ਸਕਦਾ ਹੈ। ਇਸ ਮੌਕੇ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਗੁਰਜੰਟ ਸਿੰਘ, ਅਮਰੀਕ ਸਿੰਘ, ਬੋਘ ਸਿੰਘ, ਪ੍ਰਸ਼ੋਤਮ ਸਿੰਘ, ਦਰਸ਼ਨ ਸਿੰਘ, ਕ੍ਰਿਸ਼ਨ ਚੌਹਾਨ, ਗਗਨ ਸ਼ਰਮਾ, ਅਮਨ ਪਟਵਾਰੀ, ਬਲਵਿੰਦਰ ਕੌਰ, ਮਹਿੰਦਰ ਸਿੰਘ ਭੈਣੀ, ਗੁਰਸੇਵਕ ਸਿੰਘ ਜਵਾਹਰਕੇ ਸਮੇਤ ਸਮੂਹ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ।

## ਬਹਿਲੋਲਪੁਰ ਸਕੂਲ ਦੇ ਬੱਚਿਆਂ ਨੇ ਬਲਾਕ ਪੱਧਰੀ ਖੇਡਾਂ ’ਚ ਮੈਡਲ ਜਿੱਤੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਬਹਿਲੋਲਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਪਿੰਡ ਮੁਸ਼ਕਾਬਾਦ ਵਿਖੇ ਕਰਵਾਈਆਂ ਬਲਾਕ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਕੁਸ਼ਤੀ ਮੁਕਾਬਲਿਆਂ ਵਿੱਚ ਅਰਸ਼ ਅਲੀ, ਇਮਰਾਨ ਖਾਨ, ਅਰਸ਼ਾਦ ਅਲੀ, ਅਰਜਨ, ਮੁਹੰਮਦ ਸਾਹਿਲ, ਅਸ਼ਰਫ ਨੇ ਪਹਿਲੇ ਸਥਾਨ ਪ੍ਰਾਪਤ ਕਰ ਗੋਲਡ ਮੈਡਲ ਜਿੱਤੇ। ਸਕੂਲ ਪ੍ਰਿੰਸੀਪਲ ਕਿਰਨਦੀਪ ਕੌਰ, ਲੈਕਚਰਾਰ ਮੈਡਮ ਕਿਰਪਾਲ ਕੌਰ, ਮਨਪ੍ਰੀਤ ਕੌਰ, ਨਵਨੀਤ ਕੌਰ, ਮੰਜੂ ਬਾਲਾ, ਕਰਨਬੀਰ ਕੌਰ, ਪੀ.ਟੀ.ਆਈ. ਅਧਿਆਪਕ ਜਗਦੀਸ਼ ਕੌਰ, ਪਵਨਪ੍ਰੀਤ ਕੌਰ, ਜਸਪ੍ਰੀਤ ਕੌਰ ਵੱਲੋਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਮੌਕੇ ਸਕੂਲ ਕਮੇਟੀ ਦੇ ਚੇਅਰਮੈਨ ਸੰਜੀਵ ਕਾਲੜਾ, ਲਖਵੀਰ ਸਿੰਘ, ਕੁਲਦੀਪ ਸਿੰਘ ਤੇ ਬੂਟਾ ਸਿੰਘ ਆਦਿ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਦੇ ਕਾਮਰਸ ਵਿਭਾਗ ਵੱਲੋਂ ਫਰੈਸ਼ਰ ਪਾਰਟੀ

### ■ ਗੁਰਜੀਤ ਸਿੰਘ ਬਣੇ ਮਿਸਟਰ ਫਰੈਸ਼ਰ ਤੇ ਪ੍ਰਨੀਤ ਕੌਰ ਬਣੀ ਮਿਸ ਫਰੈਸ਼ਰ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਕਾਮਰਸ ਵਿਭਾਗ ਵੱਲੋਂ ਵਿਭਾਗ ਵਿੱਚ ਦਾਖਲ ਹੋਏ ਐੱਮ. ਕਾਮ. ਭਾਗ ਪਹਿਲਾ ਦੇ ਨਵੇਂ ਵਿਦਿਆਰਥੀਆਂ ਲਈ ਫਰੈਸ਼ਰ ਪਾਰਟੀ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਦਿਆਰਥੀਆਂ ਨੂੰ ਸ਼ੁਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਵਿਦਿਆਰਥੀ ਜੀਵਨ ਦੌਰਾਨ ਸਖ਼ਤ ਮਿਹਨਤ, ਇਮਾਨਦਾਰੀ ਤੇ ਸੱਚੀ ਲਗਨ ਨਾਲ ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਣਾ ਚਾਹੀਦਾ ਹੈ।

ਕਾਮਰਸ ਵਿਭਾਗ ਦੇ ਮੁਖੀ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਕਾਲਜ ਦੀਆਂ ਅਕਾਦਮਿਕ ਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਤੇ ਕਾਲਜ ਦੇ ਨਿਯਮਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਐੱਮ. ਕਾਮ. ਭਾਗ ਪਹਿਲਾ ਦੇ ਪੰਜ ਹੋਣਹਾਰ ਵਿਦਿਆਰਥੀਆਂ ਗੁਰਜੀਤ ਸਿੰਘ, ਪਵਨਦੀਪ ਕੌਰ, ਹੁਸਨਪ੍ਰੀਤ ਕੌਰ, ਪ੍ਰਨੀਤ ਕੌਰ ਤੇ ਮਨੀ ਸਿੰਗਲਾ ਨੇ ਬੇਮਿਸਾਲ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਵਿਭਾਗ ਦੇ ਗੁਰਜੀਤ ਸਿੰਘ ਨੂੰ ਮਿਸਟਰ ਫਰੈਸ਼ਰ ਤੇ ਪ੍ਰਨੀਤ ਕੌਰ ਨੂੰ ਮਿਸ ਫਰੈਸ਼ਰ ਐਲਾਨਿਆ ਗਿਆ। ਜੱਜ ਸਾਹਿਬਾਨ ਦੀ ਭੂਮਿਕਾ ਐੱਮ. ਕਾਮ. ਭਾਗ ਦੂਸਰਾ ਦੀਆਂ ਵਿਦਿਆਰਥਣਾਂ ਅਮਨਪ੍ਰੀਤ ਕੌਰ ਤੇ ਲਵਨੀਤ ਕੌਰ ਨੇ ਨਿਭਾਈ। ਕਾਮਰਸ ਐਸੋਸੀਏਸ਼ਨ ਦੀ ਪ੍ਰਧਾਨ ਕਵਿਤਾ ਨੇ ਸਮੁੱਚੇ ਪ੍ਰਬੰਧਾਂ ਦੀ ਦੇਖ-ਰੇਖ ਕੀਤੀ। ਇਸ ਮੌਕੇ ਕਾਮਰਸ ਵਿਭਾਗ ਦੇ ਪ੍ਰੋ. ਮੁਹੰਮਦ ਅਨਵਰ, ਡਾ. ਹਰਜੀਤ ਕੌਰ, ਪ੍ਰੋ. ਰਵਿੰਦਰ ਕੌਰ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਰਣਦੀਪ ਕੌਰ ਤੋਂ ਇਲਾਵਾ ਹੋਰ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

# ਅੱਖਾਂ ਦੇ ਦਾਨ ਸੰਬੰਧੀ ਲੋਕਾਂ ਨੂੰ ਕੀਤਾ ਜਾਗਰੂਕ



**ਕੋਟ ਈਸੇ ਖਾਂ (ਅਰੋੜਾ)**-ਕਮਿਊਨਿਟੀ ਹੈਲਥ ਸੈਂਟਰ ਕੋਟ ਈਸੇ ਖਾਂ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਸੰਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਖਾਂ ਦੇ ਮਾਹਰ ਡਾ. ਮਨਿੰਦਰ ਬਾਵਾ ਵੱਲੋਂ ਲੋਕਾਂ ਨੂੰ ਅੱਖਾਂ ਦੇ ਦਾਨ ਸੰਬੰਧੀ ਲਗਾਏ ਪੰਦਰਵਾੜੇ ਦੌਰਾਨ ਜਾਗਰੂਕ ਕੀਤਾ ਗਿਆ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ 25 ਅਗਸਤ ਤੋਂ 8 ਸਤੰਬਰ ਤੱਕ 37ਵਾਂ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਖਾਂ ਦਾ ਦਾਨ ਕਰਕੇ ਅਸੀਂ ਕਿਸੇ ਦੀ ਜ਼ਿੰਦਗੀ ਵਿੱਚ ਉਜਾਲਾ ਕਰ ਸਕਦੇ ਹਾਂ। ਮਰਨ ਤੋਂ ਕੁਝ ਸਮੇਂ ਤੱਕ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ ਹਨ। ਮੈਡੀਕਲ ਸਿੱਖਿਆ ਤੇ ਖੋਜ ਦੇ ਖੇਤਰ ਵਿੱਚ ਹੋਈ ਬੇਤਹਾਸ਼ਾ ਤਰੱਕੀ ਕਾਰਨ ਅੱਜ ਇਹ ਸੰਭਵ ਹੋ ਸਕਿਆ ਹੈ ਕਿ ਅਸੀਂ ਆਪਣੇ ਕੁਝ ਸਰੀਰਕ ਅੰਗਾਂ ਦਾ ਦਾਨ ਕਰਕੇ ਜਾਂ ਖੂਨ ਦਾਨ ਜਿਹੇ ਨੇਕ ਸੇਵਾ ਕਾਰਜ ਨਾਲ ਕਿਸੇ ਨੂੰ ਜੀਵਨ ਦਾਨ ਦੇ ਸਕਦੇ ਹਾਂ ਤੇ ਕਿਸੇ ਦੇ ਜੀਵਨ ਵਿੱਚ ਖੁਸ਼ੀਆਂ ਭਰ ਸਕਦੇ ਹਾਂ। ਅੰਗ-ਦਾਨਾਂ ਵਿੱਚੋਂ ਹੀ ਇੱਕ ਹੈ ਅੱਖਾਂ ਦਾ ਦਾਨ, ਜੋ ਕਿਸੇ ਦ੍ਰਿਸ਼ਟੀਹੀਣ ਦੇ ਜੀਵਨ ਦੇ ਹਨੇਰੇ ਵਿੱਚ ਚਾਨਣ ਦੀ ਛਿੱਟ ਲਿਆ ਸਕਦਾ ਹੈ। ਇਸ ਮੌਕੇ ਓਪਥੈਲਮਿਕ ਅਫਸਰ ਕੇਵਲ ਕ੍ਰਿਸ਼ਨ ਨੇ ਕਿਹਾ ਕਿ ਸਾਡੀਆਂ ਦਾਨ ਕੀਤੀਆਂ ਅੱਖਾਂ ਮੌਤ ਉਪਰੰਤ ਵੀ ਜੀਵਤ ਰਹਿ ਕੇ ਕਿਸੇ ਦੀ ਹਨੇਰੀ ਦੁਨੀਆ ਵਿੱਚ ਉਜਾਲਾ ਕਰ ਸਕਦੀਆਂ ਹਨ, ਜੇ ਅਸੀਂ ਇਸ ਖੂਬਸੂਰਤ ਜ਼ਿੰਦਗੀ ਨੂੰ ਬਿਨਾਂ ਅੱਖਾਂ ਦੀ ਨਜ਼ਰ ਤੋਂ ਜਿਉਣ ਬਾਰੇ ਸੋਚੀਏ ਤਾਂ ਸਾਡੇ ਅੱਗੇ ਹਨੇਰਾ ਜਿਹਾ ਜਾਪਣ ਲੱਗਦਾ ਹੈ ਤੇ ਅਜੀਬ ਜਿਹੀ ਘਬਰਾਹਟ ਵੀ ਹੋਣ ਲੱਗਦੀ ਹੈ।

ਇਸ ਤਰ੍ਹਾਂ ਅਸੀਂ ਕਈਆਂ ਦੀ ਹਨੇਰੀ ਜ਼ਿੰਦਗੀ ਨੂੰ ਰੁਸ਼ਨਾ ਸਕਦੇ ਹਾਂ। ਇਸ ਮੌਕੇ ਡਾ. ਸਮਰਪ੍ਰੀਤ ਕੌਰ ਸੋਢੀ, ਡਾ. ਸਿਮਰਨਜੀਤ ਸਿੰਘ, ਬਲਾਕ ਐਜੂਕੇਟਰ ਜਤਿੰਦਰ ਸੂਦ, ਓਟ ਸੈਂਟਰ ਕੌਂਸਲਰ ਕੁਲਵੰਤ ਕੌਰ, ਸਿਮਰਜੀਤ ਕੌਰ, ਜਗਮੀਤ ਸਿੰਘ ਆਦਿ ਸਿਹਤ ਕਰਮੀ ਹਾਜ਼ਰ ਸਨ।

## ਬਲੌਜ਼ਮਜ਼ ਕਾਨਵੈਂਟ ਸਕੂਲ ’ਚ ਪੇਂਟਿੰਗ ਮੁਕਾਬਲਾ




**ਜਗਰਾਓਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵੱਲੋਂ ਸਕੂਲ ਵਿੱਚ ਚੱਲ ਰਹੇ ਹਾਊਸਜ਼ ਵਿੱਚਕਾਰ ਇੱਕ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ। ਇਹ ਮੁਕਾਬਲਾ ਰੋਟਰੀ ਕਲੱਬ ਵੱਲੋਂ ਸਕੂਲ ਵਿੱਚ ਚੱਲ ਰਹੇ ਇੰਟ੍ਰੈਕਟ ਕਲੱਬ ਅਧੀਨ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਜੰਨਤ ਚਾਵਲਾ ਪਹਿਲੇ, ਨਵਦੀਪ ਕੌਰ ਦੂਸਰੇ ਤੇ ਅਮਰਾਜ ਸਿੰਘ ਤੀਸਰੇ ਸਥਾਨ ’ਤੇ ਰਹੇ। ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ ਨੇ ਕਿਹਾ ਕਿ ਰੋਟਰੀ ਕਲੱਬ ਨਾਲ ਜੁੜ ਕੇ ਵਿਦਿਆਰਥੀ ਜੀਵਨ ਵਿੱਚ ਇੱਕ ਨਵੀਂ ਦਿਸ਼ਾ ਬਣਦੀ ਹੈ ਤੇ ਸਮਾਜ ਲਈ ਲੋਕ ਭਲਾਈ ਦੇ ਕੰਮਾਂ ਪ੍ਰਤੀ ਜਾਗ੍ਰਿਤੀ ਆਉਂਦੀ ਹੈ। ਪੇਂਟਿੰਗਜ਼ ਵਿਦਿਆਰਥੀਆਂ ਦੇ ਅੰਦਰ ਦੀ ਕਲਾ ਨੂੰ ਉਜਾਗਰ ਕਰਦੀਆਂ ਹਨ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਸੁਖਦੇਵ ਸਿੰਘ ਇੰਸਾਂ ਦਾ ਮ੍ਰਿਤਕ ਸਰੀਰ ਪਰਵਾਰ ਵੱਲੋਂ ਮੈਡੀਕਲ ਖੋਜਾਂ ਲਈ ਦਾਨ



**ਦਿੜ੍ਹਬਾ (ਜਸਵੀਰ ਲਾਡੀ)**-ਪਿੰਡ ਰੋੜ੍ਹੇਵਾਲਾ ਵਿਖੇ ਪ੍ਰੇਮੀ ਸੁਖਦੇਵ ਸਿੰਘ ਇੰਸਾਂ ਸਾਹੀ ਕੰਟੀਨ ਸਿਰਸਾ ਸੇਵਾਦਾਰ ਦਾ ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਮਰਨ ਉਪਰੰਤ ਪਰਿਵਾਰ ਵਾਲਿਆਂ ਵੱਲੋਂ ਅਮਰਜੀਤ ਸਿੰਘ ਇੰਸਾਂ, ਪ੍ਰਿਤਪਾਲ ਸਿੰਘ ਇੰਸਾਂ, ਨਾਨਕ ਸਿੰਘ ਇੰਸਾਂ, ਕਾਲਾ ਸਿੰਘ ਇੰਸਾਂ, ਚਾਰੇ ਪੁੱਤਰ, ਨਿੱਕੀ ਕੌਰ ਇੰਸਾਂ, ਰਾਣੀ ਕੌਰ ਇੰਸਾਂ ਬੇਟੀਆਂ ਵੱਲੋਂ ਸੁਖਦੇਵ ਸਿੰਘ ਇੰਸਾਂ ਦਾ ਮੈਡੀਕਲ ਖੋਜਾਂ ਲਈ ਸਰੀਰ ਦਾਨ ਕੀਤਾ ਗਿਆ। ਸੁਖਦੇਵ ਸਿੰਘ ਇੰਸਾਂ ਬੀਤੇ ਦਿਨੀਂ ਸਵਾਸਾਂ ਰੂਪੀ ਪੂੰਜੀ ਪੂਰੀ ਕਰਕੇ ਕੁੱਲ ਮਾਲਿਕ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ, ਅੱਜ ਉਨ੍ਹਾਂ ਦੀ ਮ੍ਰਿਤਕ ਦੇਹ ਪਰਿਵਾਰ ਦੀ ਸਹਿਮਤੀ ਸਦਕਾ ਵੈਂਕਾਟਸੇਹਵਾਰਾ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਐੱਨ ਐੱਚ 24 ਗਾਜਰੂਵਾਲਾ ਜ਼ਿਲ੍ਹਾ ਅਮਰੋਹਾ ਯੂ ਪੀ ਵਿਖੇ ਦਾਨ ਕੀਤਾ ਗਿਆ। ਸੁਖਦੇਵ ਸਿੰਘ ਇੰਸਾਂ ਨੇ ਜਿਉਂਦੇ ਜੀ ਡੇਰਾ ਸੱਚਾ ਸੌਦਾ ਸਿਰਸਾ ਦਰਬਾਰ ਵਿਖੇ ਫਾਰਮ ਭਰਿਆ ਹੋਇਆ ਸੀ ਕਿ ਮੇਰੇ ਮਰਨ ਤੋਂ ਬਾਅਦ ਮੇਰੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਦਾਨ ਕੀਤਾ ਜਾਵੇ। ਡੇਰਾ ਸੱਚਾ ਸੌਦਾ ਸਿਰਸਾ ਦੀ ਮਰਿਆਦਾ ਮੁਤਾਬਕ ਅਰਦਾਸ ਬੇਨਤੀ ਦਾ ਸ਼ਬਦ ਬੋਲ ਕੇ ਸੁਖਦੇਵ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜੀ ਗੱਡੀ ਵਿੱਚ ਰੱਖ ਕੇ ਪਿੰਡ ਰੋੜ੍ਹੇਵਾਲਾ ’ਚ ਇੱਕ ਜਾਗਰੂਕਤਾ ਰੈਲੀ ਰਾਹੀਂ ਬਲਾਕ ਦੇ ਪ੍ਰੇਮੀ ਸੇਵਕ ਸੁਖਮੀਤ ਸਿੰਘ ਇੰਸਾਂ ਤੇ 85 ਮੈਂਬਰ ਗੁਰਵਿੰਦਰ ਸਿੰਘ ਇੰਸਾਂ ਹਰੀਗੜ੍ਹ, ਅਜਮੇਰ ਸਿੰਘ ਇੰਸਾਂ ਨੇ ਡੇਰਾ ਸੱਚਾ ਸੌਦਾ ਸਿਰਸਾ ਦਰਬਾਰ ਵੱਲੋਂ ਚਲਾਏ ਜਾ ਰਹੇ ਮਾਨਵਤਾ ਭਲਾਈ ਦੇ ਕਾਰਜਾਂ ਉੱਪਰ ਵਿਸਥਾਰ ਪੂਰਵਕ ਚਾਨਣਾ ਪਾ ਕੇ ਨਗਰ ਨਿਵਾਸੀਆਂ ਨੂੰ ਪ੍ਰੇਰਿਤ ਕੀਤਾ। ਐਂਬੂਲੈਂਸ ਦੀ ਗੱਡੀ ਨੂੰ ਹਰੀ ਝੰਡੀ ਦਿਖਾਉਣ ਦੀ ਰਸਮ 85 ਮੈਂਬਰ ਚੜ੍ਹਤ ਸਿੰਘ ਇੰਸਾਂ ਸਰਪੰਚ ਭਾਠੂਆਂ ਤੇ ਸਮੂਹ 85 ਮੈਂਬਰ ਵੀਰਾਂ ਭੈਣਾਂ ਨੇ ਨਿਭਾਈ।

ਇਸ ਮੌਕੇ 85 ਮੈਂਬਰ ਗੁਰਵਿੰਦਰ ਸਿੰਘ ਇੰਸਾਂ ਹਰੀਗੜ, ਚੜ੍ਹਤ ਸਿੰਘ ਇੰਸਾਂ, ਹਰਵੀਰ ਸਿੰਘ ਇੰਸਾਂ, 85 ਮੈਂਬਰ ਭੈਣਾਂ ਮਨਜਿੰਦਰ ਕੌਰ ਇੰਸਾਂ ਤੋਂ ਇਲਾਵਾ ਸੁਖਦੇਵ ਸਿੰਘ ਇੰਸਾਂ ਪਰਿਵਾਰ ਦੇ ਰਿਸ਼ਤੇਦਾਰ, ਸਕੇ ਸੰਬੰਧੀ ਤੇ ਨਗਰ ਨਿਵਾਸੀ ਹਾਜ਼ਰ ਸਨ।

## ਨਸ਼ਾ ਸਮਗਲਰ ਦੀ ਜਾਇਦਾਦ ਜ਼ਬਤ


ਨਸ਼ਾ ਸਮਗਲਰ ਦੇ ਘਰ ਅੱਗੇ ਜਾਇਦਾਦ ਜ਼ਬਤ ਕਰਨ ਦਾ ਪੋਸਟਰ ਲਗਾਉਂਦੇ ਪੁਲਸ ਅਧਿਕਾਰੀ।

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨਸ਼ਾ ਵਿਰੋਧੀ ਸਪੈਸ਼ਲ ਕੋਰਟ ਨਵੀਂ ਦਿੱਲੀ ਦੀਆਂ ਹਦਾਇਤਾਂ ’ਤੇ ਨਸ਼ਾ ਸਮਗਲਰਾਂ ਖਿਲਾਫ ਵੱਡੀ ਕਾਰਵਾਈ ਕਰਦੇ ਹੋਏ ਸਮਾਣਾ ਪੁਲਸ ਨੇ 16 ਲੱਖ 90 ਹਜ਼ਾਰ ਰੁਪਏ ਦੀ ਜਾਇਦਾਦ ਜ਼ਬਤ ਕਰਨ ’ਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਨੇਹਾ ਅਗਰਵਾਲ ਤੇ ਐੱਸ ਐੱਚ ਓ ਸਿਟੀ ਗੁਰਇਕਵਾਲ ਸਿੰਘ ਸਿਕੰਦ ਨੇ ਦੱਸਿਆ ਕਿ ਨਸ਼ਾ ਸਮਗਲਰ ਅਮਰਜੀਤ ਕੌਰ (ਅਮਰੂ) ਪਤਨੀ ਮਹਿੰਦਰ ਸਿੰਘ ਵਾਸੀ ਪਿੰਡ ਮੁਰਾਦਪੁਰਾ ਦਾ ਇੱਕ ਮਕਾਨ, ਜੋ ਸਮਾਣਾ ਦੀ ਭਿੰਡਰ ਕਲੋਨੀ ਵਿਖੇ ਸਥਿਤ ਹੈ, ਨੂੰ ਜ਼ਬਤ ਕਰਕੇ ਉਸ ਦੇ ਘਰ ਅੱਗੇ ਪੋਸਟਰ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਜੇਲ੍ਹ ਵਿੱਚ ਨਸ਼ਾ ਤਸਕਰੀ ਦੇ ਮਾਮਲੇ ’ਚ ਬੰਦ ਹੈ। ਉਕਤ ਮੁਲਜ਼ਮ ਨੇ ਕੁਝ ਹੀ ਸਮੇਂ ਦੌਰਾਨ ਨਸ਼ੇ ਦੀ ਤਸਕਰੀ ਕਰਕੇ ਗੈਰ-ਕਾਨੂੰਨੀ ਤਰੀਕੇ ਨਾਲ ਜਾਇਦਾਦ ਬਣਾਈ ਹੈ। ਉਨ੍ਹਾਂ ਇਸ ਮਕਾਨ ਦੀ ਕੀਮਤ ਕੋਰਟ ਵੱਲੋਂ 16 ਲੱਖ 90 ਹਜ਼ਾਰ ਰੁਪਏ ਨਿਸਚਿਤ ਕੀਤੀ ਦੱਸੀ ਹੈ।

# ਲੈਕਚਰਾਰ ਰਣਜੀਤ ਸਿੰਘ ਨੂੰ ਸੇਵਾ ਮੁਕਤੀ ’ਤੇ ਨਿੱਘੀ ਵਿਦਾਇਗੀ



**ਜਗਰਾਓਂ (ਅਮਿਤ ਖੰਨਾ)**-ਲੈਕਚਰਾਰ ਪੋਲ ਸਾਇੰਸ ਸ. ਰਣਜੀਤ ਸਿੰਘ ਨੂੰ ਸਰਕਾਰੀ ਸਕੂਲ ਆਫ ਐਮੀਨੈਂਸ ਜਗਰਾਓਂ ’ਚੋਂ ਆਪਣੀ 33 ਸਾਲਾਂ ਦੀ ਬੇਦਾਗ ਸੇਵਾ ਤੋਂ ਬਾਅਦ ਰਿਟਾਇਰ ਹੋਣ ’ਤੇ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਪ੍ਰਿੰਸੀਪਲ ਡਾ. ਗੁਰਵਿੰਦਰਜੀਤ ਸਿੰਘ ਨੇ ਕਿਹਾ ਕਿ ਸ੍ਰ. ਰਣਜੀਤ ਸਿੰਘ ਨੇ ਨਿਰਪੱਖ, ਤਰਕਵਾਦੀ ਸੋਚ, ਮਿਹਨਤ ਤੇ ਲਗਨ ਸਦਕਾ ਬੱਚਿਆਂ ਨੂੰ ਅਗਾਂਹਵਧੂ ਸੋਚ ਦਾ ਧਾਰਨੀ ਬਣਾਉਣ ਦਾ ਹਰ ਸੰਭਵ ਯਤਨ ਕੀਤਾ। ਉਬ ਬਹੁਤ ਨਿੱਘੇ, ਮਿੱਠ-ਬੋਲੜੇ, ਮਿਲਣਸਾਰ, ਅਨੁਸ਼ਾਸਤ ਸੁਭਾਅ ਦੇ ਮਾਲਕ ਹਨ। ਉਨ੍ਹਾਂ ਨੇ ਆਪਣੀ ਡਿਊਟੀ ਨੂੰ ਡਿਊਟੀ ਸਮਝਦੇ ਹੋਏ ਹਰ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਇਆ ਹੈ। ਇਨ੍ਹਾਂ ਦੀ ਸ਼ਖ਼ਸੀਅਤ ਰੂਪੀ ਗੁਣਾਂ ਦੀ ਮਹਿਕ ਹਮੇਸ਼ਾ ਇਸ ਸੰਸਥਾ ਨੂੰ ਮਹਿਕਾਉਂਦੀ ਰਹੇਗੀ। ਡਾ. ਗੁਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਰਣਜੀਤ ਸਿੰਘ ਦੀ ਕਮੀ ਉਨ੍ਹਾਂ ਨੂੰ ਹਮੇਸ਼ਾ ਮਹਿਸੂਸ ਹੋਵੇਗੀ। ਇਸ ਮੌਕੇ ਪੁਸ਼ਮਿੰਦਰ ਕੌਰ, ਮਹਿੰਦਰਪਾਲ ਸਿੰਘ, ਡਾ: ਹਰਸਿਮਰਤ ਕੌਰ, ਰਾਜੀਵ ਦੂਆ, ਮਾਸਟਰ ਰਾਮ ਕੁਮਾਰ, ਪ੍ਰਭਾਤ ਕਪੂਰ, ਰੰਜੀਵ ਕੁਮਾਰ, ਤੀਰਥ ਸਿੰਘ, ਚਰਨਪ੍ਰੀਤ ਸਿੰਘ, ਮੀਨਾਕਸ਼ੀ, ਯਸ਼ੂ ਬਾਲਾ, ਪ੍ਰੀਤੀ ਸ਼ਰਮਾ, ਅੰਮ੍ਰਿਤ ਕੌਰ, ਇੰਦੂ ਬਾਲਾ ਤੇ ਸਟਾਫ ਹਾਜ਼ਰ ਸੀ।

# ਪਹਿਲਾਂ ਹੀ ਕਰਜ਼ੇ ਦੇ ਭਾਰ ਥੱਲੇ ਦੱਬੇ ਲੋਕ ਕੁਦਰਤੀ ਕਰੋਪੀ ਨੇ ਕੀਤੇ ਕੱਖੋਂ ਹੌਲੇ : ਬਲਵੀਰ ਸੋਹੀ

### ■ ਐੱਨ ਆਰ ਆਈ ਵੱਲੋਂ ਭੇਜੀ ਸਹਾਇਤਾ ਰਾਸ਼ੀ ਹੜ੍ਹ ਪੀੜਤਾਂ ਨੂੰ ਵੰਡੀ



**ਬਰੇਟਾ (ਗੀਤਵਾਲ)**-ਪਿਛਲੇ ਮਹੀਨੇ ਪੰਜਾਬ ਅੰਦਰ ਆਏ ਹੜ੍ਹਾਂ ਦੌਰਾਨ ਜਿੱਥੇ ਪੰਜਾਬ ਦੀਆਂ ਸਮਾਜਿਕ, ਧਾਰਮਿਕ ਜਥੇਬੰਦੀਆਂ, ਸਮਾਜ ਸੇਵੀਆਂ ਤੇ ਆਮ ਲੋਕਾਂ ਨੇ ਦੂਰੋਂ ਦੂਰੋਂ ਹੜ੍ਹ ਪ੍ਰਭਾਵਿਤ ਪਿੰਡਾਂ ਅੰਦਰ ਹਰ ਤਰ੍ਹਾਂ ਦਾ ਘਰੇਲੂ ਰਾਸ਼ਨ, ਹਰਾ ਚਾਰਾ ਪਹੁੰਚਾ ਕੇ ਪੀੜਤਾਂ ਦੀ ਦਿਲ ਖੋਲ੍ਹ ਕੇ ਮੱਦਦ ਕੀਤੀ ਸੀ, ਉੱਥੇ ਹੀ ਵਿਦੇਸ਼ਾਂ ਵਿੱਚ ਸਥਾਪਤ ਹੋਏ ਪੰਜਾਬੀ ਵੀ ਆਪਣੀਆਂ ਜੜ੍ਹਾਂ ਤੋਂ ਦੂਰ ਨਹੀਂ ਹੋਏ, ਐੱਨ ਆਰ ਆਈ ਲੋਕ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ ਹੋਏ ਹਨ। ਇਸੇ ਤਰ੍ਹਾਂ ਹੀ ਕੈਨੇਡਾ ਦੇ ਸ਼ਹਿਰ ਵੈਨਕੂਵਰ ਦੇ ਪੰਜਾਬੀ ਕਾਰੋਬਾਰੀ ਗੁਰਚਰਨ ਸਿੰਘ ਵੱਲੋਂ ਆਪਣੇ ਨਜ਼ਦੀਕੀ ਰਿਸ਼ਤੇਦਾਰ ਬਲਵੀਰ ਸਿੰਘ ਸੋਹੀ ਰਿਟਾਇਰਡ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਨੂੰ 7 ਲੱਖ ਦੇ ਕਰੀਬ ਰਕਮ ਭੇਜ ਕੇ ਲੋੜਵੰਦ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜਿਸ ਦੇ ਤਹਿਤ ਹੀ ਅੱਜ ਬਰੇਟਾ ਨੇੜਲੇ ਪਿੰਡ ਬਹਾਦਰਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਵੱਖ ਵੱਖ ਪਿੰਡਾਂ ਤੋਂ ਆਏ ਵੱਡੀ ਗਿਣਤੀ ਹੜ੍ਹ ਪੀੜਤਾਂ ਨੂੰ ਨਕਦ ਸਹਾਇਤਾ ਰਾਸ਼ੀ ਦੀ ਵੰਡ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਸ੍ਰ. ਬਲਵੀਰ ਸਿੰਘ ਸੋਹੀ ਨੇ ਕਿਹਾ ਕਿ ਉਕਤ ਰਾਸ਼ੀ ਦੀ ਸਹੀ ਤਰੀਕੇ ਨਾਲ ਵੰਡ ਕਰਨ ਲਈ ਮੇਰੇ ਵੱਲੋਂ ਆਪਣੇ ਮਿਹਨਤੀ, ਇਮਾਨਦਾਰ ਤੇ ਤਜਰਬੇਕਾਰ ਮਿੱਤਰ ਜਗਜੀਤ ਸਿੰਘ ਭੂਟਾਲ, ਨਾਮਦੇਵ ਸਿੰਘ ਭੂਟਾਲ, ਕਾਮਰੇਡ ਸਤਵੰਤ ਸਿੰਘ ਖੰਡੇਬਾਦ, ਕਾਮਰੇਡ ਲਛਮਣ ਸਿੰਘ ਅਲੀਸ਼ੇਰ, ਰਿਟਾਇਰਡ ਪ੍ਰਿੰਸੀਪਲ ਰਘਬੀਰ ਸਿੰਘ ਭੂਟਾਲ, ਕਿਸਾਨ ਆਗੂ ਬਲਵੀਰ ਸਿੰਘ ਜਲੂਰ ਦੀ ਡਿਊਟੀ ਲਗਾਈ ਗਈ, ਜਿਨ੍ਹਾਂ ਨੇ ਜ਼ਿਲ੍ਹਾ ਸੰਗਰੂਰ ਦੀ ਸਬ ਡਵੀਜ਼ਨ ਮੂਨਕ, ਪਟਿਆਲਾ ਦੀ ਸਬ ਡਵੀਜ਼ਨ ਸਮਾਣਾ, ਪਾਤੜਾਂ ਤੇ ਮਾਨਸਾ ਜ਼ਿਲ੍ਹੇ ਦੀ ਸਬ ਡਵੀਜ਼ਨ ਬੁਢਲਾਡਾ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਕੇ ਸੱਥਾਂ ’ਚੋਂ ਪੁੱਛ ਪ੍ਰਤੀਤ ਕਰਦਿਆਂ 93 ਦੇ ਕਰੀਬ ਵਿਅਕਤੀਆਂ ਦੀ ਸ਼ਨਾਖਤ ਕੀਤੀ ਗਈ ਸੀ, ਜਿਨ੍ਹਾਂ ਨੂੰ ਅੱਜ ਸਹਾਇਤਾ ਰਾਸ਼ੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਕਰਜ਼ੇ ਦੇ ਭਾਰ ਥੱਲੇ ਦੱਬੇ ਲੋਕ ਕੁਦਰਤੀ ਕਰੋਪੀ ਨੇ ਕੱਖੋਂ ਹੌਲੇ ਕਰ ਦਿੱਤੇ ਹਨ।

ਇਸ ਮੌਕੇ ਕਾਮਰੇਡ ਜਗਜੀਤ ਸਿੰਘ ਭੂਟਾਲ, ਕਾਮਰੇਡ ਸਤਵੰਤ ਸਿੰਘ ਖੰਡੇਬਾਦ, ਕਾਮਰੇਡ ਨਾਮਦੇਵ ਸਿੰਘ ਭੂਟਾਲ, ਰਘਬੀਰ ਸਿੰਘ ਭੂਟਾਲ, ਬਲਵੀਰ ਸਿੰਘ ਜਲੂਰ ਤੇ ਲਛਮਣ ਸਿੰਘ ਅਲੀਸ਼ੇਰ ਨੇ ਐੱਨ ਆਰ ਆਈ ਸ੍ਰ. ਗੁਰਚਰਨ ਸਿੰਘ ਤੇ ਸ੍ਰ. ਬਲਵੀਰ ਸਿੰਘ ਸੋਹੀ ਦਾ ਧੰਨਵਾਦ ਕੀਤਾ। ਇਸ ਮੌਕੇ ਬਲਦੇਵ ਸਿੰਘ ਚੀਮਾ, ਸੁਖਵਿੰਦਰ ਸਿੰਘ ਅਟਵਾਲ ਸੀਨੀਅਰ ਪੱਤਰਕਾਰ ਅਮਰਗੜ੍ਹ, ਗਗਨਦੀਪ ਸਿੰਘ ਪੁਰੀ, ਚਰਨਜੀਤ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ, ਲਾਭ ਸਿੰਘ, ਗੁਰਮੀਤ ਸਿੰਘ, ਧਰਮ ਸਿੰਘ ਹੈੱਡ ਗ੍ਰੰਥੀ, ਛੋਟਾ ਸਿੰਘ, ਦਸੌਂਧਾ ਸਿੰਘ, ਤਾਰਾ ਚੰਦ, ਬੰਤ ਸਿੰਘ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੀ ਵਰਕਿੰਗ ਕਮੇਟੀ ਦੀ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਸੰਗਰੂਰ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸਾਥੀ ਨਿਰੰਜਨ ਸਿੰਘ ਦੀ ਪ੍ਰਧਾਨਗੀ ਹੇਠ ਲਹਿਰਾਗਾਗਾ ਦੇ ਜੀ ਪੀ ਐਂਡ ਕੰਪਲੈਕਸ ਵਿਖੇ ਹੋਈ। ਇਸ ਮੌਕੇ ਸਰਕਲ ਸਕੱਤਰ ਰਮੇਸ਼ ਸ਼ਰਮਾ ਨੇ ਪੰਜਾਬ ਸਰਕਾਰ ਵੱਲੋਂ ਲਾਏ ਗਏ ਐਸਮਾ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਕਿਹਾ ਕਿ ਇਸ ਦਾ ਵਿਰੋਧ ਕਰਨ ਲਈ ਸਟੇਟ ਪੱਧਰ ’ਤੇ ਉਲੀਕੇ ਗਏ ਸੰਘਰਸ਼ ਵਿੱਚ ਫੈਡਰੇਸ਼ਨ ਏਟਕ ਵੱਧ ਚੜ੍ਹ ਕੇ ਸ਼ਾਮਲ ਹੋਵੇਗੀ। ਸਾਥੀ ਕਰਨੈਲ ਸਿੰਘ ਨਾਗਰੀ, ਜਸਮੇਲ ਸਿੰਘ ਜੱਸੀ, ਨਰਿੰਦਰ ਸ਼ਰਮਾ, ਅਮਰੀਕ ਸਿੰਘ, ਵਿਜੇ ਸ਼ਰਮਾ ਨੇ ਕਿਹਾ ਕਿ ਪਾਵਰਕੌਮ ਦੀ ਮੈਨੇਜਮੈਂਟ ਜਾਣ-ਬੁੱਝ ਕੇ ਜਥੇਬੰਦੀ ਵੱਲੋਂ ਕੀਤੇ ਸਮਝੌਤਿਆਂ ਨੂੰ ਲਾਗੂ ਕਰਨ ਤੋਂ ਟਾਲ-ਮਟੋਲ ਕਰ ਰਹੀ ਹੈ, ਇਸ ਲਈ ਤਿੱਖੇ ਸੰਘਰਸ਼ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਖਤ ਸ਼ਬਦਾਂ ਵਿਰੋਧ ਕਰਨ ਦਾ ਵੀ ਫੈਸਲਾ ਲਿਆ ਗਿਆ। ਇਸ ਤੋਂ ਇਲਾਵਾ ਸਾਥੀ ਜਗਦੇਵ ਬਾਹੀਆ ਨੇ ਕਿਹਾ ਕਿ 295 ਸੀ ਆਰੇ ਦੇ ਸਾਥੀਆਂ ਨਾਲ ਇਨਸਾਫ ਕਰਨ ਲਈ ਪੁਰਜ਼ੋਰ ਮੰਗ ਕੀਤੀ ਹੈ ਕਿ ਜਿਨ੍ਹਾਂ ਵਰਕਰਾਂ ਦਾ ਪਰਵੀਜ਼ਨ ਸਮਾਂ ਪੂਰਾ ਹੋ ਗਿਆ ਹੈ, ਉਨ੍ਹਾਂ ਦੀ ਤਨਖਾਹ ਪੂਰੇ ਸਕੇਲ ਨਾਲ ਬਣਾਈ ਜਾਵੇ।

CMYK

4-Sept-PAGE-3-Majha-23.qxd 9/3/2023 10:26 PM Page 1



# 3 ਸਤੰਬਰ 1915 ਦੇ ਬਾਰਾਂ ਸ਼ਹੀਦ ਸਿਪਾਹੀਆਂ ਨੂੰ ਸ਼ਰਧਾਂਜਲੀ

**ਚੋਹਲਾ ਸਾਹਿਬ (ਨਜ਼ਸ)**–3 ਸਤੰਬਰ 1915 ਨੂੰ ਅੰਗਰੇਜ਼ਾਂ ਨੇ 12 ਸਿਪਾਹੀ ਜੋ ਗਦਰ ਪਾਰਟੀ ਨਾਲ ਰਲੇ ਸਨ, ਨੂੰ ਫਾਂਸੀ ਚਾੜ੍ਹ ਕੇ ਸ਼ਹੀਦ ਕੀਤਾ ਸੀ। ਸ਼ਹੀਦ ਹੋਣ ਵਾਲਿਆਂ ਵਿੱਚ ਦਫੇਦਾਰ ਵਧਾਵਾ ਸਿੰਘ, ਭਾਗ ਸਿੰਘ, ਮੋਤਾ ਸਿੰਘ ਤੇ ਤਾਰਾ ਸਿੰਘ ਰੂੜੀਵਾਲਾ, ਦਫੇਦਾਰ ਲਛਮਣ ਸਿੰਘ ਚੂਸਲੇਵੜ, ਇੰਦਰ ਸਿੰਘ ਜੀਉਬਾਲਾ, ਬੂਟਾ ਸਿੰਘ ਕਸੇਲ, ਗੁੱਜਰ ਸਿੰਘ ਤੇ ਜੇਠਾ ਸਿੰਘ ਲੌਹਕਾ, ਇੰਦਰ ਸਿੰਘ ਸ਼ਾਬਾਜਪੁਰ, ਬੁੱਧ ਸਿੰਘ ਤੇ ਅਬਦੁਲ ਨਾਅਲਬੰਦ ਢੋਟੀਆਂ ਸਨ। ਬਿਸ਼ਨ ਸਿੰਘ, ਨੱਥਾ ਸਿੰਘ, ਕੇਹਰ ਸਿੰਘ ਤੇ ਬਿਸ਼ਨ ਸਿੰਘ ਦੂਜਾ ਢੋਟੀਆਂ, ਚੰਨਣ ਸਿੰਘ ਕਸੇਲ, ਨੰਦ ਸਿੰਘ ਰਾਏਕਾ ਬੁਰਜ ਨੂੰ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤ ਦੀ ਸਜ਼ਾ ਦਿੱਤੀ ਗਈ। ਮਗਰੋਂ ਪਤਾ ਲੱਗਣ 'ਤੇ ਭਾਈ ਸੁੱਚਾ ਸਿੰਘ ਚੋਹਲਾ ਸਾਹਿਬ ਤੇ ਮਹਾਰਾਜ ਸਿੰਘ ਕਸੇਲ ਨੂੰ ਵੀ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤ ਦੀ ਸਜ਼ਾ ਦਿੱਤੀ ਗਈ।

ਇਨ੍ਹਾਂ ਮਹਾਨ ਦੇਸ਼ ਭਗਤਾਂ ਦੀ ਯਾਦ ਵਿੱਚ ਪਿੰਡ ਨਿਵਾਸੀ, ਪੰਚਾਇਤ ਅਤੇ ਗਦਰੀ ਸ਼ਹੀਦ ਯਾਦਗਾਰ ਵੈੱਲਫੇਅਰ ਸੁਸਾਇਟੀ ਵੱਲੋਂ ਉਨ੍ਹਾਂ ਸ਼ਹੀਦਾਂ ਦੀ ਯਾਦਗਾਰ ਵਿੱਚ ਉਸਰੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਸਜਾਏ ਜਾਂਦੇ ਹਨ ਅਤੇ ਹਰ ਸਾਲ ਉਨ੍ਹਾਂ ਦੀ ਯਾਦ ਵਿੱਚ 3 ਸਤੰਬਰ ਨੂੰ ਨਾਟਕ ਮੇਲਾ ਤੇ ਦੀਵਾਨ ਲੱਗਦਾ ਹੈ। ਯਾਦਗਾਰ ਤੇ ਝੰਡਾ ਲਹਿਰਾਉਣ ਤੋਂ ਬਾਅਦ ਮੇਘ ਰਾਜ ਰੱਲਾ ਦੀ ਟੀਮ ਨੇ ਨਾਟਕ ਖੇਡੇ। ਇਸ ਮੌਕੇ ਦੇਸ਼ ਭਗਤ



ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਸ਼ਹੀਦਾਂ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਇਨ੍ਹਾਂ ਗਦਰੀਆਂ ਦੇ ਸੁਪਨਿਆਂ ਦਾ ਦੇਸ਼ ਜੋ ਅਜੇ ਤਕ ਅਧੂਰਾ ਆਜ਼ਾਦ ਹੋਇਆ ਹੈ, ਨੂੰ ਪੂਰਨ ਆਜ਼ਾਦ ਕਰਾਉਣ ਦੀ ਜ਼ਿੰਮੇਵਾਰੀ ਆਪਣੇ ਸਾਰਿਆਂ ਦੇ ਸਿਰ ਹੈ। ਇਸ ਸਮੇਂ ਹਿੰਦ ਦੇਸ਼ ਤੇ ਫਿਰਕੂ ਲੋਕਾਂ ਦੀ ਸਰਕਾਰ ਹੈ ਜੋ ਆਰਐੱਸਐੱਸ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ।

ਘੱਟ ਗਿਣਤੀਆਂ ਖਾਸਕਰ ਮੁਸਲਮਾਨ ਭਾਈਚਾਰਾ ਖਤਰੇ ਵਿੱਚ ਹੈ। ਹਿੰਦੁਸਤਾਨ ਸੋਨੇ ਦਾ ਜ਼ਖੀਰਾ ਹੈ, ਉਸ ਨੂੰ ਵੇਚਣ ਦੇ ਰਾਹ ਮੋਦੀ ਸਰਕਾਰ ਤੁਰੀ ਹੋਈ ਹੈ। ਇਸ ਜ਼ਖੀਰੇ 'ਤੇ ਕਾਰਪੋਰੇਟ ਝਪਟਣਾ ਚਾਹੁੰਦੇ ਹਨ। ਜ਼ਖੀਰਾ ਸਾਡੀ ਧਰਤੀ ਤੇ ਧਰਤੀ ਹੇਠ ਸੋਨੇ ਦਾ ਭੰਡਾਰ ਹੈ ਜਿਸ ਨੂੰ ਇਹ ਮੋਦੀ ਸਰਕਾਰ ਕਾਰਪੋਰੇਟਾਂ ਨੂੰ ਲੁਟਾਉਣਾ ਚਾਹੁੰਦੀ ਹੈ। ਇਸ ਲਈ ਆਪਣੇ ਜ਼ਖੀਰੇ ਭਾਵ ਧਰਤੀ ਮਾਂ ਨੂੰ ਬਚਾਉਣਾ ਦੇਸ਼ ਦੇ ਹਰ ਨਾਗਰਿਕ ਦਾ ਫਰਜ਼ ਹੈ। ਇਹ ਜ਼ਖੀਰਾ ਬਚਾਉਣਾ ਅਤੀ ਜ਼ਰੂਰੀ ਹੈ। ਜੇ ਇਹ ਕਾਰਪੋਰੇਟ ਲੁੱਟ ਕੇ ਲੈ ਗਏ ਤੇ ਸਾਡਾ ਮੁਲਕ ਕੰਗਾਲ ਹੋ ਜਾਵੇਗਾ।

ਪ੍ਰੋਗਰਾਮ ਦੇ ਮੁੱਖ ਸੰਚਾਲਕ ਤੇ ਗਦਰੀ ਸ਼ਹੀਦ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ, ਸਕੱਤਰ ਗੁਰਿੰਦਰਪਾਲ ਸਿੰਘ, ਕਮੇਟੀ ਮੈਂਬਰ ਸਾਹਿਬ ਸਿੰਘ, ਸੁਖਦੇਵ ਸਿੰਘ, ਨਿਸ਼ਾਨ ਸਿੰਘ ਤੇ ਕੁਲਵਿੰਦਰ ਸਿੰਘ ਸਨ। ਸਟੇਜ ਸਕੱਤਰ ਦੇ ਫਰਜ਼ ਸੁਖਵਿੰਦਰ ਸਿੰਘ ਨੇ ਬਾਖੂਬੀ ਨਿਭਾਏ। ਇਸ ਮੌਕੇ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਚਰਨ ਸਿੰਘ ਤਰਨਤਾਰਨ ਵੀ ਹਾਜ਼ਰ ਸਨ। ਹਰਦਿਆਲ ਸਿੰਘ ਘਰਿਆਲਾ, ਪਾਲ ਸਿੰਘ ਫਰਾਂਸ, ਹਰਬੰਸ ਸਿੰਘ ਸਾਬਕਾ ਪ੍ਰਧਾਨ ਫੌਜੀ ਯੂਨੀਅਨ, ਪ੍ਰਗਟ ਸਿੰਘ ਚੰਬਾ, ਬੁੱਧ ਸਿੰਘ ਰੂੜੀਵਾਲਾ ਨੇ ਵੀ ਸੰਬੋਧਨ ਕੀਤਾ।

# ਨਵ-ਨਿਯੁਕਤ ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਨਿਯੁਕਤੀ ਪੱਤਰ ਸੌਂਪੇ

ਬਟਾਲਾ ( ਡਾ. ਮਲਵਿੰਦਰ ਸਿੰਘ)– ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ। ਇਸ ਨਿਯੁਕਤੀ ਵੰਡ ਸਮਾਰਹ ਵਿਚ ਵਿਸ਼ੇਸ਼ ਤੌਰ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਧਰਮਪਤਨੀ ਰਾਜਬੀਰ ਕੌਰ ਕਲਸੀ ਪਹੁੰਚੇ। ਇਸ ਮੌਕੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਸੀਡੀਪੀਓ ਵਰਿੰਦਰ ਸਿੰਘ, ਬਟਾਲਾ ਅਤੇ ਧਾਰੀਵਾਲ ਦੇ ਸੀਡੀਪੀਓ ਹਰਜੀਤ ਕੌਰ, ਕਾਦੀਆਂ ਦੀ ਸੀਡੀਪੀਓ ਮਧੂ ਬਾਲਾ, ਕਾਹਨੂੰਵਾਨ ਅਭਿਸ਼ੇਕ, ਨਵਦੀਪ ਸਿੰਘ ਆਦਿ ਮੌਜੂਦ ਸਨ। ਇਸ ਮੌਕੇ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮੁਬਾਰਕਬਾਦ ਦਿੰਦਿਆਂ ਰਾਜਬੀਰ ਕੌਰ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਾਰਦਰਸ਼ੀ ਢੰਗ ਨਾਲ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਡਿਊਟੀ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੀਡੀਪੀਓ ਵਰਿੰਦਰ ਸਿੰਘ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਉਪਰੰਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਨਿਯੁਕਤੀ ਪੱਤਰ ਮਿਲਣ ਤੇ ਮੁੱਖ ਮੰਤਰੀ ਪੰਜਾਬ, ਭਗਵੰਤ ਸਿੰਘ ਮਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ।



# ਜ਼ਿਲਾ ਗੁਰਦਾਸਪੁਰ 'ਚ ਕੌਮੀ ਲੋਕ ਅਦਾਲਤ 9 ਨੂੰ

ਗੁਰਦਾਸਪੁਰ (ਜਨਕ ਮਹਾਜਨ)–ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਮਾਨਯੋਗ ਰਜਿੰਦਰ ਅਗਰਵਾਲ ਦੀ ਰਹਿਨੁਮਾਈ ਹੇਠ ਸੁਮਿੱਤ ਭੱਲਾ ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐੱਮ, ਸਣੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਸੈਸ਼ਨਜ਼ ਡਵੀਜ਼ਨ ਗੁਰਦਾਸਪੁਰ ਅਧੀਨ ਸਮੂਹ ਨਿਆਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਜ਼ਿਲ੍ਹਾ ਗੁਰਦਾਸਪੁਰ ਵਿੱਚ 9 ਸਤੰਬਰ ਨੂੰ ਨੈਸ਼ਨਲ ਲੋਕ ਅਦਾਲਤ ਲੱਗੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐੱਮ, ਸੁਮਿਤ ਭੱਲਾ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਗੰਭੀਰ ਕਿਸਮ ਦੇ ਫੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਪੈਂਡਿੰਗ ਪਏ ਹੋਣ, ਲੋਕ ਅਦਾਲਤਾਂ ਵਿੱਚ ਫੈਸਲੇ ਲਈ ਸ਼ਾਮਲ ਕੀਤੇ ਜਾਂਦੇ ਹਨ। ਜੋ ਝਗੜਾ ਅਦਾਲਤ ਵਿਚ ਨਾ ਚੱਲਦਾ ਹੋਵੇ, ਉਹ ਮਾਮਲਾ ਵੀ ਲੋਕ ਅਦਾਲਤ ਵਿੱਚ ਦਰਖਾਸਤ ਦੇ ਕੇ ਰਾਜ਼ੀਨਾਮੇ ਲਈ ਲਿਆਇਆ ਜਾ ਸਕਦਾ ਹੈ। ਉਨ੍ਹਾਂ ਕਿਹਾ 9 ਸਤੰਬਰ ਨੂੰ ਸਵੇਰੇ 9 ਵਜੇ ਤੋਂ ਗੁਰਦਾਸਪੁਰ ਅਤੇ ਸਬ-ਡਵੀਜ਼ਨ ਬਟਾਲਾ ਵਿਖੇ ਨੈਸ਼ਨਲ ਲੋਕ ਅਦਾਲਤ ਲਗਾਈ ਜਾ ਰਹੀ ਹੈ ਤੇ ਲੋਕਾਂ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।



# 'ਇੰਡੀਆ' ਨੂੰ ਵੇਖ ਕੇ ਮੋਦੀ ਘਬਰਾ ਗਿਐ: ਕਾਮਰੇਡ ਦਦੇਹਰ ਸਾਹਿਬ




ਤਰਨਤਾਰਨ (ਨਜ਼ਸ)–ਸੀਪੀਆਈ ਦੀ ਮੀਟਿੰਗ ਪਿੰਡ ਢੋਟੀਆਂ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਬ੍ਰਾਂਚ ਢੋਟੀਆਂ ਦੇ ਸੱਕਤਰ ਜਤਿੰਦਰ ਸਿੰਘ ਨੇ ਕੀਤੀ। ਮੀਟਿੰਗ ਵਿਚ ਜਾਣਕਾਰੀ ਦਿੰਦਿਆਂ ਬਲਾਕ ਨੌਸ਼ਹਿਰਾ ਪੰਨੂੰਆਂ ਤੇ ਚੋਹਲਾ ਸਾਹਿਬ ਦੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਕੌਮੀ ਪੱਧਰ 'ਤੇ ਬਣਿਆ ਆਲ ਇੰਡੀਆ ਫਰੰਟ ਵੇਖ ਕੇ ਮੋਦੀ ਘਬਰਾ ਗਿਆ ਹੈ। ਵਿਰੋਧੀਆਂ ਨੂੰ ਦਬਾਉਣ ਵਾਸਤੇ ਸਿੱਧੇ-ਪੁੱਠੇ ਢੰਗ ਤਰੀਕੇ ਵਰਤ ਰਿਹਾ ਹੈ।

ਕੇਂਦਰੀ ਟੀਮ ਵਲੋਂ ਛਾਪੇ ਮਰਵਾ ਕੇ ਵਿਰੋਧੀਆਂ 'ਤੇ ਝੂਠੇ ਪਰਚੇ ਦਰਜ ਕਰਵਾ ਰਿਹਾ ਹੈ। ਮੁੰਬਈ ਵਿਚ ਵਿਰੋਦੀਆਂ ਦੀ ਮੀਟਿੰਗ ਵੇਖ ਕੇ ਮੋਦੀ ਤਰਲੋ-ਮੱਛੀ ਹੋ ਰਿਹਾ ਹੈ। ਉਹ 2024 ਦੀ ਹਾਰ ਨੂੰ ਵੇਖ ਕੇ ਸਾਰੇ ਦੇਸ਼ ਦੀਆਂ ਇਕੋ ਵੇਲੇ ਚੋਣਾਂ ਕਰਾਉਣ ਦੀਆਂ ਗੱਲਾਂ ਕਰ ਰਿਹਾ ਹੈ ਜੋ ਵਿਧਾਨ ਦੇ ਬਿਲਕੁਲ ਉਲਟ ਹੈ। ਪੰਜਾਬ ਸਰਕਾਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਰਕਾਰ ਆਪਣੇ ਚੋਣ ਵਾਇਦਿਆਂ ਤੋਂ ਭੱਜ ਚੁੱਕੀ ਹੈ। ਇਸ ਨੇ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵਾਅਦੇ ਕੀਤੇ ਸੀ ਕਿ ਜੇ ਪੰਜਾਬ ਵਿਚ ਸਾਡੀ ਸਰਕਾਰ ਬਾਣੀ ਤਾਂ ਕਿਸੇ ਨੂੰ ਧਰਨੇ ਮੁਜ਼ਾਹਰੇ ਦੀ ਲੋੜ ਨਹੀਂ ਪਵੇਗੀ। ਪਰ ਹੁਣ ਓਹੀ ਸਰਕਾਰ ਪੰਜਾਬ ਵਿਚ ਐਸਮਾ ਲਗਾ ਕੇ ਲੋਕਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਇਸ ਮੀਟਿੰਗ ਵਿੱਚ ਕਾਮਰੇਡ ਸੇਵਾ ਸਿੰਘ ਦਦੇਹਰ ਸਾਹਿਬ, ਬੂਟਾ ਸਿੰਘ ਢੋਠੀਆਂ ਅਤੇ ਸੋਹਣ ਸਿੰਘ ਢੋਟੀਆਂ ਹਾਜ਼ਰ ਸਨ।

# ਗੁ. ਸ੍ਰੀ ਕਲਗੀਧਰ ਸਾਹਿਬ ਵਿਖੇ ਜੀਵਨ ਜੁਗਤਿ ਸਮਾਗਮ ਆਯੋਜਿਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਜੀਵਨ ਜੁਗਤਿ ਸਮਾਗਮ ਚੀਫ਼ ਖ਼ਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਬਹੁਤ ਸ਼ਰਧਾ, ਉਤਸ਼ਾਹ ਅਤੇ ਸਿੱਖੀ ਜਾਹੋ-ਜਲਾਲ ਨਾਲ ਸਜਾਇਆ ਗਿਆ ਜਿਥੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਸਥਾਨਕ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਦੀਵਾਨ ਮੈਂਬਰ ਤੇਜਿੰਦਰ ਸਿੰਘ ਸਰਦਾਰ ਪਗੜੀ ਹਾਊਸ ਵਾਲਿਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।



ਸਮਾਗਮ ਵਿਚ ਹਜ਼ੂਰੀ ਰਾਗੀ ਭਾਈ ਸਤਿੰਦਰਬੀਰ ਸਿੰਘ, ਬੀਬੀ ਪਰਮਜੀਤ ਕੌਰ, ਬੀਬਾ ਬਖਸ਼ੀਸ਼ ਕੌਰ ਦੇ ਜਥਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦੀ ਛਹਿਬਰ ਲਗਾਉਂਦਿਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਧੁਰ ਕੀ ਬਾਣੀ ਦੇ ਉਪਦੇਸ਼ਾਂ ਨੂੰ ਸਰਵਣ ਕਰਵਾਇਆ। ਡਾਇਰੈਕਟਰ ਓਪਰੇਸ਼ਨ ਡਾ. ਅੰਮ੍ਰਿਤਪਾਲ ਸਿੰਘ ਚਾਵਲਾ ਅਤੇ ਪ੍ਰਿੰ. ਮਨਦੀਪ ਸਿੰਘ ਵੱਲੋਂ ਗਿਆਨੀ ਅਮਰਜੀਤ ਸਿੰਘ ਅਤੇ ਜੱਥਿਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਉਪਰੋਕਤ ਸ਼ਖਸੀਅਤਾਂ ਤੋਂ ਇਲਾਵਾ ਭਾਈ ਦਵਿੰਦਰ ਸਿੰਘ, ਭਾਈ ਜਸਬੀਰ ਸਿੰਘ ਬੈਂਕ ਵਾਲੇ, ਭਾਈ ਸਤਿੰਦਰ ਸਿੰਘ ਚਾਵਲਾ ਅਤੇ ਹੋਰ ਪੰਥ ਦੀਆਂ ਨਾਮਵਰ ਸ਼ਖਸੀਅਤਾਂ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਨਸ਼ਿਆਂ ਨੂੰ ਠੱਲ੍ਹਣ ਲਈ ਪੁਲਸ ਨੇ 'ਯੂ ਸ਼ੇਅਰ-ਵੀ ਕੇਅਰ' ਮੁਹਿੰਮ ਆਰੰਭੀ

ਪਠਾਨਕੋਟ (ਦਵਿੰਦਰ ਸਿੰਘ)–ਨਸ਼ਿਆਂ ਦੀ ਵੱਧ ਰਹੀ ਅਲਾਮਤ ਨਾਲ ਨਜਿੱਠਣ ਲਈ ਦ੍ਰਿੜ੍ਹ ਯਤਨਾਂ ਤਹਿਤ ਸੀਨੀਅਰ ਪੁਲਿਸ ਕਪਤਾਨ ਪਠਾਨਕੋਟ ਹਰਕਮਲਪ੍ਰੀਤ ਸਿੰਘ ਖੱਖ ਨੇ 'ਯੂ ਸ਼ੇਅਰ-ਵੀ ਕੇਅਰ' ਮੁਹਿੰਮ ਦੀ ਸ਼ੁਰੂਆਤ ਕਰਕੇ ਇੱਕ ਮੁੱਖ ਕਦਮ ਚੁੱਕਦਿਆਂ ਸਮਰਪਿਤ ਹੈਲਪਲਾਈਨ ਨੰਬਰਾਂ ਰਾਹੀਂ ਲੋਕਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ। ਇੱਕ ਪ੍ਰੈਸ ਬ੍ਰੀਫਿੰਗ ਦੌਰਾਨ ਹੋਰ ਜਾਣਕਾਰੀ ਸਾਂਝੀ ਕਰਦੇ ਹੋਏ ਐੱਸਐੱਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਜ਼ਿਲ੍ਹਾ ਪਠਾਨਕੋਟ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਨਿਰੰਤਰ ਯਤਨਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਾਰੇ ਸਟੇਸ਼ਨ ਹਾਊਸ ਅਫਸਰਾਂ (ਐੱਸਐੱਚਓਜ਼) ਅਤੇ ਸਰਕਾਰੀ ਅਧਿਕਾਰੀਆਂ (ਜੀਓਜ਼) ਦੀ ਸਰਗਰਮ ਸ਼ਮੂਲੀਅਤ 'ਤੇ ਜ਼ੋਰ ਦਿੰਦੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਪੁੱਟਣ ਲਈ ਸਾਰੇ ਅਫਸਰ ਕਮਿਊਨਿਟੀ ਨਾਲ ਅਣਥੱਕ ਜੁੜੇ ਹੋਏ ਹਨ। ਇਨ੍ਹਾਂ ਆਪਸੀ ਤਾਲਮੇਲ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਲਈ ਜ਼ਿਲ੍ਹਾ ਪਠਾਨਕੋਟ ਦੇ ਅੰਦਰ ਤਿੰਨੋਂ ਸਬ-ਡਵੀਜ਼ਨਾਂ ਵਿੱਚ ਹਰੇਕ ਜੀਓਜ਼ ਅਤੇ ਐਸਐਚਓਜ਼ ਨੂੰ ਸਮਰਪਿਤ ਸੰਪਰਕ ਨੰਬਰ ਉਪਲਬਧ ਕਰਵਾਏ ਗਏ ਹਨ। ਇਸ ਤੋਂ ਇਲਾਵਾ ਤਿੰਨ ਸੁਪਰਡੈਂਟ ਆਫ ਪੁਲਸ ਰੈਂਕ ਦੇ ਅਧਿਕਾਰੀ ਪ੍ਰਕਿਰਿਆ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਨ ਅਤੇ ਨਸ਼ਿਆਂ ਨਾਲ ਸਬੰਧਤ ਮੁੱਦਿਆਂ ਦੀ ਰਿਪੋਰਟ ਕਰਨ ਲਈ ਉਨ੍ਹਾਂ ਦੇ ਸੰਪਰਕ ਨੰਬਰ ਵੀ ਲੋਕਾਂ ਤੱਕ ਪਹੁੰਚਾਏ ਗਏ ਹਨ। ਐੱਸਐੱਸਪੀ ਨੇ ਭਰੋਸਾ ਦਿਵਾਇਆ ਕਿ ਸੂਚਨਾ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ ਅਤੇ ਰਿਪੋਰਟ ਕੀਤੀਆਂ ਗਈਆਂ ਘਟਨਾਵਾਂ ਦੇ ਤੁਰੰਤ ਜਵਾਬ ਨੂੰ ਯਕੀਨੀ ਬਣਾਉਣ ਲਈ ਹੈਲਪਲਾਈਨ 24 ਘੰਟੇ ਕੰਮ ਕਰੇਗੀ।

# ਹਰਵਿੰਦਰ ਸਿੰਘ ਭੁੱਲਰ ਦੇਸਾ ਸਿੰਘ ਮਜੀਠੀਆ ਪਬਲਿਕ ਸਕੂਲ ਦੇ ਮੈਂਬਰ ਇੰਚਾਰਜ ਨਿਯੁਕਤ

ਮਜੀਠਾ (ਸੋਇਮ ਆਨੰਦ)–ਸਰਦਾਰ ਦੇਸਾ ਸਿੰਘ ਮਜੀਠੀਆ ਪਬਲਿਕ ਸਕੂਲ ਮਜੀਠਾ ਜਿਸ ਦੇ ਕਿ ਸਾਬਕਾ ਰਾਜ ਸਭਾ ਮੈਂਬਰ ਅਤੇ ਚੀਫ ਖਾਲਸਾ ਦੀਵਾਨ ਦੇ ਸਰਪ੍ਰਸਤ ਰਾਜਮਹਿੰਦਰ ਸਿੰਘ ਮਜੀਠਾ ਪ੍ਰਧਾਨ ਹਨ, ਦਾ ਚੀਫ ਖਾਲਸਾ ਦੀਵਾਨ ਦੇ ਮੈਂਬਰ ਹਰਵਿੰਦਰ ਸਿੰਘ ਭੁੱਲਰ ਕੋਟਲਾ ਨੂੰ ਮੈਂਬਰ ਇੰਚਾਰਜ ਬਣਾਇਆ ਗਿਆ ਹੈ ਜਿਨ੍ਹਾਂ ਨੇ ਸਕੂਲ ਵਿਚ ਬਾਕਾਇਦਾ ਤੌਰ 'ਤੇ ਆਪਣਾ ਅਹੁਦਾ ਸੰਭਾਲ ਲਿਆ ਹੈ।



ਹਰਵਿੰਦਰ ਸਿੰਘ ਭੁੱਲਰ ਨੂੰ ਸਾਬਕਾ ਸਾਂਸਦ ਰਾਜ ਮਹਿੰਦਰ ਸਿੰਘ ਮਜੀਠਾ ਨੇ ਅਹੁਦਾ ਸੰਭਾਲਣ 'ਤੇ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ। ਭੁੱਲਰ ਨੇ ਕਿਹਾ ਕਿ ਦੀਵਾਨ ਵੱਲੋਂ ਉਨ੍ਹਾਂ 'ਤੇ ਪਾਈ ਗਈ ਇਹ ਜ਼ਿੰਮੇਵਾਰੀ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਸਕੂਲ ਦੀ ਬਿਹਤਰੀ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਉੱਜਲ ਭਵਿੱਖ ਵਾਸਤੇ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਨਗੇ। ਉਹ ਸਕੂਲ ਨੂੰ ਇਲਾਕੇ ਵਿਚ ਇੱਕ ਨੰਬਰ ਦਾ ਸਕੂਲ ਬਣਾਉਣ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਰਾਜ ਮਹਿੰਦਰ ਸਿੰਘ ਮਜੀਠਾ ਦੇ ਨਾਲ ਹਰਵਿੰਦਰ ਸਿੰਘ ਭੁੱਲਰ, ਜਸਪਾਲ ਸਿੰਘ ਜਨਰਲ ਸਕੱਤਰ ਚੀਫ ਖਾਲਸਾ ਦੀਵਾਨ, ਸੁਖਦੀਪ ਸਿੰਘ ਗਿੱਲ, ਮੈਨੇਜਰ ਜੋਗਿੰਦਰ ਸਿੰਘ, ਪ੍ਰਿੰ. ਰਾਜਿੰਦਰ ਕੁਮਾਰ, ਗੁਰਬਿੰਦਰ ਸਿੰਘ ਭੁੱਲਰ ਆਦਿ ਹਾਜ਼ਰ ਸਨ।

# ਸਵੱਛਤਾ ਪਖਵਾੜਾ ਤਹਿਤ ਬੱਚਿਆਂ ਨੇ ਸਫਾਈ ਰੱਖਣ ਦੀ ਸਹੁੰ ਚੁੱਕੀ

ਗੁਰਦਾਸਪੁਰ (ਦਿਨੇਸ਼ ਕੁਮਾਰ)–ਟੀਸੀ ਇੰਟਰਨੈਸ਼ਨਲ ਸਕੂਲ ਬਹਿਰਾਮਪੁਰ ਰੋਡ ਵਿਖੇ ਸਵੱਛਤਾ ਪਖਵਾੜਾ ਦਾ ਪਹਿਲਾ ਦਿਨ ਮਨਾਉਂਦੇ ਹੋਏ ਬੱਚਿਆਂ ਨੇ ਸਫਾਈ ਰੱਖਣ ਦੀ ਸਹੁੰ ਚੁੱਕੀ। ਇਸ ਮੌਕੇ ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਬੱਚਿਆਂ ਨੂੰ ਜੀਵਨ ਵਿੱਚ ਸਫਾਈ ਦੀ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਸਾਨੂੰ ਆਪਣੇ ਆਲੇ-ਦੁਆਲੇ ਨੂੰ ਹਮੇਸ਼ਾ ਸਾਫ ਰੱਖਣਾ ਚਾਹੀਦਾ ਹੈ। ਸਫਾਈ ਰੱਖਣ ਨਾਲ ਸਾਡੀ ਸਿਹਤ ਤੰਦਰੁਸਤ ਰਹਿੰਦੀ ਹੈ ਅਤੇ ਵਾਤਾਵਰਨ ਵੀ ਸ਼ੁੱਧ ਰਹਿੰਦਾ ਹੈ। ਉਨ੍ਹਾਂ ਬੱਚਿਆਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਲੋਕਾਂ ਨੂੰ ਸਫਾਈ ਸਬੰਧੀ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਹਰ ਕੋਈ ਆਪਣਾ ਆਲਾ-ਦੁਆਲਾ ਸਾਫ ਰੱਖੇ ਅਤੇ ਸਾਡਾ ਵਾਤਾਵਰਨ ਦੂਸ਼ਿਤ ਹੋਣ ਤੋਂ ਬਚ ਸਕੇ। ਇਸ ਮੌਕੇ ਬੱਚਿਆਂ ਨੇ ਆਪਣੇ ਆਲੇ-ਦੁਆਲੇ ਨੂੰ ਹਮੇਸ਼ਾ ਸਾਫ ਰੱਖਣ ਦੀ ਸਹੁੰ ਚੁੱਕੀ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਵੀ ਹਾਜ਼ਰ ਸੀ।



# ਗੁਰਦਾਸਪੁਰ ਫੋਟੋਗ੍ਰਾਫਰ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਹੋਈ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)–ਗੁਰਦਾਸਪੁਰ ਫੋਟੋਗ੍ਰਾਫਰ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਹਰਮਨ ਸਟੂਡੀਓ ਮਗਰਾਲਾ ਰੋਡ ਦੀਨਾਨਗਰ ਵਿਖੇ ਹੋਈ। ਮੀਟਿੰਗ ਵਿੱਚ ਯੂਨੀਅਨ ਦੇ ਪ੍ਰਧਾਨ ਯੋਗੇਸ਼ ਕੁਮਾਰ ਨੀਟੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ 'ਚ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ ਗਈ ਜਿਸ ਵਿੱਚ ਫੋਟੋਗ੍ਰਾਫਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਦੱਸਿਆ ਗਿਆ।



ਇਸ ਮੌਕੇ ਨਵੀਂ ਜੁਆਇਨਿੰਗ ਵੀ ਕੀਤੀ ਗਈ। ਯੂਨੀਅਨ ਦੇ ਪ੍ਰਧਾਨ ਯੋਗੇਸ਼ ਕੁਮਾਰ ਨੇ ਕਿਹਾ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਫੋਟੋਗ੍ਰਾਫਰਾਂ ਦੇ ਨਾਲ ਹਨ। ਜੇਕਰ ਕਿਸੇ ਨੂੰ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਯੂਨੀਅਨ ਦੇ ਸਹਿਯੋਗ ਨਾਲ ਉਸ ਨੂੰ ਪੂਰੀ ਤਰ੍ਹਾਂ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਰਣਜੀਤ ਸਿੰਘ ਢਿੱਲੋਂ, ਸਰਬਜੀਤ, ਅਕਸ਼ੈ ਕੁਮਾਰ, ਰਾਜ ਕੁਮਾਰ ਰਾਜੂ, ਸੰਨੀ ਸਟੂਡੀਓ, ਕਮਲ ਮਹਾਜਨ, ਚਰਨਜੀਤ ਸਿੰਘ, ਕੁਲਵਿੰਦਰ ਸਿੰਘ, ਸੁਨੀਲ ਕੁਮਾਰ, ਅਸ਼ਵਨੀ ਕੁਮਾਰ, ਨਰੇਸ਼ ਕੁਮਾਰ, ਅਸ਼ਵਨੀ ਕੁਮਾਰ, ਰੋਹਿਤ ਮਹਾਜਨ, ਨੋਨੀ ਸਟੂਡੀਓ, ਸੋਨੂੰ ਸਟੂਡੀਓ, ਦੀਪਕ. ਮਹਾਜਨ ਆਦਿ ਹਾਜ਼ਰ ਸਨ।

# ਸੈਰ ਸਪਾਟਾ ਨੂੰ ਪ੍ਰਫੁੱਲਿਤ ਕਰਨ ਲਈ ਖਰਚੇ ਜਾਣਗੇ 70 ਕਰੋੜ ਰੁਪਏ: ਡਿਪਟੀ ਕਮਿਸ਼ਨਰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)–ਕੇਂਦਰ ਸਰਕਾਰ ਵੱਲੋਂ ਸੂਬੇ ਵਿੱਚ ਸੈਰ ਸਪਾਟਾ ਨੂੰ ਪ੍ਰਫੁੱਲਿਤ ਕਰਨ, ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਤਹਿਤ ਸਵਦੇਸ਼ ਦਰਸ਼ਨ 2.0 ਨਾਲ ਅੰਮ੍ਰਿਤਸਰ ਅਤੇ ਕਪੂਰਥਲਾ ਜ਼ਿਲ੍ਹੇ ਨੂੰ ਚੁਣਿਆ ਗਿਆ ਹੈ ਅਤੇ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿੱਚ 70-70 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਸਬੰਧੀ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਵੱਲੋਂ ਐੱਲਐੱਨਟੀ ਦੇ ਸਲਾਹਕਾਰ ਅਤੇ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਹੋਟਲ ਇੰਡਸਟਰੀ ਦੇ ਨੁਮਾਇੰਦਿਆਂ ਅਤੇ ਟੂਰ ਟਰੈਵਲ ਆਪਰੇਟਰਾਂ ਨਾਲ ਮੀਟਿੰਗ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸੈਰ ਸਪਾਟਾ ਨੂੰ ਪ੍ਰਫੁੱਲਿਤ ਕਰਨ ਲਈ ਕੇਂਦਰ ਸਰਕਾਰ ਦੇ ਸੈਰ ਸਪਾਟਾ ਵਿਭਾਗ ਵੱਲੋਂ 3 ਥੀਮ ਨਿਰਧਾਰਤ ਕੀਤੇ ਗਏ ਹਨ ਜਿਨ੍ਹਾਂ ਵਿੱਚ ਧਾਰਮਿਕ, ਹੈਰੀਟੇਜ ਅਤੇ ਦੇਸ਼ ਭਗਤੀ ਟੂਰਿਜ਼ਮ ਹੈ। ਉਨ੍ਹਾਂ ਦੱਸਿਆ ਕਿ ਸਵਦੇਸ਼ ਦਰਸ਼ਨ 2.0 ਤਹਿਤ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਪੁਰਾਣੀਆਂ ਗਲੀਆਂ ਦਾ ਸੁੰਦਰੀਕਰਨ, ਪੁਲ ਮੋਰਾਂ ਦਾ ਵਿਕਾਸ, ਅੰਮ੍ਰਿਤਸਰ ਦੇ ਵਿਰਾਸਤੀ ਗੇਟਾਂ ਨੂੰ ਪੁਨਰ ਸੁਰਜੀਤ ਕਰਨਾ ਅਤੇ ਅਟਾਰੀ ਬਾਰਡਰ ਵਿਖੇ ਯਾਤਰੂਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਯਾਤਰੂਆਂ ਦੀ ਸਹੂਲਤ ਲਈ ਸਾਇਨੇਜ ਬੋਰਡ ਵੀ ਲਗਾਏ ਜਾਣਗੇ ਅਤੇ ਸੜਕੀ, ਰੇਲਵੇ ਅਤੇ ਏਅਰਪੋਰਟ ਆਵਾਜਾਈ ਨੂੰ ਬੇਹਤਰ ਬਣਾਇਆ ਜਾਵੇਗਾ। ਸ਼੍ਰੀ ਤਲਵਾੜ ਨੇ ਦੱਸਿਆ ਕਿ ਸਾਡਾ ਮੁੱਖ ਮਕਸਦ ਹੈ ਕਿ ਜੋ ਵੀ ਯਾਤਰੂ ਅੰਮ੍ਰਿਤਸਰ ਵਿਖੇ ਆਵੇ ਉਹ ਘੱਟੋ ਘੱਟ 3 ਦਿਨ ਤੱਕ ਰਹਿਣ ਨੂੰ ਤਰਜੀਹ ਦੇਵੇ ਜਿਸ ਨਾਲ ਜ਼ਿਲ੍ਹੇ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਯਾਤਰੂਆਂ ਨੂੰ ਇਥੇ ਇਕ ਤੋਂ ਵੱਧ ਦਿਨ ਰੁਕਣ ਲਈ ਅੰਮ੍ਰਿਤਸਰ ਦੀਆਂ ਇਤਿਹਾਸਕ ਅਤੇ ਵਿਰਾਸਤੀ ਇਮਾਰਤਾਂ ਨੂੰ ਉਜਾਗਰ ਕੀਤਾ ਜਾਵੇਗਾ ਤਾਂ ਜੋ ਦੇਸ਼ ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਨੂੰ ਅੰਮ੍ਰਿਤਸਰ ਦੇ ਇਤਿਹਾਸ ਪ੍ਰਤੀ ਪੂਰੀ ਜਾਣਕਾਰੀ ਮਿਲ ਸਕੇ। ਉਨ੍ਹਾਂ ਕਿਹਾ ਕਿ ਹੈਰੀਟੇਜ ਦੀ ਸਾਫ ਸਫਾਈ ਨੂੰ ਲੈ ਕੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਯਾਤਰੂਆਂ ਦੀ ਵਧੇਰੇ ਆਮਦ ਨੂੰ ਦੇਖਦੇ ਹੋਏ ਵਿਰਾਸਤੀ ਮਾਰਗ ਦਾ ਵਿਸਥਾਰ ਹੋਰ ਬਾਜ਼ਾਰਾਂ ਤੱਕ ਵੀ ਕੀਤਾ ਜਾ ਰਿਹਾ ਹੈ ਜਿਸ ਨਾਲ ਸੈਲਾਨੀਆਂ ਨੂੰ ਰਾਹਤ ਮਿਲੇਗੀ। ਇਸ ਮੀਟਿੰਗ ਵਿੱਚ ਐੱਲਐੱਨਟੀ ਟੀਮ ਲੀਡਰ ਸ਼੍ਰੀਧਰ, ਮੈਡਮ ਸਾਇਨਾ, ਆਨੰਦ ਕੁਮਾਰ, ਜੁਗਰਾਜ ਸਿੰਘ ਡਿਪਟੀ ਮੈਨੇਜਰ ਪੰਜਾਬ ਟੂਰਿਜ਼ਮ, ਡਾ: ਹਰਪ੍ਰੀਤ ਸਿੰਘ ਸਹਾਇਕ ਡਾਇਰੈਕਟਰ ਜੀਐਨਡੀਯੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਟਲ ਇੰਡਸਟਰੀ ਅਤੇ ਟੂਰ ਟਰੈਵਲ ਆਪਰੇਟਰਾਂ ਦੇ ਨੁਮਾਇੰਦੇ ਹਾਜ਼ਰ ਸਨ।




# ਜਨਮ ਅਸ਼ਟਮੀ ਮਹਾਂਉਤਸਵ 7 ਤੋਂ 9 ਤੱਕ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)–ਸ਼੍ਰੀ ਲਕਸ਼ਮੀ ਨਾਰਾਇਣ ਮੰਦਰ ਵਿਖੇ ਕ੍ਰਿਸ਼ਨ ਭਗਵਾਨ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਹਾਂ ਉਤਸਵ ਬਹੁਤ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿਚ ਕ੍ਰਿਸ਼ਨ ਭਗਵਾਨ ਦੀ ਮਹਿਮਾ ਦਾ ਗੁਣਗਾਨ ਕਰਨ ਲਈ ਸਵਾਮੀ ਸ਼੍ਰੀ ਰਾਮ ਵਰਿੰਦਾਬਨ ਵਾਲੇ 7 ਸਤੰਬਰ ਤੋਂ 9 ਸਤੰਬਰ ਤੱਕ ਭਗਵਾਨ ਦੀ ਮਹਿਮਾ ਦਾ ਗੁਣਗਾਨ ਕਰਨਗੇ। ਇਸ ਮੌਕੇ ਗੁਰੂ ਕਾ ਲੰਗਰ ਤਿਨੋਂ ਦਿਨ ਅਤੁੱਟ ਵਰਤੇਗਾ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਜਸਪਾਲ ਮਹਿਤਾ, ਪਰਦੀਪ ਕੁਮਾਰ ਠਾਕੁਰ, ਰਾਮ ਮੂਰਤੀ, ਪਰਦੀਪ ਕੁਮਾਰ ਤਰੇਹਨ, ਹੈਪੀ, ਮੋਹਨ ਲਾਲ ਅਤੇ ਹਰਸ਼ ਅਰੋੜਾ ਹਾਜ਼ਰ ਸਨ।

# ਕਲਾਸਵਾਲਾ ਖਾਲਸਾ ਸਕੂਲ ਕਾਦੀਆਂ ਦੀ ਕ੍ਰਿਕਟ ਟੀਮ ਅੱਵਲ ਰਹੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)– ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਵਿਚ ਇਮਾਨਦਾਰੀ ਅਤੇ ਖੇਡ ਭਾਵਨਾ, ਅਨੁਸ਼ਾਸਨ ਦੀ ਰੁਚੀ ਕਾਇਮ ਕਰਨ ਲਈ ਸੂਬੇ ਭਰ ਵਿਚ ਜ਼ੋਨਲ ਖੇਡ ਮੁਕਾਬਲੇ ਕਰਵਾਏ ਗਏ। ਜਿਸ ਵਿਚ ਲੜੀਵਾਰ ਕ੍ਰਿਕਟ, ਯੋਗਾ ਅਤੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਗਏ। ਮੈਚਾਂ ਦੀ ਸ਼ੁਰੂਆਤ ਜ਼ੋਨ ਹਰਚੋਵਾਲ ਵਿਚ ਕੀਤੀ ਗਈ।



ਇਨ੍ਹਾਂ ਮੁਕਾਬਲਿਆਂ ਦੌਰਾਨ ਕਲਾਸਵਾਲਾ ਖਾਲਸਾ ਸਕੂਲ, ਕਾਦੀਆਂ ਦੇ ਵਿਦਿਆਰਥੀਆਂ ਨੇ ਕ੍ਰਿਕਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ ਅਤੇ ਉਨ੍ਹਾਂ ਦੀ ਜ਼ੋਨ ਮੁਕਾਬਲੇ ਤੋਂ ਬਾਅਦ ਜ਼ਿਲਾਵਾਰ ਮੁਕਾਬਲੇ ਵਿਚ ਚੋਣ ਕੀਤੀ ਗਈ। ਵਰਗ-19 ਦੀਆਂ ਲੜਕੀਆਂ ਨੇ ਵੀ ਰੱਸਾਕਸ਼ੀ ਵਿਚ ਤੀਸਰਾ ਸਥਾਨ ਹਾਸਲ ਕੀਤਾ। ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਬੱਚਿਆਂ ਨੂੰ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਸ਼ਾਲਿਨੀ ਦੱਤਾ ਨੇ ਸਮੂਹ ਸਟਾਫ, ਖਾਸ ਤੌਰ ਤੇ ਡੀ.ਪੀ. ਰਛਪਾਲ ਸਿੰਘ, ਮੈਡਮ ਰਜਿੰਦਰ ਕੌਰ ਅਤੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਖੇਡ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਤੇ ਅੱਗੇ ਤੋਂ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਇਸੂਜ਼ੂ ਮੋਟਰਜ਼ ਵੱਲੋਂ ਡੀ ਮੈਕਸ ਐੱਸ ਕੈਬ ਜ਼ੈੱਡ ਲਾਂਚ

ਲੁਧਿਆਣਾ/ਜਲੰਧਰ : ਇਸੂਜ਼ੁ ਮੋਟਰਜ਼ ਇੰਡਿ ਆ ਨੇ ਭਾਰਤ ਵਿਚ ਨਵੀਂ ਡੀ ਮੈਕਸ ਸੀ-ਕੈਬ ਜ਼ੈੱਡ ਵੇਰੀਐਂਟ ਲਾਂਚ ਕੀਤਾ ਹੈ। ਇਹ ਗੱਡੀ ਕਾਮਰਸ਼ੀਅਲ ਵਹੀਕਲ ਸੈਗਮੈਂਟ ਵਿਚ ਸਮਾਰਟੈਸਟ ਕਰੂ ਕੈਬ ਪਿੱਕਅੱਪ ਹੈ ਜੋ ਕਿ ਆਮ ਤੋਂ ਬੇਹਤਰ ਹੈ।

ਇਹ ਲਾਂਚ ਦੇਸ਼ ਵਿਚ ਪਿੱਕਅੱਪ ਕਲਚਰ ਨੂੰ ਹੁੰਗਾਰਾ ਦੇਵੇਗੀ ਜੋ ਕਿ ਸਮਾਰਟ ਲੁੱਕ, ਰੱਫ-ਟੱਫ ਦਾ ਉਤਮ ਸਮਾਵੇਸ਼ ਹੈ ਅਤੇ ਸੁਰੱਖਿਆ ਅਤੇ ਆਰਾਮ ਪ੍ਰਦਾਨ ਕਰਵਾਉਣ ਵਿਚ ਸਮਰੱਥ ਹੈ। ਇਹ ਪੰਜ ਰੰਗਾਂ ਕੌਸਮਿਕ ਬਲੈਕ, ਗੈਲੇਨਾ ਗਰੇ, ਸਪਲੈਸ਼ ਵਾਇਟ, ਨੋਟਿਲਸ ਬਲੂ ਅਤੇ ਟਾਇਟੇਨੀਅਮ ਸਿਲਵਰ ਵਿਚ ਉਪਲੱਬਧ ਹੈ ਅਤੇ ਇਸਦੀ ਸਟਾਰਟਿੰਗ ਲਾਂਚ ਪ੍ਰਾਈਸ 14,99,910 ਰੁਪਏ (ਐਕਸ ਸ਼ੋਅਰੂਮ) ਹੈ।

# 'ਇਕ ਦੇਸ਼ ਇਕ ਚੋਣ' ਕਾਨੂੰਨ ਬਣਾਉਣ ਦੀਆਂ ਸਾਜ਼ਿਸ਼ਾਂ ਜਮਹੂਰੀਅਤ ਤੇ ਸੰਘੀ ਢਾਂਚੇ ਵਿਰੋਧੀ: ਬੱਖਤਪੁਰਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)– ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਮੋਦੀ ਸਰਕਾਰ ਦੁਆਰਾ ਇਕ ਦੇਸ਼ ਇਕ ਚੋਣ ਦਾ ਕਾਨੂੰਨ ਬਣਾਉਣ ਸਬੰਧੀ ਬਣਾਈ ਗਈ ਕਮੇਟੀ ਨੂੰ ਬੇਲੋੜਾ, ਜਮਹੂਰੀਅਤ ਅਤੇ ਸੰਘੀ ਢਾਂਚੇ ਵਿਰੋਧੀ ਦੱਸਿਆ ਹੈ। ਇਸ ਸਬੰਧੀ ਬਿਆਨ ਜਾਰੀ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਬੇਸ਼ੱਕ 1967 ਦੀਆਂ ਚੋਣਾਂ ਤਕ ਇਸ ਤਰ੍ਹਾਂ ਦਾ ਵਰਤਾਰਾ ਚਲਦਾ ਰਿਹਾ ਹੈ ਕਿਉਂਕਿ ਉਸ ਸਮੇਂ ਤੱਕ ਕੇਵਲ ਇੱਕ ਪਾਰਟੀ ਕਾਂਗਰਸ ਦਾ ਹੀ ਬੋਲਬਾਲਾ ਸੀ ਪਰ 1967 ਤੋਂ ਬਾਅਦ ਕਾਂਗਰਸ ਪਾਰਟੀ ਤੋਂ ਭਾਰਤੀ ਜਨਤਾ ਦਾ ਮੋਹ ਭੰਗ ਹੋਣ ਕਾਰਨ ਦੇਸ਼ ਵਿਚ ਵੱਖ-ਵੱਖ ਸੂਬਿਆਂ ਵਿਚ ਖੇਤਰੀ ਪਾਰਟੀਆਂ ਬਣਨੀਆਂ ਸ਼ੁਰੂ ਹੋਈਆਂ ਤਾਂ ਉਸ ਨਾਲ ਪਾਰਟੀਆਂ ਦਰਮਿਆਨ ਕਈ ਤਰ੍ਹਾਂ ਦੇ ਰਾਜਨੀਤਿਕ ਵਿਰੋਧਾਂ ਨੇ ਜਨਮ ਲਿਆ। ਦੇਸ਼ ਵਿਚ ਰਾਜਨੀਤਕ ਸੰਕਟ ਅਤੇ ਰਾਜਨੀਤਕ ਅਸਥਿਰਤਾ ਵਧਦੀ ਗਈ। ਖਾਸਕਰ 1980 ਅਤੇ 1990 ਦੇ ਦਹਾਕਿਆਂ ਵਿਚ ਲੋਕ ਸਭਾ ਵਿੱਚ ਸਮੇਂ ਦੀਆਂ ਸਰਕਾਰਾਂ ਵਲੋਂ ਬਹੁਮਤ ਗਵਾਉਣ ਕਾਰਨ ਲੋਕ ਸਭਾ ਕਈ ਦਫਾ ਭੰਗ ਕਰਕੇ ਨਵੀਆਂ ਚੋਣਾਂ ਕਰਾਉਣੀਆਂ ਪਈਆਂ। ਇਸ ਤਰ੍ਹਾਂ ਦਾ ਵਰਤਾਰਾ ਦੇਸ਼ ਦੀਆਂ ਵਿਧਾਨ ਸਭਾਵਾਂ ਨੂੰ ਭੰਗ ਕਰਨ ਅਤੇ ਦੁਬਾਰਾ ਚੋਣਾਂ ਕਰਵਾਉਣ ਦਾ ਵੀ ਦੇਖਿਆ ਗਿਆ। ਅੱਜ ਜਦੋਂ ਦੇਸ ਵਿਚ ਆਰਥਿਕ ਅਤੇ ਰਾਜਨੀਤਕ ਸੰਕਟ, ਰਾਜਨੀਤਕ ਅਸਥਿਰਤਾ ਅਤੇ ਹਾਕਮ ਪਾਰਟੀਆਂ ਦਰਮਿਆਨ ਰਾਜਨੀਤਕ ਵਿਰੋਧਤਾਈਆਂ ਦਾ ਕਈ ਗੁਣਾ ਵਾਧਾ ਹੋਇਆ ਹੈ ਤਾਂ ਮੋਦੀ ਸਰਕਾਰ ਲੋਕ ਸਭਾ, ਵਿਧਾਨ ਸਭਾਵਾਂ, ਕਾਰਪੋਰੇਸ਼ਨਾਂ ਅਤੇ ਪੰਚਾਇਤਾਂ ਦੀਆਂ ਚੋਣਾਂ ਦਾ ਇਕ ਦੇਸ਼ ਇਕ ਚੋਣ ਦੀ ਨੀਤੀ ਲਿਆਉਣ ਦੀਆਂ ਸਾਜ਼ਿਸ਼ਾਂ ਰੱਚ ਰਹੀ ਹੈ ਜੋ ਨਾਅਰਾ ਮੌਜੂਦਾ ਸਥਿਤੀ ਵਿਚ ਸੰਭਵ ਹੀ ਨਹੀਂ ਹੋ ਸਕਦਾ। ਇਹ ਅਸਲ ਵਿਚ ਹਿੰਦੂ ਰਾਸ਼ਟਰਵਾਦ ਦੀ ਕਾਇਮੀ ਵੱਲ ਨੂੰ ਹੀ ਜਾਣ ਵਾਲਾ ਰਸਤਾ ਹੈ। ਭਾਜਪਾ ਅਤੇ ਸੰਘ ਪਰਿਵਾਰ ਵਾਰ-ਵਾਰ ਇਕ ਰਾਸ਼ਟਰ, ਇਕ ਭਾਸ਼ਾ, ਇਕ ਧਰਮ ਅਤੇ ਇੱਕ ਸਭਿਆਚਾਰ ਦਾ ਗੁਣਗਾਨ ਕਰ ਚੁੱਕੀ ਹੈ ਜਦੋਂਕਿ ਬਹੁਧਰਮੀ, ਬਹੁਭਾਸ਼ਾਈ, ਤਰ੍ਹਾਂ ਤਰ੍ਹਾਂ ਦੇ ਸਭਿਆਚਾਰ ਵਾਲੇ ਅਤੇ ਇਕ ਧਰਮ ਨਿਰਪੱਖ ਦੇਸ਼ ਵਿਚ ਹਿੰਦੂਤਵਵਾਦੀ ਏਜੰਡਾ ਕਿਵੇਂ ਲਾਗੂ ਹੋ ਸਕਦਾ ਹੈ। ਬੱਖਤਪੁਰਾ ਨੇ ਕਿਹਾ ਕਿ ਇੰਡੀਆ ਗਠਜੋੜ ਦੇ ਲਗਾਤਾਰ ਮਜ਼ਬੂਤ ਹੋਣ ਕਾਰਣ ਭਾਜਪਾ ਅਤੇ ਸੰਘ ਪਰਿਵਾਰ ਆਪਣੀ ਸਿਆਸੀ ਜ਼ਮੀਨ ਖਿਸਕਦੀ ਹੋਈ ਮਹਿਸੂਸ ਕਰ ਰਿਹਾ ਹੈ। ਜਿਸ ਬੁਖਲਾਹਟ ਵਿੱਚ ਇਨ੍ਹਾਂ ਵਲੋਂ 18 ਤੋਂ 22 ਸਤੰਬਰ ਦਾ ਬਿਨਾਂ ਏਜੰਡੇ ਤੋਂ ਲੋਕ ਸਭਾ ਦਾ ਸਪੈਸ਼ਲ ਅਜਲਾਸ ਬੁਲਾਇਆ ਗਿਆ ਹੈ ਉਸ ਵਿੱਚ ਮੋਦੀ ਸਰਕਾਰ ਜੋ ਸਾਜ਼ਿਸ਼ਾਂ ਘੜਨ ਜਾ ਰਹੀ ਹੈ ਉਸ ਵਿੱਚ ਉਨ੍ਹਾਂ ਨੂੰ ਕਦਾਚਿੱਤ ਸਫਲਤਾ ਨਹੀਂ ਮਿਲ ਸਕੇਗੀ।



# ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਦਾ ਬੀ ਕਾਮ ਦਾ ਨਤੀਜਾ ਸ਼ਾਨਦਾਰ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)–ਸ੍ਰੀ ਗੁਰੂ ਰਾਮਦਾਸ ਡਿਗਰੀ ਕਾਲਜ ਪੰਧੇਰ ਦੇ ਬੀ.ਕਾਮ. ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਐਲਾਨੇ ਗਏ ਨਤੀਜਿਆਂ ਵਿੱਚ ਬੀ.ਕਾਮ. ਸਮੈਸਟਰ ਦੂਸਰਾ, ਚੌਥਾ, ਅਤੇ ਛੇਵਾਂ ਦੇ ਨਤੀਜਿਆਂ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਵਧੀਆ ਅੰਕ ਹਾਸਿਲ ਕਰਕੇ ਆਪਣੇ ਪਰਿਵਾਰ ਸਮੇਤ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਅਨਮੋਲਦੀਪ ਕੌਰ ਨੇ ਦੱਸਿਆ ਕਿ ਕਾਲਜ ਦੇ ਦੂਸਰਾ ਸਮੈਸਟਰ ਦੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਨੇ 60 ਫੀਸਦੀ, ਚੌਥੇ ਸੈਮੇਸਟਰ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਨੇ 78 ਫੀਸਦੀ ਅਤੇ ਛੇਵਾਂ ਸਮੈਸਟਰ ਦੀ ਵਿਦਿਆਰਥਣ ਅੰਚਾਲਪ੍ਰੀਤ ਕੌਰ ਨੇ 65 ਫੀਸਦੀ ਅੰਕ ਹਾਸਿਲ ਕਰਕੇ ਆਪਣੇ ਸਮੈਸਟਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਕਾਲਜ ਦੇ ਮੈਨਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਲਈ ਸਮੂਹ ਸਟਾਫ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁਕਾਬਲੇ ਦੇ ਯੁੱਗ ਵਿਚ ਮਿਹਨਤ ਕਰਨ ਵਾਲੇ ਵਿਦਿਆਰਥੀ ਹੀ ਕਾਮਯਾਬ ਹੋਣਗੇ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਹਾਜ਼ਰ ਸਨ।

# ਪੁਲਸ-ਪਬਲਿਕ ਮੀਟਿੰਗ 'ਚ ਥਾਣਾ ਮੁਖੀ ਨੇ ਨਸ਼ਾ ਤਸਕਰਾਂ ਨੂੰ ਦਿੱਤੀ ਚਿਤਾਵਨੀ

ਸਰਹਾਲੀ ਕਲਾਂ (ਮਨਜੀਤ ਸੰਧੂ, ਹਰਪ੍ਰੀਤ ਸਿੰਘ ਚੰਬਾ)–ਪੰਜਾਬ ਪੁਲਸ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਇਥੋਂ ਨੇੜਲੇ ਪਿੰਡ ਚੰਬਾ ਕਲਾਂ ਦੇ ਗੁਰਦੁਆਰਾ ਬਾਬਾ ਹਰਨਾਮ ਸਿੰਘ ਜੀ ਦੇ ਪਵਿੱਤਰ ਦਰਬਾਰ ਤੇ ਪਿੰਡ ਦੇ ਅਗਾਂਹਵਧੂ ਸਰਪੰਚ ਮਹਿੰਦਰ ਸਿੰਘ ਵੱਲੋਂ ਪੁਲਸ ਪਬਲਿਕ ਮੀਟਿੰਗ ਰੱਖੀ ਗਈ ਜਿਸ ਵਿੱਚ ਪਿੰਡ ਦੀ ਗ੍ਰਾਮ ਪੰਚਾਇਤ, ਪਤਵੰਤੇ, ਨੌਜਵਾਨ, ਬਜ਼ੁਰਗ, ਪਿੰਡ ਦੀਆਂ ਔਰਤਾਂ ਆਦਿ ਸੈਂਕੜੇ ਪਿੰਡ ਵਾਸੀਆਂ ਨੇ ਹਿੱਸਾ ਲਿਆ। ਇਸ ਭਰਵੀਂ ਇਕੱਤਰਤਾ 'ਚ ਬੋਲਦਿਆਂ ਵਿਨੋਦ ਸ਼ਰਮਾ ਮੁੱਖ ਥਾਣਾ ਅਫਸਰ ਚੋਹਲਾ ਸਾਹਿਬ ਨੇ ਕਿਹਾ ਕਿ ਜੇਕਰ ਪਿੰਡ ਦਾ ਕੋਈ ਵੀ ਨੌਜਵਾਨ ਭੁੱਲ-ਭੁਲੇਖੇ ਨਸ਼ਿਆਂ ਦੀ ਦਲਦਲ ਵਿੱਚ ਫਸ ਗਿਆ ਹੈ ਉਸ ਦਾ ਪਰਿਵਾਰ ਤੇ ਪਿੰਡ ਵਾਸੀ ਉਸ ਨੂੰ ਇਸ ਕੋਹੜ ਤੋਂ ਬਾਹਰ ਕੱਢਣ। ਜੇਕਰ ਨਸ਼ਾ ਮੁਕਤ ਕੇਂਦਰ ਵਿੱਚ ਦਾਖਲ ਹੋਣ ਦੀ ਲੋੜ ਹੈ ਤਾਂ ਉਹ ਪੁਲਸ ਦੀ ਮਦਦ ਲੈ ਕੇ ਦਾਖਲ ਹੋ ਸਕਦਾ ਹੈ। ਉਨ੍ਹਾਂ ਸਖਤ ਤਾੜਨਾ ਕਰਦਿਆਂ ਕਿਹਾ ਕਿ ਪਿੰਡ ਵਿੱਚ ਕੋਈ ਵੀ ਛੋਟਾ ਜਾਂ ਵੱਡਾ ਤਸਕਰ ਹੈ ਤਾਂ ਉਹ ਪੰਦਰਾਂ ਦਿਨਾਂ ਦੇ ਅੰਦਰ-ਅੰਦਰ ਆਪਣਾ ਗਲਤ ਧੰਦਾ ਬੰਦ ਕਰਕੇ ਆਪਣੀ ਮਿਹਨਤ ਮਜ਼ਦੂਰੀ ਨਾਲ ਕਿਰਤ ਕਮਾਈ ਕਰਕੇ ਆਪਣਾ ਤੇ ਪਰਿਵਾਰ ਦਾ ਚੰਗਾ ਜੀਵਨ ਬਸਰ ਕਰੇ ਨਹੀ ਤਾਂ ਉਸਨੂੰ ਰੰਗੇ ਹੱਥੀਂ ਗ੍ਰਿਫਤਾਰ ਕਰਕੇ ਕਾਨੂੰਨ ਅਨੁਸਾਰ ਵੱਡੀ ਤੋਂ ਵੱਡੀ ਸਜ਼ਾ ਦਿਵਾਈ ਜਾਵੇਗੀ ਤਾਂ ਜੋ ਉਸਦੀ ਸਜ਼ਾ ਵੇਖ ਕੇ ਅਗਾਂਹ ਕੋਈ ਵੀ ਨਸ਼ਿਆਂ ਨੂੰ ਵੇਚਣ ਬਾਰੇ ਸੋਚ ਵੀ ਨਾ ਸਕੇ। ਥਾਣਾ ਮੁਖੀ ਨੇ ਨਸ਼ਾ ਤਸਕਰਾਂ ਨੂੰ ਸਿੱਧੀ ਧਮਕੀ ਦਿੱਤੀ ਕਿ ਉਹ ਆਪਣੇ ਥਾਣੇ ਅਧੀਨ ਆਉਂਦੇ ਖੇਤਰ ਵਿੱਚ ਨਸ਼ਾ ਨਹੀਂ ਵਿਕਣ ਦੇਣਗੇ। ਉਨ੍ਹਾਂ ਪਿੰਡਾਂ ਵਿੱਚ ਅਨਰਜਿਸਟਰ ਡਾਕਟਰ, ਮੈਡੀਕਲ ਸਟੋਰ ਤੇ ਕਰਿਆਨੇ ਵਾਲਿਆਂ ਨੂੰ ਵੀ ਸਖਤ ਹਦਾਇਤ ਕੀਤੀ ਕਿ ਜੇਕਰ ਕਿਸੇ ਨੇ ਮੈਡੀਕਲ ਨਸ਼ੇ ਵੇਚਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੀਆਂ ਦੁਕਾਨਾਂ ਸੀਲ ਕਰਕੇ ਉਨ੍ਹਾਂ ਨੂੰ ਉਨ੍ਹਾਂ ਦੇ ਅਸਲ ਟਿਕਾਣੇ ਜੇਲ 'ਚ ਸੁੱਟਿਆ ਜਾਵੇਗਾ।



# ਆਰ. ਡੀ. ਖੋਸਲਾ ਸਕੂਲ 'ਚ ਮੰਤਰ/ਸ਼ਲੋਕ ਉਚਾਰਨ ਮੁਕਾਬਲੇ

ਬਟਾਲਾ (ਤਰਲੋਕ ਬੱਗਾ)–ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਵਿਸ਼ਵ ਸੰਸਕ੍ਰਿਤ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੰਸਕ੍ਰਿਤ ਮੰਤਰ ਅਤੇ ਸ਼ਲੋਕ ਉਚਾਰਨ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ 18 ਪ੍ਰਤੀਯੋਗੀਆਂ ਨੇ ਭਾਗ ਲਿਆ ਅਤੇ ਸ਼ੁੱਧ ਸੰਸਕ੍ਰਿਤ ਮੰਤਰਾਂ ਦਾ ਜਾਪ ਕੀਤਾ।



ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਲਾਘਾਯੋਗ ਰਿਹਾ। ਸੰਸਕ੍ਰਿਤ ਸਭਿਅਤਾ ਅਤੇ ਸੰਸਕਾਰਾਂ ਦੀ ਭਾਸ਼ਾ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ- ਡਾ: ਬਿੰਦੂ ਭੱਲਾ ਨੇ ਵਿਸ਼ਵ ਸੰਸਕ੍ਰਿਤ ਦਿਵਸ 'ਤੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਅਤੇ ਵਧਾਈਆਂ ਦਿੱਤੀਆਂ ਅਤੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਸਾਨੂੰ ਅਜਿਹੇ ਮੁਕਾਬਲਿਆਂ 'ਚ ਪੂਰੇ ਉਤਸ਼ਾਹ ਨਾਲ ਭਾਗ ਲੈਣਾ ਚਾਹੀਦਾ ਹੈ ਅਤੇ ਆਪਣੀ ਭਾਰਤੀ ਸੰਸਕ੍ਰਿਤੀ ਨਾਲ ਜੁੜੇ ਰਹਿਣਾ ਚਾਹੀਦਾ ਹੈ। ਉਨ੍ਹਾਂ ਪ੍ਰੋਗਰਾਮ ਦੇ ਆਯੋਜਕ ਮੰਜੂ ਵਿਜ ਅਤੇ ਅਰਵਿੰਦ ਯਾਦਵ ਨੂੰ ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਹਾਰਦਿਕ ਵਧਾਈ ਭੇਟ ਕੀਤੀ।

# ਚੱਕ ਸ਼ਰੀਫ 'ਚ ਰਵਾਇਤੀ ਪਾਰਟੀਆਂ ਛੱਡ ਕੇ ਕਈ ਲੋਕਾਂ ਨੇ ਫੜਿਆ ਝਾੜੂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ–ਵਿਧਾਨ ਸਭਾ ਹਲਕਾ ਕਾਦੀਆਂ ਅਧੀਨ ਪੈਂਦੇ ਪਿੰਡ ਚੱਕ ਸ਼ਰੀਫ ਦੇ 100 ਦੇ ਕਰੀਬ ਲੋਕਾਂ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਜ਼ਿਲਾ ਯੋਜਨਾ ਬੋਰਡ ਦੇ ਚੇਅਰਮੈਨ ਤੇ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋਣ ਦਾ ਐਲਾਨ ਕੀਤਾ! ਸ਼ਾਮਿਲ ਹੋਣ ਵਾਲਿਆਂ 'ਚ ਬਲਵੀਰ ਸਿੰਘ, ਜੋਗਿੰਦਰ ਸਿੰਘ, ਜਰਨੈਲ ਸਿੰਘ, ਨਿਰਮਲ ਸਿੰਘ, ਨਿਸ਼ਾਨ ਸਿੰਘ, ਲਾਲ ਰਾਮ ਸੋਢੀ, ਹਰੀ ਸਿੰਘ, ਲਖਵਿੰਦਰ ਸਿੰਘ, ਸੁਖਵਿੰਦਰ ਸਿੰਘ, ਬਲਜੀਤ ਸਿੰਘ, ਸੁਖਵਿੰਦਰ ਸਿੰਘ, ਲਖਵਿੰਦਰ ਸਿੰਘ, ਪਰਮਜੀਤ ਸਿੰਘ, ਸੁੱਚਾ ਸਿੰਘ, ਤਰਸੇਮ ਸਿੰਘ, ਸੁਰਜੀਤ ਸਿੰਘ, ਰਜਿੰਦਰ ਕੁਮਾਰ, ਪੰਚ ਮਨੋਹਰ ਮਸੀਹ, ਅਰਵਿੰਦਰ ਸਿੰਘ, ਰਿੰਪੀ ਪ੍ਰਧਾਨ, ਪਾਸਟਰ ਸਤਪਾਲ ਮਸੀਹ, ਰਾਹੁਲ ਮਸੀਹ, ਗੁਰਮੇਲ ਮਸੀਹ, ਜੂਨਸ ਮਸੀਹ, ਗਿਆਨ ਮਸੀਹ, ਰਾਜਨ ਮਸੀਹ, ਜੋਤੀ ਦੇਵੀ, ਰਾਜ ਦੇਵੀ, ਸੰਨੀ ਮਸੀਹ ਆਦਿ ਨੂੰ ਜਗਰੂਪ ਸੇਖਵਾਂ ਨੇ ਸਿਰੋਪਾਉ ਪਾ ਕੇ ਸਨਮਾਨਿਤ ਕੀਤਾ! ਇਸ ਮੌਕੇ ਜਗਰੂਪ ਸੇਖਵਾਂ ਨੇ ਕਿਹਾ ਕਿ ਪਾਰਟੀ 'ਚ ਸ਼ਾਮਿਲ ਹੋਣ ਵਾਲਿਆਂ ਦਾ ਪੂਰਾ-ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਡਾ. ਜਸਪਾਲ ਸਿੰਘ, ਮੋਹਣ ਸਿੰਘ ਮਾਰਕੀਟ ਕਮੇਟੀ ਕਾਦੀਆਂ ਦੇ ਚੇਅਰਮੈਨ, ਅਮਰ ਸਿੰਘ, ਕੁਲਵਿੰਦਰ ਸਿੰਘ, ਸੋਨਾ ਬਾਜਵਾ, ਲਾਭ ਸਿੰਘ, ਜੌਹਰ ਸਿੰਘ, ਬਲਕਾਰ ਸਿੰਘ ਅਤੇ ਸੋਹਣ ਸਿੰਘ ਹਾਜ਼ਰ ਸਨ।



# ਮਜੀਠਾ ਪੁਲਸ ਵੱਲੋਂ ਕੋਟਲਾ ਸੁਲਤਾਨ ਵਿਖੇ ਨਸ਼ਿਆਂ ਵਿਰੁੱਧ ਸੈਮੀਨਾਰ

ਮਜੀਠਾ (ਸੋਇਮ ਆਨੰਦ)– ਪੰਜਾਬ ਸਰਕਾਰ ਵੱਲੋਂ ਨਸ਼ਿਆ ਖਿਲਾਫ਼ ਵਿੱਢੀ ਗਈ ਮੁਹਿੰਮ ਤਹਿਤ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੂਕਤਾ ਕਰਨ ਲਈ ਪੰਜਾਬ ਸਰਕਾਰ ਤੇ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮਜੀਠਾ ਪੁਲਸ ਵਲੋਂ ਡੀਐੱਸਪੀ ਮਜੀਠਾ ਕਵਲਪ੍ਰੀਤ ਸਿੰਘ ਦੀ ਅਗਵਾਈ ਵਿੱਚ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ ਨਸ਼ਿਆਂ ਖਿਲਾਫ ਸੈਮੀਨਾਰ ਕਰਵਾਇਆ ਗਿਆ। ਇਸ ਜਾਗਰੂਕਤਾ ਮੁਹਿੰਮ ਤਹਿਤ ਲਾਏ ਇਸ ਸੈਮੀਨਾਰ ਵਿੱਚ ਐੱਸਐੱਚਓ ਮਜੀਠਾ ਬਲਵਿੰਦਰ ਸਿੰਘ ਭੁੱਲਰ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਨਸ਼ੇ ਤੋਂ ਬਚਾਅ ਦੇ ਤਰੀਕੇ ਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ। ਇਸ ਮੌਕੇ ਡੀਐੱਸਪੀ ਕਵਲਪ੍ਰੀਤ ਸਿੰਘ ਨੇ ਕਿਹਾ ਕਿ ਨਸ਼ਾ ਇਕ ਬਹੁਤ ਵੱਡੀ ਸਮਾਜਿਕ ਬੁਰਾਈ ਹੈ। ਇਸ ਦਾ ਖਾਤਮਾ ਬਹੁਤ ਜ਼ਰੂਰੀ ਹੈ ਜੋ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਖਤਮ ਨਹੀਂ ਹੋ ਸਕਦਾ। ਉਨ੍ਹਾਂ ਇਕੱਤਰ ਲੋਕਾਂ ਨੂੰ ਨਸ਼ੇ ਵੇਚਣ ਵਾਲਿਆਂ ਬਾਰੇ ਪੁਲਸ ਨੂੰ ਜਾਣਕਾਰੀ ਦੇਣ ਲਈ ਪ੍ਰੇਰਦਿਆਂ ਕਿਹਾ ਕਿ ਪੁਲਸ ਨੂੰ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਦੇਣ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਆਖਿਆ ਕਿ ਜਿੱਥੇ ਪੁਲਸ ਨਸ਼ੇ ਖਿਲਾਫ ਸਖ਼ਤੀ ਨਾਲ ਨਜਿੱਠਣ ਲਈ ਹਮੇਸ਼ ਵਚਨਬੱਧ ਹੈ ਉਥੇ ਆਮ ਲੋਕਾਂ ਦਾ ਸਹਿਯੋਗ ਵੀ ਬੇਹੱਦ ਜ਼ਰੂਰੀ ਹੈ, ਕਿਉਂਕਿ ਆਮ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਨਸ਼ਿਆਂ ਦਾ ਮੁਕੰਮਲ ਖਾਤਮਾ ਕਰਨਾਂ ਸੰਭਵ ਨਹੀ ਹੈ। ਡੀਐੱਸਪੀ ਨੇ ਨਸ਼ਿਆਂ ਦੇ ਖਾਤਮੇ ਲਈ ਜਿਥੇ ਲੋਕਾਂ ਤੋ ਸਹਿਯੋਗ ਦੀ ਮੰਗ ਕੀਤੀ ਉਥੇ ਉਨ੍ਹਾਂ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਦੀਆਂ ਉਦਾਰਣਾ ਦੇ ਕੇ ਨੌਜੁਆਨਾਂ ਨੂੰ ਨਸ਼ਿਆਂ ਤੋਂ ਹਮੇਸ਼ਾ ਦੂਰ ਰਹਿਣ ਲਈ ਪ੍ਰੇਰਿਆ। ਇਸ ਮੌਕੇ ਡੀਐੱਸਪੀ ਮਜੀਠਾ ਕਵਲਪ੍ਰੀਤ ਸਿੰਘ, ਥਾਣਾ ਮੁਖੀ ਬਲਵਿੰਦਰ ਸਿੰਘ ਭੁੱਲਰ, ਅਡੀਸ਼ਨਲ ਐੱਸਐੱਚਓ ਜੰਗਬਹਾਦਰ ਸਿੰਘ, ਏਐੱਸਆਈ ਰਾਜਬੀਰ ਸਿੰਘ, ਚੌਕੀ ਇੰਚਾਰਜ ਜਤਿੰਦਰਪਾਲ ਸਿੰਘ, ਗੁਰਸੇਵਕ ਸਿੰਘ, ਪਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਤੇ ਪਿੰਡ ਦੇ ਪਤਵੰਤੇ ਤੇ ਆਮ ਲੋਕ ਵੱਡੀ ਗਿਣਤੀ 'ਚ ਹਾਜ਼ਰ ਸਨ।



# ਗੁਰਦੁਆਰਾ ਤਾੜੀ ਸਾਹਿਬ ਦੇ ਬਰਸਾਤੀ ਨਾਲੇ ਨਾਲ ਲਗਦੇ 7 ਕਮਰੇ ਡਿੱਗੇ



**ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ)** ਇਤਿਹਾਸਕ ਗੁਰਦੁਆਰਾ ਸ੍ਰੀ ਤਾੜੀ ਸਾਹਿਬ ਦੇ ਬਰਸਾਤੀ ਨਾਲੇ ਨਾਲ ਲੱਗਦੇ 7 ਪੱਕੇ ਕਮਰੇ ਡਿੱਗ ਗਏ, ਜਿਨ੍ਹਾਂ ਵਿੱਚ ਪਿਆ ਕਾਫੀ ਸਮਾਨ ਮਲਬੇ ਹੇਠ ਦੱਬ ਗਿਆ ਪਰ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ । ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਬਾਬਾ ਗੱਫਾ ਸਿੰਘ, ਸੇਵਾਦਾਰ ਬਾਬਾ ਗੁਰਦੇਵ ਸਿੰਘ, ਬਾਬਾ ਗੁਰਤੇਜ ਸਿੰਘ ਅਤੇ ਬਾਬਾ ਗੁਰਨੈਬ ਸਿੰਘ ਨੇ ਦੱਸਿਆ ਕਿ ਪਿਛਲੇ ਮਹੀਨੇ ਪਏ ਭਾਰੀ ਮੀਂਹ ਕਾਰਨ ਬਰਸਾਤੀ ਨਾਲੇ ਸਮੇਤ ਖਾਲਸਾ ਮੁਹੱਲੇ ਵਿੱਚ ਕਈ ਕਈ ਫੁੱਟ ਪਾਣੀ ਦੇ ਆਉਣ ਕਾਰਨ ਗੁਰਦੁਆਰਾ ਸਾਹਿਬ ਦੇ ਕਮਰਿਆਂ ਨੇੜੇ ਬਣੇ ਇੱਕ ਟੇਲਰ ਮਾਸਟਰ ਦਾ ਬਣਿਆ ਹੋਇਆ ਪੱਕਾ ਮਕਾਨ ਡਿੱਗ ਗਿਆ ਸੀ, ਜਿਸ ਕਾਰਨ ਗੁਰਦੁਆਰਾ ਸਾਹਿਬ ਦੇ ਉਕਤ ਕਮਰਿਆਂ ਦੀਆਂ ਨੀਂਹਾਂ ਵੀ ਕਮਜ਼ੋਰ ਪੈ ਗਈਆਂ ਸਨ । ਉਨ੍ਹਾਂ ਦੱਸਿਆ ਕਿ ਇਸ ਬਰਸਾਤੀ ਨਾਲੇ ਦਾ ਪਾਣੀ ਹਰ ਸਾਲ ਬਰਸਾਤ ਦੇ ਦਿਨਾਂ ਦੌਰਾਨ ਨੁਕਸਾਨ ਕਰਦਾ ਹੈ ਪਰ ਪ੍ਰਸ਼ਾਸਨ ਇਸ ਦਾ ਕੋਈ ਵੀ ਠੋਸ ਬੰਦੋਬਸਤ ਨਹੀਂ ਕਰ ਰਿਹਾ, ਜਿਸ ਦਾ ਖਮਿਆਜ਼ਾ ਉਨ੍ਹਾਂ ਸਮੇਤ ਕਲੋਨੀ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ । ਉਨ੍ਹਾਂ ਦੱਸਿਆ ਕਿ ਡਿੱਗੇ ਕਮਰਿਆਂ ਵਿੱਚ ਪਸ਼ੂਆਂ ਤੇ ਘੋੜਿਆਂ ਦੀ ਫੀਡ , ਖਾਦ , ਟੋਕਾ ਮਸ਼ੀਨ, ਆਟਾ ਅਤੇ ਲੰਗਰ ਦੇ ਸਮਾਨ ਸਮੇਤ ਹੋਰ ਵੀ ਲੋੜਵੰਦ ਸਮਾਨ ਰੱਖਿਆ ਹੋਇਆ ਸੀ ਜੋ ਕਿ ਸਾਰਾ ਹੀ ਕਮਰਿਆਂ ਦੇ ਡਿੱਗਣ ਕਾਰਨ ਮਲਬੇ ਹੇਠ ਆ ਕੇ ਬਰਬਾਦ ਹੋ ਗਿਆ । ਉਨ੍ਹਾਂ ਦੱਸਿਆ ਕਿ ਉਕਤ ਕਮਰਿਆਂ ਦੇ ਡਿੱਗਣ ਅਤੇ ਖਰਾਬ ਹੋਏ ਸਮਾਨ ਦਾ ਕਰੀਬ 20 ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ।

# ਟਰੱਕ, ਸਕਾਰਪੀਓ ਤੇ ਕਾਰ ਅੱਗ ਲੱਗਣ ਕਾਰਨ ਸੜ ਕੇ ਸੁਆਹ

**ਫਿਲੌਰ, ( ਨਿਰਮਲ )-** ਪ੍ਰਾਪਤ ਜਾਣਕਾਰੀ ਅਨੁਸਾਰ ਹਾਈਵੇ 'ਤੇ ਬਲੈਰੋ ਗੱਡੀ ਖਰਾਬ ਖੜ੍ਹੀ ਸੀ ਜਿਸ ਵਿੱਚ ਟਰੱਕ ਆਣ ਕੇ ਵੱਜਾ ਜਿਸ 'ਚ ਕਿਸੇ ਕੈਮੀਕਲ ਦੇ ਡਰੰਮ ਲੱਦੇ ਹੋਏ ਸਨ, ਜਿਨ੍ਹਾਂ ਨੂੰ ਅੱਗ ਲੱਗਣ ਕਾਰਨ ਪਹਿਲਾਂ ਅੱਗ ਦੀ ਲਪੇਟ 'ਚ ਟਰੱਕ ਆਇਆ, ਜਿਸ ਨੇ ਬਲੈਰੋ ਨੂੰ ਆਪਣੀ ਲਪੇਟ 'ਚ ਲੈ ਲਿਆ। ਇੱਥੋਂ ਤੱਕ ਕਿ ਇਕ ਅਲਟੋ ਕਾਰ ਜੋ ਇਸ 16 ਟਾਇਰਾ ਟਰੱਕ ਵਿੱਚ ਪਿੱਛੇ ਆਣ ਵੱਜੀ ਨੂੰ ਵੀ ਅੱਗ ਨੇ ਆਪਣੀ ਲਪੇਟ ਵਿੱਚ ਲੈ ਲਿਆ। ਦੱਸਿਆ ਜਾ ਰਿਹਾ ਹੈ ਕਿ ਮੌਕੇ ਤੋਂ ਵਿਆਕਤੀ ਭੱਜਣ ਵਿੱਚ ਸਫਲ ਹੋ ਗਏ। ਕਿਹਾ ਜਾ ਰਿਹਾ ਹੈ ਕਿ ਅੱਗ 'ਤੇ ਕਾਬੂ ਪੈਣ ਉਪਰੰਤ ਪਤਾ ਚੱਲੇਗਾ ਕਿ ਕੋਈ ਜਾਨੀ ਨੁਕਸਾਨ ਤੋਂ ਬਚਾਅ ਹੈ। ਇਕ ਘੰਟਾ ਲੇਟ ਪੁੱਜੀ ਫਗਵਾੜਾ ਤੋਂ ਫਾਇਰ ਬ੍ਰਿਗੇਡ ਦੀ ਗੱਡੀ ਜਿਸ ਨੇ ਅੱਗ 'ਤੇ ਕਾਬੂ ਪਾਉਣਾ ਸ਼ੁਰੂ ਕੀਤਾ। ਭਾਵੇਂ ਗੁਰਾਇਆ ਨੂੰ ਫਾਇਰ ਬ੍ਰਿਗੇਡ ਗੱਡੀ ਮਿਲੀ ਹੋਈ ਹੈ ਜਿਸ ਦਾ ਡਰਾਈਵਰ ਨਾ ਹੋਣ ਕਰਕੇ ਇਹ ਚਿੱਟਾ ਹਾਥੀ ਸਾਬਤ ਹੋਣ 'ਤੇ ਫਗਵਾੜਾ ਤੋਂ ਫਾਇਰ ਬ੍ਰਿਗੇਡ ਗੱਡੀ ਆਈ।



# 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਨੂਰਪੁਰ ਬੇਦੀ 'ਚ ਬਲਾਕ ਪੱਧਰੀ ਮੁਕਾਬਲਿਆਂ ਦਾ ਸ਼ਾਨਦਾਰ ਅਗਾਜ਼

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** -ਸੂਬੇ 'ਚ ਖੇਡਾਂ ਨੂੰ ਹੋਰ ਜ਼ਿਆਦਾ ਉਤਸ਼ਾਹਤ ਕਰਨ ਦੇ ਮਕਸਦ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕਰਵਾਈਆਂ "ਖੇਡਾਂ ਵਤਨ ਪੰਜਾਬ ਦੀਆਂ" ਸੀਜ਼ਨ-2 ਤਹਿਤ ਨੂਰਪੁਰ ਬੇਦੀ ਬਲਾਕ ਪੱਧਰੀ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿਚ ਵੱਖ-ਵੱਖ ਉਮਰ ਵਰਗ ਦੀਆਂ ਟੀਮਾਂ ਅਤੇ ਖਿਡਾਰੀਆਂ ਨੇ ਹਿੱਸਾ ਲਿਆ। ਇਸ ਮੌਕੇ ਮਧੂਵਨ ਵਾਟਿਕਾ ਪਬਲਿਕ ਸਕੂਲ ਅਸਮਾਨਪੁਰ 'ਚ ਵਾਲੀਬਾਲ ਮੁਕਾਬਲਿਆਂ ਦੀ ਅਰਭੰਤਾ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਚੇਅਰਮੈਨ ਅਮਿਤ ਚੱਢਾ, ਬਲਾਕ ਖੇਡ ਕਨਵੀਨਰ ਅਨਿਲ ਕੁਮਾਰ ਜੋਸ਼ੀ ਅਤੇ ਅਮਨ ਕੁਮਾਰ ਚੱਢਾ ਪਹੁੰਚੇ। ਇਸ ਮੌਕੇ ਡੀ.ਏ.ਵੀ ਸਕੂਲ ਤਖਤਗੜ੍ਹ ਵਿਖੇ ਕਬੱਡੀ ਅਤੇ ਖੋ-ਖੋ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦਾ ਰਸਮੀ ਉਦਘਾਟਨ ਇੰਪਰੂਵਮੈਂਟ ਟਰੱਸਟ ਨੰਗਲ ਦੇ ਚੇਅਰਮੈਨ ਰਾਮ ਕੁਮਾਰ ਮੁਕਾਰੀ, ਪ੍ਰਿੰਸੀਪਲ ਹਰਦੀਪ ਸਿੰਘ ਤੇ ਬਾਵਾ ਸਿੰਘ ਜੇ.ਈ ਦੇ ਵੱਲੋਂ ਦੇ ਵੱਲੋਂ ਸਾਂਝੇ ਤੌਰ 'ਤੇ ਕੀਤਾ। ਅਥਲੈਟਿਕਸ ਅਤੇ ਰੱਸਾਕਸ਼ੀ ਦੇ ਮੁਕਾਬਲੇ ਟਿੱਬਾ ਨੰਗਲ ਕਾਲਜ ਦੇ ਖੇਡ ਮੈਦਾਨ 'ਚ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦਾ ਰਸਮੀ ਉਦਘਾਟਨ ਵਿਕਾਸ ਦੀਪ ਨਾਇਬ ਤਹਿਸੀਲਦਾਰ ਅਤੇ ਬੀ ਡੀ ਪੀ ਓ ਦਰਸ਼ਨ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਫੁੱਟਬਾਲ ਮੁਕਾਬਲਿਆਂ ਦਾ ਉਦਘਾਟਨ ਅਨਿਲ ਜੋਸ਼ੀ ਬਲਾਕ ਕਨਵੀਨਰ, ਜਸਵਿੰਦਰ ਸਿੰਘ, ਬਲਾਕ ਪੰਚਾਇਤ ਅਫਸਰ, ਸੋਮਨਾਥ ਅਤੇ ਬਲਾਕ ਫੁੱਟਬਾਲ ਕਨਵੀਨਰ ਜਗਜੀਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਲੜਕੀਆਂ ਅੰਡਰ-14 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਗਲ ਨੇ ਦੂਸਰਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੀਆਂ ਦੇ ਮੁਕਾਬਲਿਆਂ 'ਚ ਭੰਗਲ ਸਕੂਲ ਨੇ ਪਹਿਲਾ, ਬਜਰੂੜ ਸਕੂਲ ਨੇ ਦੂਸਰਾ ਸਥਾਨ ਹਾਸਲ ਕੀਤਾ। ਲੜਕਿਆਂ ਦੇ ਅੰਡਰ-14 ਸਾਲ ਦੇ ਮੁਕਾਬਲਿਆਂ 'ਚ ਮਧੂਬਨ ਵਾਟਿਕਾ ਪਬਲਿਕ ਸਕੂਲ ਨੇ ਬੜਵਾ ਸਕੂਲ ਨੂੰ ਹਰਾ ਕੇ ਫਾਈਨਲ 'ਚ ਜਗ੍ਹਾ ਬਣਾਈ ਅਤੇ ਕਰਤਾਰਪੁਰ ਨੇ ਸੇਂਟ ਮੈਰੀ ਸਕੂਲ ਨੂੰ ਹਰਾ ਕੇ ਫਾਈਨਲ 'ਚ ਆਪਣੀ ਜਗ੍ਹਾ ਪੱਕੀ ਕੀਤੀ। ਅੰਡਰ-17 ਦੇ ਕਾਂਗੜ ਅਤੇ ਹਰੀਪੁਰ 'ਚ ਤੇ ਟਿੱਬਾ ਨੰਗਲ ਤੇ ਨੂਰਪੁਰ ਬੇਦੀ ਫਾਈਨਲ ਮੁਕਾਬਲੇ 'ਚ ਪਹੁੰਚੀ। ਕਬੱਡੀ ਸਰਕਲ ਸਟਾਈਲ ਅੰਡਰ-14 ਲੜਕੀਆਂ ਦੇ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਸਕੂਲ ਦੀ ਟੀਮ ਜੇਤੂ ਰਹੀ। ਕਬੱਡੀ ਨੈਸ਼ਨਲ ਸਟਾਈਲ ਲੜਕੀਆਂ ਅੰਡਰ-14 'ਚ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਤਖਤਗੜ੍ਹ ਦੀ ਟੀਮ ਨੇ ਪਹਿਲਾ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਜ ਦੀ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੀਆਂ ਦੇ ਮੁਕਾਬਲੇ 'ਚ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤਖਤਗੜ੍ਹ ਨੇ ਪਹਿਲਾ, ਸਰਕਾਰੀ ਹਾਈ ਸਕੂਲ ਮਾਣਕੂ ਮਾਜਰਾ ਨੇ ਦੂਸਰਾ ਸਥਾਨ ਹਾਸਲ ਕੀਤਾ। ਖੋ-ਖੋ ਮੁਕਾਬਲਿਆਂ 'ਚ ਸਰਕਾਰੀ ਸੀਨੀਅਰ



ਸੈਕੰਡਰੀ ਕੰਨਿਆ ਸਕੂਲ ਤਖਤਗੜ੍ਹ ਪਹਿਲਾ, ਸਰਕਾਰੀ ਹਾਈ ਸਕੂਲ ਗੜਵਾਗਾ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਿੱਬਾ ਟੱਪਰੀਆਂ ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-17 ਮੁਕਾਬਲਿਆਂ 'ਚ ਸਰਕਾਰੀ ਸਕੂਲ ਨੇ ਪਹਿਲਾ ਅਤੇ ਸਰਕਾਰੀ ਸਕੂਲ ਮੁਕਾਰੀ ਨੇ ਦੂਸਰਾ ਸਥਾਨ ਹਾਸਲ ਕੀਤਾ। ਅਬਿਆਨਾ ਸਕੂਲ ਦੇ ਖੇਡ ਮੈਦਾਨ 'ਚ ਕਰਵਾਏ ਗਏ ਫੁੱਟਬਾਲ ਦੇ ਕਰਵਾਏ ਅੰਡਰ-14,17 'ਚ ਕ੍ਰਮਵਾਰ 18 ਤੇ 20 ਟੀਮ! ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਫਾਈਨਲ ਹੋਵੇਗਾ। ਇਸ ਤਰਾ ਅਥਲੈਟਿਕਸ ਦੇ ਕਰਵਾਏ ਗਏ ਮੁਕਾਬਲਿਆਂ 'ਚ ਅੰਡਰ-17 ਦੇ 100 ਮੀਟਰ ਰੇਸ 'ਚ ਸਰਬਜੀਤ ਸਿੰਘ ਨੇ ਪਹਿਲਾ, ਜਸਪ੍ਰੀਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ, ਪ੍ਰਿੰਸੀਪਲ ਜੋਬੀ ਟੀ ਅਬ੍ਰਾਹਿਮ, ਜਸਵਿੰਦਰ ਸਿੰਘ ਪ੍ਰਿੰਸੀਪਲ ਟਿੱਬਾ ਨੰਗਲ, ਪ੍ਰਿੰਸੀਪਲ ਜਗਤਾਰ ਸਿੰਘ ਧਮਾਣਾ, ਅਨਿਲ ਜੋਸ਼ੀ ਪ੍ਰਿੰਸੀਪਲ ਕਾਹਨਪੁਰ ਖੂਹੀ, ਗੁਰਵਿੰਦਰ ਸਿੰਘ ਸਸਕੌਰ, ਸੰਜੀਵ ਕੁਮਾਰ, ਅਨਿਲ ਕੁਮਾਰ, ਸੁਖਪ੍ਰੀਤ ਸਿੰਘ, ਬਖਸ਼ੀ ਹਾਰੀਸ ਸੋਨੀ,ਹਰਵਿੰਦਰ ਪਾਲ ਕੌਰ, ਮਨਜੀਤ ਕੌਰ, ਰੇਖਾ ਰਾਣੀ, ਅਮਰਜੀਤ ਸਿੰਘ ਸੈਣੀ, ਧਰਮਵੀਰ ਸਿੰਘ, ਮਾਸਟਰ ਸੰਜੀਵ ਕੁਮਾਰ ਮੋਠਾਪੁਰ, ਲੈਕਚਰਾਰ ਤਰਨਜੀਤ ਸਿੰਘ ਰਾਠੌਰ, ਪੰਕਜ ਵਿਸ਼ਿਸ਼ਟ, ਹਰਜਿੰਦਰ ਸਿੰਘ, ਗੁਰਵਿੰਦਰ ਸਿੰਘ, ਗੁਰਮੀਤ ਸਿੰਘ ਧਮਾਣਾ, ਕੁਲਵਿੰਦਰ ਸਿੰਘ,ਬਲਵਿੰਦਰ ਸਿੰਘ,ਇੰਦਰਜੀਤ ਸਿੰਘ ਜਸਵਿੰਦਰ ਸਿੰਘ ਲਾਡੀ, ਨਿਰਮਲ ਸਿੰਘ ਹਾਜ਼ਰ ਸਨ।

# ਪੰਜਵੀਂ ਚੇਤਨਾ ਪ੍ਰੀਖਿਆ 'ਚ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਦਿਖਾਇਆ ਵੱਡਾ ਉਤਸ਼ਾਹ



**ਖਰੜ (ਹਰਨਾਮ ਸਿੰਘ ਡੱਲਾ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅਗਵਾਈ 'ਚ ਲਈ ਜਾਣ ਵਾਲੀ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਅੱਜ ਮੁਕੰਮਲ ਹੋ ਗਈ । ਇਸ ਸੰਬੰਧੀ ਮੀਡੀਆ ਇੰਚਾਰਜ ਕਰਮਜੀਤ ਸਕਰੁੱਲਾਂਪੁਰੀ ਨੇ ਦੱਸਿਆ ਕਿ ਖ਼ਰੜ ਇਲਾਕੇ ਦੇ ਸਕੂਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੀਗੇਮਾਜਰਾ ਦੇ 45 ਵਿਦਿਆਰਥੀ, ਐਸ ਐਨ ਪਬਲਿਕ ਸਕੂਲ ਗੀਗੇਮਾਜਰਾ ਦੇ 106, ਸਰਕਾਰੀ ਮਾਡਲ ਸੀ.ਸੈ.ਸਕੂਲ ਖਰੜ ਦੇ 41 ਅਤੇ ਟੈਗੋਰ ਨਿਕੇਤਨ ਹਾਈ ਸਕੂਲ ਖਰੜ ਦੇ 84 ਵਿਦਿਆਰਥੀਆਂ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਹੌੜਾਂ ਦੇ 101ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਭਾਗ ਲਿਆ। ਮੋਰਿੰਡਾ ਏਰੀਏ ਦੇ ਬੱਚਿਆਂ ਨੇ ਵੀ ਇਸ ਵਾਰ ਵੱਡੀ ਗਿਣਤੀ ਵਿੱਚ ਇਸ ਪ੍ਰੀਖਿਆ ਵਿੱਚ ਭਾਗ ਲਿਆ। ਇਕਾਈ ਮੁਖੀ ਕੁਲਵਿੰਦਰ ਨਗਾਰੀ ਨੇ ਕਿਹਾ ਕਿ ਇਕਾਈ ਦੀ ਦੇਖ ਰੇਖ ਅਤੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਦੇ ਵਡਮੁੱਲੇ ਯੋਗਦਾਨ ਸਦਕਾ ਇਸ ਵਾਰ ਕੁੱਲ 496 ਬੱਚੇ ਇਸ ਪ੍ਰੀਖਿਆ ਵਿੱਚ ਬੈਠ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਸਮਾਜ ਵਿੱਚ ਖ਼ਾਸ ਕਰਕੇ ਬੱਚਿਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਉਦੇਸ਼ ਨਾਲ ਇਹ ਪ੍ਰੀਖਿਆ ਦਾ ਆਯੋਜਨ ਕੀਤਾ ਜਾਂਦਾ ਹੈ । ਉਨ੍ਹਾਂ ਕਿਹਾ ਕਿ ਇਹ ਪ੍ਰੀਖਿਆ ਪਹਿਲਾਂ 26 ਅਤੇ 27 ਅਗਸਤ ਨੂੰ ਹੋਣੀ ਸੀ ਪਰ ਐਨ ਮੌਕੇ ਤੇ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਛੁੱਟੀਆਂ ਹੋ ਜਾਣ ਕਾਰਨ ਇਹ ਪ੍ਰੀਖਿਆ ਹੁਣ ਵਿਦਿਆਰਥੀ ਅਤੇ ਸਕੂਲਾਂ ਦੀ ਸਹੂਲਤ ਮੁਤਾਬਕ 2 ਅਤੇ 3 ਸਤੰਬਰ ਨੂੰ ਲਈ ਗਈ। ਜ਼ੋਨ ਮੁਖੀ ਗੁਰਮੀਤ ਖਰੜ ਨੇ ਦੱਸਿਆ ਕਿ ਇਸ ਵਾਰ ਵਿਦਿਆਰਥੀਆਂ ਦੇ ਨਾਲ ਨਾਲ ਅਧਿਆਪਕ ਵਰਗ ਨੇ ਵੀ ਇਸ ਪ੍ਰੀਖਿਆ ਵਿੱਚ ਵਿਸ਼ੇਸ਼ ਰੁਚੀ ਦਿਖਾਈ । ਇੱਕ ਵਧੀਆ, ਉਸਾਰੂ ਅਤੇ ਲੁੱਟ-ਖਸੁੱਟ ਰਹਿਤ ਸਮਾਜ ਦੀ ਸਿਰਜਣਾ ਲਈ ਜਾਗਰੂਕ ਲੋਕਾਂ ਨੂੰ ਅੱਗੇ ਹੋ ਕੇ ਕੰਮ ਕਰਨਾ ਪਵੇਗਾ। ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਮਾ.ਜਰਨੈਲ ਸਹੌੜਾਂ, ਜਸਵੀਰ ਸਿੰਘ ਸ਼ਾਂਤਪੁਰੀ, ਸਰਬਜੀਤ ਸਿੰਘ ਦੁੱਮਣਾ, ਸੁਸ਼ੀਲ ਕੁਮਾਰ, ਗੁਰਜੰਟ ਸਿੰਘ , ਡਾ.ਦਲਜੀਤ ਰਾਣੀ, ਅਮਨਦੀਪ ਕੌਰ, ਜਸਵਿੰਦਰ ਕੌਰ, ਸੀਮਾ ਰਾਣੀ, ਜੋਤੀ ਸ਼ਾਹੀ ਅਤੇ ਹਰਪ੍ਰੀਤ ਕੌਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਹੋ ਜਿਹੀਆਂ ਪ੍ਰੀਖਿਆਵਾਂ ਜਿੱਥੇ ਵਿਗਿਆਨਕ ਸੂਝ-ਬੂਝ ਵਿਕਸਤ ਕਰਨ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ ਉੱਥੇ ਹੀ ਇਹੋ ਜਿਹੇ ਇਮਤਿਹਾਨ ਬੱਚਿਆਂ ਨੂੰ ਸਵੈ ਅਧਿਐਨ ਲਈ ਵੀ ਪ੍ਰੇਰਿਤ ਕਰਦੇ ਹਨ।

# ਪ ਸ ਸ ਫ ਦੀ ਸੂਬਾ ਪੱਧਰੀ ਮੀਟਿੰਗ

**ਜਲੰਧਰ (ਰਾਜੇਸ਼ ਥਾਪਾ)-** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਦੀ ਸੂਬਾ ਫੈਡਰਲ ਕੌਂਸਲ ਦੀ ਇੱਕ ਅਹਿਮ ਮੀਟਿੰਗ ਸੂਬਾ ਪ੍ਰਧਾਨ ਸਤੀਸ਼ ਰਾਣਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਜਥੇਬੰਦੀ ਦੇ ਸੂਬਾ ਅਤੇ ਜ਼ਿਲ੍ਹਿਆਂ ਦੇ ਆਗੂਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਜਥੇਬੰਦੀ ਦੇ ਸੂਬਾ ਜੁਆਇੰਟ ਸਕੱਤਰ ਜਤਿੰਦਰ ਕੁਮਾਰ ਨੇ ਦੱਸਿਆ ਕਿ ਮੀਟਿੰਗ ਦੇ ਆਰੰਭ ਵਿੱਚ ਪਿਛਲੇ ਕੀਤੇ ਐਕਸ਼ਨਾਂ ਦਾ ਰੀਵਿਊ ਕੀਤਾ ਗਿਆ, ਜਿਸ ਵਿੱਚ 9 ਤੋਂ 11 ਅਗਸਤ ਤੱਕ ਕੀਤੇ ਚਾਰ ਜਥਾ ਮਾਰਚਾਂ, 20 ਅਗਸਤ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਜਲੰਧਰ ਵਿਖੇ ਹੋਈ ਸੂਬਾਈ ਕਨਵੈਨਸ਼ਨ, ਜ਼ਿਲ੍ਹਿਆਂ ਅੰਦਰ ਕੀਤੇ ਐਕਸ਼ਨਾਂ ਦਾ ਰੀਵਿਊ ਕੀਤਾ ਗਿਆ ਅਤੇ ਪ.ਸ.ਸ.ਫ. ਦੇ ਝੰਡੇ ਹੇਠ ਸੂਬਾਈ ਅਤੇ ਜ਼ਿਲ੍ਹਿਆਂ ਦੇ ਐਕਸ਼ਨਾਂ ਵਿੱਚ ਮੁਲਾਜ਼ਮਾਂ ਵੱਲੋਂ ਕੀਤੀ ਸ਼ਮੂਲੀਅਤ ਸੱਬੰਧੀ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਮੁਲਾਜ਼ਮ ਵਰਗ ਦਾ ਧੰਨਵਾਦ ਕੀਤਾ ਗਿਆ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਪ.ਸ.ਸ.ਫ. ਦੇ ਸਾਬਕਾ ਜਨਰਲ ਸਕੱਤਰ ਅਤੇ ਆਲ ਇੰਡੀਆ ਦੇ ਸਾਬਕਾ ਕੌਮੀ ਵਾਇਸ ਚੇਅਰਮੈਨ ਸਾਥੀ ਵੇਦ ਪ੍ਰਕਾਸ਼ ਸ਼ਰਮਾ ਵੱਲੋਂ ਜਥੇਬੰਦੀ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਮੌਜੂਦਾ ਹਲਾਤ ਵਿੱਚ ਜਥੇਬੰਦ ਹੋ ਕੇ ਸਾਂਝੇ ਸੰਘਰਸ਼ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ। ਉਨ੍ਹਾਂ ਤਾਮਿਲਨਾਡੂ ਦੇ ਮੁਲਾਜ਼ਮਾਂ ਵੱਲੋਂ ਕੀਤੀ ਸੂਬਾਈ ਕਾਨਫਰੰਸ ਸੰਬੰਧੀ ਵੀ ਜਾਣਕਾਰੀ ਦਿੱਤੀ। ਇਸ ਉਪਰੰਤ ਵੱਖ-ਵੱਖ ਵਿਭਾਗੀ ਜਥੇਬੰਦੀਆਂ ਦੇ ਚੱਲ ਰਹੇ ਸੰਘਰਸ਼ਾਂ ਸੰਬੰਧੀ ਵੀ ਵਿਚਾਰ-ਚਰਚਾ ਕੀਤੀ ਗਈ। ਸੂਬਾ ਵਿੱਤ ਸਕੱਤਰ ਸਾਥੀ ਗੁਰਦੀਪ ਸਿੰਘ ਬਾਜਵਾ ਨੇ ਵਿੱਤ ਦੇ ਹਿਸਾਬ ਕਿਤਾਬ ਦੀ ਜਾਣਕਾਰੀ ਦਿੱਤੀ ਅਤੇ ਬਕਾਇਆ ਫੰਡ ਜਮ੍ਹਾਂ ਕਰਵਾਉਣ ਦੀ ਅਪੀਲ ਕੀਤੀ। ਅਗਲੇ ਸੰਘਰਸ਼ਾਂ ਸੰਬੰਧੀ ਸਾਥੀ ਰਾਣਾ ਵਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਂਝੇ ਫਰੰਟ ਵੱਲੋਂ ਜਲੰਧਰ ਕਨਵੈਨਸ਼ਨ ਦੌਰਾਨ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਖੇਤਰੀ ਰੈਲੀਆਂ ਕਰਨ ਦਾ ਐਲਾਨ ਕੀਤਾ ਗਿਆ ਸੀ ਜਿਸੇ ਤਹਿਤ 10 ਸਤੰਬਰ ਨੂੰ ਅੰਮ੍ਰਿਤਸਰ, 17 ਸਤੰਬਰ ਨੂੰ



ਸੰਗਰੂਰ, 24 ਸਤੰਬਰ ਨੂੰ ਜਲੰਧਰ ਅਤੇ ਮਲੋਟ ਵਿਖੇ ਰੈਲੀਆਂ ਕੀਤੀਆਂ ਜਾਣਗੀਆਂ ਅਤੇ 14 ਅਕਤੂਬਰ ਨੂੰ ਦਾਣਾ ਮੰਡੀ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਅਤੇ ਕੰਨਫੈਡਰੇਸ਼ਨ ਆਫ ਸੈਂਟਰਲ ਗਵਰਨਮੈਂਟ ਇੰਪਲਾਈਜ਼ ਐਂਡ ਵਰਕਰਜ਼ ਦੇ ਸਾਂਝੇ ਸੱਦੇ 'ਤੇ 3 ਨਵੰਬਰ ਨੂੰ ਦਿੱਲੀ ਵਿਖੇ ਕੀਤੀ ਜਾਣ ਵਾਲੀ ਨੈਸ਼ਨਲ ਰੈਲੀ ਵਿੱਚ ਵੀ ਸੈਂਕੜੇ ਮੁਲਾਜ਼ਮਾਂ ਵੱਲੋਂ ਸ਼ਮੂਲੀਅਤ ਕਰਨ ਦਾ ਪ੍ਰੋਗਰਾਮ ਬਣਾਇਆ ਗਿਆ। ਇਸ ਮੀਟਿੰਗ ਵਿੱਚ ਉਪਰੋਕਤ ਆਗੂਆਂ ਤੋਂ ਇਲਾਵਾ ਮੱਖਣ ਸਿੰਘ ਵਾਹਿਦਪੁਰੀ, ਗੁਰਦੇਵ ਸਿੰਘ ਸਿੱਧੂ, ਅਨਿਲ ਕੁਮਾਰ ਗਰਗ, ਸੁਭਾਸ਼ ਚੰਦਰ, ਬੀਰਇੰਦਰਜੀਤ ਪੁਰੀ, ਗੁਰਪ੍ਰੀਤ ਸਿੰਘ ਹੀਰ, ਬਲਜਿੰਦਰ ਸਿੰਘ, ਬੋਬਿੰਦਰ ਸਿੰਘ, ਅਮਰੀਕ ਸਿੰਘ, ਮੋਹਣ ਸਿੰਘ ਪੂਨੀਆ, ਨਿਰਭੈ ਸਿੰਘ ਸ਼ੰਕਰ, ਕਰਮ ਸਿੰਘ, ਗੁਰਤੇਜ ਸਿੰਘ ਖਹਿਰਾ, ਸ਼ਿਵ ਕੁਮਾਰ, ਜਗਦੀਪ ਸਿੰਘ ਮਾਂਗਟ, ਤਰਸੇਮ ਮਾਧੋਪੁਰੀ, ਗੁਰਪ੍ਰੀਤ ਰੰਗੀਲਪੁਰ, ਰਜਿੰਦਰ ਰਿਆੜ, ਲਖਵਿੰਦਰ ਸਿੰਘ ਖਾਨਪੁਰ, ਸਤਨਾਮ ਸਿੰਘ, ਬੂਟਾ ਸਿੰਘ, ਕੁਲਦੀਪ ਵਾਲੀਆ, ਜਸਪ੍ਰੀਤ ਸਿੰਘ, ਰਾਜ ਕੁਮਾਰ, ਗੁਰਦੀਸ਼ ਸਿੰਘ, ਦਿਲਬਾਗ ਸਿੰਘ, ਸੁਰਜੀਤ ਸਿੰਘ, ਪ੍ਰਵੀਨ ਬਾਲਾ, ਜਸਵੀਰ ਕੌਰ, ਕੁਲਦੀਪ ਕੌਰ, ਹਰਬੰਸ ਸਿੰਘ, ਤੇਜਿੰਦਰ ਸਿੰਘ, ਸੁਖਵਿੰਦਰਜੀਤ ਸਿੰਘ, ਸਤਨਾਮ ਸਿੰਘ, ਦਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

## ਬਲਾਕ ਪੱਧਰ ਦਾ ਟੂਰਨਾਮੈਂਟ ਮਿਲਟਰੀ ਗਰਾਊਂਡ ਵਿਖੇ ਸ਼ੁਰੂ



**ਮੋਰਿੰਡਾ ( ਜੈਜੀ ਸਰਦਾਰ)** ਪੰਜਾਬ ਸਰਕਾਰ ਵੱਲੋਂ ਖੇਡਾਂ ਦਾ ਸੱਭਿਆਚਾਰ ਵਿਕਸਤ ਕਰਨ ਦੇ ਉਪਰਾਲੇ ਕਰਨ ਲਈ ਸ਼ੁਰੂ ਕੀਤੇ "ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ 2" ਬਲਾਕ ਪੱਧਰ ਦਾ ਟੂਰਨਾਮੈਂਟ ਸਥਾਨਕ ਮਿਲਟਰੀ ਗਰਾਊਂਡ ਵਿਖੇ ਸ਼ੁਰੂ ਹੋਇਆ। ਉਪ ਮੰਡਲ ਮੈਜਿਸਟਰੇਟ ਦੀਪਾਂਕਰ ਗਰਗ ਅਤੇ ਟੂਰਨਾਮੈਂਟ ਦੇ ਇੰਚਾਰਜ ਸੁਰਿੰਦਰ ਕੁਮਾਰ ਘਈ ਬੀ ਐਨ ਓ, ਪ੍ਰਿੰਸੀਪਲ ਮਲਕੀਤ ਸਿੰਘ ਦੀ ਦੇਖ ਰੇਖ ਹੇਠ ਸ਼ੁਰੂ ਹੋਏ ਇਸ ਟੂਰਨਾਮੈਂਟ ਦਾ ਉਦਘਟਨ ਤਹਿਸੀਲਦਾਰ ਮੋਰਿੰਡਾ ਮਨਿੰਦਰ ਸਿੰਘ ਸਿੱਧੂ ਨੇ ਕੀਤਾ। ਇਸ ਮੌਕੇ ਡੀ ਐਸ ਪੀ ਮਨਜੀਤ ਸਿੰਘ ਔਲਖ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਮਦਦ ਕਰਦੀਆਂ ਹਨ। ਬੱਚਿਆਂ ਲਈ ਖਾਣੇ, ਪਾਣੀ, ਡਾਕਟਰ ਪਰਮਿੰਦਰ ਸਿੰਘ ਦੀ ਟੀਮ ਮੈਡੀਕਲ ਸੇਵਾਵਾਂ ਦੇਣ ਲਈ ਪੁਖਤਾ ਪ੍ਰਬੰਧ ਹਨ। ਇਸ ਮੌਕੇ ਅੱਜ ਅਥਲੈਟਿਕਸ, ਖੋ ਖੋ ਅਤੇ ਕਬੱਡੀ ਦੇ ਮੁਕਾਬਲੇ ਕਰਵਾਏ ਗਏ।

## ਐਕਟਿਵਾ ਸਵਾਰ ਔਰਤ ਦੀ ਸੜਕ ਹਾਦਸੇ 'ਚ ਦਰਦਨਾਕ ਮੌਤ

**ਫਿਲੌਰ ( ਨਿਰਮਲ )-** ਸਵੇਰੇ 9 ਵਜੇ ਦੇ ਕਰੀਬ ਤਲਵਣ ਰੋਡ ਫਿਲੌਰ ਦੀ ਰਹਿਣ ਵਾਲੀ ਪੂਨਮ ਪਤਨੀ ਵਿਜੇ ਕੁਮਾਰ ਆਪਣੀ ਐਕਟਿਵਾ 'ਤੇ ਸਵਾਰ ਹੋ ਕੇ ਨੂਰਮਹਿਲ ਰੋਡ ਗੰਨਾ ਪਿੰਡ ਵਿਖੇ ਬਣੇ ਰਾਧਾ ਸੁਆਮੀ ਸਤਿਸੰਗ ਘਰ ਵਿਖੇ ਸਤਿਸੰਗ ਸੁਣਨ ਜਾ ਰਹੀ ਸੀ ਕਿ ਪ੍ਰੀਤਮ ਪੈਲੇਸ ਕੋਲ ਪਿੱਛੋਂ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰੀ ਅਤੇ ਫਰਾਰ ਹੋ ਗਿਆ । ਜ਼ਖਮੀ ਪੂਨਮ ਰਾਣੀ ਨੂੰ ਕੋਈ ਰਾਹਗੀਰ ਆਪਣੀ ਗੱਡੀ 'ਚ ਪਾ ਕੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਲਿਆ ਰਿਹਾ ਸੀ ਕਿ ਜ਼ਖਮੀ ਪੂਨਮ ਰਾਣੀ ਦੀ ਰਸਤੇ ਵਿੱਚ ਹੀ ਮੌਤ ਹੋ ਗਈ। ਮੌਕੇ 'ਤੇ ਸਿਵਲ ਹਸਪਤਾਲ ਵਿੱਚ ਮ੍ਰਿਤਕ ਪੂਨਮ ਦੇ ਘਰ ਦੇ ਵੀ ਹਸਪਤਾਲ ਪੁੱਜ ਗਏ । ਥਾਣਾ ਫਿਲੌਰ ਦੇ ਏ ਐਸ ਆਈ ਜੈ ਗੋਪਾਲ ਨੇ ਹਸਪਤਾਲ ਪੁੱਜ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ। ]

## ਹੜ੍ਹਾਂ ਦੌਰਾਨ ਸਿਰਫ ਫੋਟੋਆਂ ਤੱਕ ਸੀਮਤ ਰਹੇ ਲੀਡਰ : ਅਮਰੀਕ ਸਿੰਘ



**ਫਿਲੌਰ (ਨਿਰਮਲ)-** ਭਾਕਿਯੂ ਕਾਦੀਆਂ ਦੀ ਮੀਟਿੰਗ ਪ੍ਰਧਾਨ ਅਮਰੀਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਯੂਨੀਅਨ ਨੇ ਮੰਗ ਕੀਤੀ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਸਰਕਾਰ ਭਰਪਾਈ ਕਰੇ ਤੇ ਘੱਟ ਤੋਂ ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਦਰਿਆਵਾਂ ਦੇ ਬੰਨ੍ਹਾਂ ਦੀ ਮੁਰੰਮਤ ਕਰਵਾਈ ਜਾਵੇ। ਹੜ੍ਹਾਂ ਵਿਚ ਲੋਕਾਂ ਵੱਲੋਂ ਲੰਗਰ ਚਲਾਏ ਗਏ ਜਦ ਕਿ ਸਰਕਾਰੀ ਅਫਸਰ ਤੇ ਲੀਡਰ ਸਿਰਫ ਫੋਟੋਆਂ ਹੀ ਕਰਾਉਂਦੇ ਨਜ਼ਰ ਆਏ। ਯੂਨੀਅਨ ਨੇ ਕਿਹਾ ਕਿ ਕਿਸਾਨਾਂ ਦੇ ਖੇਤ 'ਚ ਆਏ ਰੇਤੇ ਨੂੰ ਚੁੱਕਣ ਦੀ ਆਗਿਆ ਦਿੱਤੀ ਜਾਵੇ। ਆੜ੍ਹਤੀਆਂ ਵੱਲੋਂ ਕਿਸਾਨਾਂ ਨੂੰ ਯੂਰੀਏ ਨਾਲ ਹੋਰ ਸਾਮਾਨ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ ਉਸ 'ਤੇ ਰੋਕ ਲਾਈ ਜਾਵੇ। ਆਵਾਰਾ ਪਸ਼ੂਆਂ ਦਾ ਹੱਲ ਕੀਤਾ ਜਾਵੇ। ਇਸ ਤੋਂ ਇਲਾਵਾ ਯੂਨੀਅਨ ਨੇ ਕਿਹਾ ਕਿ ਆਪ ਸਰਕਾਰ ਨੇ ਜੋ ਵਾਅਦੇ ਕੀਤੇ ਉਹ ਸਿਰਫ ਝੂਠੇ ਤੇ ਖੋਖਲੇ ਹੀ ਸਾਬਤ ਹੋਏ ਕਿਉਂਕਿ ਪੰਜਾਬ 'ਚ ਨਸ਼ਾ ਤੇ ਰਿਸ਼ਵਤਖੋਰੀ ਬੰਦ ਹੋਣ ਦੀ ਵਜਾਏ ਦੁੱਗਣੀ ਹੋ ਗਈ ਹੈ। ਜੇ ਕੋਈ ਨਸ਼ੇ ਖਿਲਾਫ ਆਵਾਜ਼ ਚੁੱਕਦਾ ਹੈ ਉਸ 'ਤੇ ਹੀ ਪਰਚਾ ਦਰਜ ਕਰਕੇ ਜੇਲ੍ਹ ਸੁੱਟ ਦਿੱਤਾ ਜਾਂਦਾ ਹੈ। ਇਸ ਮੌਕੇ ਭਾਕਿਯੂ ਦੇ ਵੱਡੀ ਗਿਣਤੀ 'ਚ ਆਗੂ ਸਾਮਿਲ ਹੋਏ।

## 6 ਨੂੰ ਮਨਾਇਆ ਜਾਵੇਗਾ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ



**ਲੋਹੀਆਂ ਖਾਸ, (ਯੋਗੇਸਵਰ, ਰੀਨਾ ਸ਼ਰਮਾ)** : ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ,ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਦੀ ਕਿਰਪਾ ਅਤੇ ਗੱਦੀਨਸ਼ੀਨ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਦੇ ਆਸ਼ੀਰਵਾਦ ਤੇ ਅਗਵਾਈ ਹੇਠ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ 6 ਸਤੰਬਰ ਨੂੰ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਵਿਖੇ ਸ਼ਰਧਾ ਭਾਵਨਾ, ਰੀਤੀ ਰਿਵਾਜਾਂ ਤੇ ਭਗਤੀ ਭਾਵ ਨਾਲ ਮਨਾਇਆ ਜਾ ਰਿਹਾ ਹੈ। ਰਾਤ 8 ਵਜੇ ਤੋਂ ਸ੍ਰੀ ਕ੍ਰਿਸ਼ਨ ਭਗਤ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ, ਜਦਕਿ 11:30 ਵਜੇ ਤੱਕ ਪੂਜਾ ਅਰਚਨਾ ਕੀਤੀ ਜਾਵੇਗੀ । ਰਾਤ ਅੱਠ ਵਜੇ ਤੋਂ ਲੰਗਰ ਪ੍ਰਸ਼ਾਦ ਅਤੁੱਟ ਵਰਤਾਇਆ ਜਾਵੇਗਾ। ਇਸ ਉਤਸਵ ਵਿੱਚ ਸ੍ਰੀ ਕ੍ਰਿਸਨ ਭਗਤਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਪ੍ਰੋਗਰਾਮ ਵਿੱਚ ਆਪਣੇ ਨੰਨ੍ਹੇ ਮੁੰਨੇ ਬੱਚਿਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਿਚ ਤਿਆਰ ਕਰਕੇ ਵੀ ਲਿਆਉਣ।

## ਬਾਬਾ ਦਾਦਾ ਪੇਦਾ ਦੇ ਦਰਬਾਰ 'ਤੇ ਸਲਾਨਾ ਮੇਲਾ ਅੱਜ ਤੋਂ



**ਕਾਲਾ ਸੰਘਿਆਂ (ਮਨਜੀਤ ਮਾਨ)-** ਪਿੰਡ ਉੱਗੀ ਵਿਖੇ ਦਰਬਾਰ ਬਾਬਾ ਦਾਦਾ ਪੇਦਾ ਦੇ ਅਸਥਾਨ 'ਤੇ ਸਲਾਨਾ 12 ਵਾਂ ਮੇਲਾ ਦਰਬਾਰ ਦੇ ਮੁੱਖ ਗੱਦੀਨਸ਼ੀਨ ਬਾਵਾ ਜੀ ਉੱਗੀ ਵਾਲਿਆਂ ਦੀ ਰਹਿਨੁਮਾਈ ਹੇਠ ਦਰਬਾਰ ਬਾਬਾ ਦਾਦਾ ਪੇਦਾ ਦੀ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਇਲਾਕਾ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 4,5 ਸਤੰਬਰ ਨੂੰ ਬਹੁਤ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਦਰਬਾਰ ਦੇ ਮੁੱਖ ਸੇਵਾਦਾਰ ਬਾਵਾ ਜੀ ਉੱਗੀ ਵਾਲਿਆਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 4 ਸਤੰਬਰ ਨੂੰ ਸਵੇਰੇ 10 ਵਜੇ ਚਾਦਰ ਤੇ ਝੰਡੇ ਦੀ ਰਸਮ ਹੋਵੇਗੀ ਤੇ 5 ਸਤੰਬਰ ਨੂੰ ਪੰਜਾਬ ਦੇ ਪ੍ਰਸਿੱਧ ਗਾਇਕ ਦਲਵਿੰਦਰ ਦਿਆਲਪੁਰੀ ਤੇ ਕਵਾਲ ਦੇਵ ਕਵਾਲ, ਬਲਕਾਰ ਕਵਾਲ ਮੇਲੇ 'ਚ ਦਰਬਾਰ 'ਤੇ ਆਪਣੀ ਹਾਜ਼ਰੀ ਭਰਨਗੇ। ਇਸ ਮੌਕੇ ਵੱਖ ਵੱਖ ਖੇਤਰਾਂ 'ਚ ਮੱਲਾਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

## ਦੋ ਭਰਾਵਾਂ ਪਾਸੋਂ ਹੈਰੋਇਨ ਬਰਾਮਦ, ਜੇਲ੍ਹ ਭੇਜੇ

**ਕਾਲਾ ਸੰਘਿਆਂ (ਮਨਜੀਤ ਮਾਨ)** ਸੁਖਪਾਲ ਸਿੰਘ ਉੱਪ ਪੁਲਸ ਕਪਤਾਨ ਸਬ ਡਵੀਜ਼ਨ ਨਕੋਦਰ ਨੇ ਦੱਸਿਆ ਕਿ 2 ਸਤੰਬਰ ਦੀ ਰਾਤ ਨੂੰ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਪੁਲਿਸ ਚੌਕੀ ਉੱਗੀ ਨੇ ਆਪਣੀ ਪੁਲਸ ਪਾਰਟੀ ਸਮੇਤ ਕਸਬਾ ਮੱਲ੍ਹੀਆਂ ਕਲਾਂ ਵਿੱਚ ਨਾਕਾਬੰਦੀ ਕੀਤੀ ਹੋਈ ਸੀ। ਉਕਤ ਪਾਰਟੀ ਨੇ ਨਾਕਾਬੰਦੀ ਦੌਰਾਨ ਗੱਡੀ ਨੰਬਰ ਡੀ ਐਲ 06-ਸੀ ਐਸ 8616 ਮਾਰਕਾ ਸਵਿਫਟ ਗੱਡੀ ਗੁਰਜੰਟ ਸਿੰਘ ਪੁੱਤਰ ਸਰਮੇਲ ਸਿੰਘ, ਜਗਰੂਪ ਸਿੰਘ ਪੁੱਤਰ ਸਰਮੇਲ ਸਿੰਘ ਦੋਵੇਂ ਵਾਸੀਅਨ ਭਿਖੀਵਿੰਡ ਥਾਣਾ ਜ਼ਿਲ੍ਹਾ ਤਰਨ ਤਾਰਨ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 50 ਗ੍ਰਾਮ ਹੈਰੋਇਨ ਬਰਾਮਦ ਕੀਤੀ, ਜਿਸ 'ਤੇ ਦੋਸ਼ੀਆਂ ਖਿਲਾਫ ਮੁਕੱਦਮਾ ਥਾਣਾ ਸਦਰ ਨਕੋਦਰ ਦਰਜ ਕਰਕੇ ਦੋਸ਼ੀਆਂ ਨੂੰ ਮਾਣਯੋਗ ਕੋਰਟ ਵਿੱਚ ਪੇਸ਼ ਕਰਕੇ ਜੇਲ੍ਹ ਭੇਜਿਆ ਗਿਆ।

## ਜਨਮ ਦਿਨ ਮੁਬਾਰਕ



ਮਾਇਰਾ, ਹੁਸ਼ਿਆਰਪੁਰ



ਦੈਵਿਕ ਧੀਰ, ਬਠਿੰਡਾ



ਜਪਤੇਸ਼ਵਰ ਸਿੰਘ, ਸ੍ਰੀ ਮੁਕਤਸਰ ਸਾਹਿਬ



ਖੁਸ਼ਮੰਨਤ ਕੌਰ, ਮੋਰਿੰਡਾ



ਗੋਪੇਸ਼, ਸ਼ਾਹਕੋਟ

## ਵਰ੍ਹੇਗੰਢ ਮਨਾਈ



ਗੁਰਲਾਲ ਸਿੰਘ ਤੇ ਜਸਪ੍ਰੀਤ ਕੌਰ ਵਾਸੀ ਪਿੰਡ ਸ਼ੀਹਾਂਪਾੜੀ ਨੇ ਵਿਆਹ ਦੀ ਪਹਿਲੀ ਵਰ੍ਹੇਗੰਢ ਮਨਾਈ

# ਸਰਕਾਰੀ ਸਕੂਲ ਅਜਨੋਹਾ ਦੇ ਖਿਡਾਰੀਆਂ ਨੇ ਚਮਕਾਇਆ ਸਕੂਲ ਦਾ ਨਾਂਅ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਪੰਜਾਬ ਸਕੂਲ ਦੇ ਜ਼ੋਨ ਖੇਡ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਦੇ ਵਿਦਿਆਰਥੀਆਂ ਨੇ ਇਨਾਮ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਵਾਲੀਬਾਲ ਟੀਮ (ਲੜਕੇ) ਅੰਡਰ-19 ਨੇ ਬੱਡੋਂ ਜ਼ੋਨ ਵਿੱਚੋਂ ਪਹਿਲਾ ਸਥਾਨ, ਬੈਡਮਿੰਟਨ ਟੀਮ (ਲੜਕੇ) ਅੰਡਰ-17 ਨੇ ਬੱਡੋਂ ਜ਼ੋਨ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਜਸਵੀਰ ਕੁਮਾਰ ਨੇ ਕਿਹਾ ਕਿ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਦਾ ਕ੍ਰੈਡਿਟ ਮੈਡਮ ਰਾਜਵਿੰਦਰ ਕੌਰ ਲੈਕਚਰਾਰ ਫਿਜ਼ੀਕਲ ਐਜੂਕੇਸ਼ਨ ਨੂੰ ਜਾਂਦਾ ਹੈ ਜਿਨ੍ਹਾ ਨੇ ਵਿਦਿਆਰਥੀਆਂ ਨੂੰ ਮਿਹਨਤ ਕਰਵਾਈ। ਸਕੂਲ ਸਟਾਫ ਨੇ ਵਿਦਿਆਰਥੀਆਂ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਹਰਮਨੋਜ ਕੁਮਾਰ, ਜਤਿੰਦਰ ਸਿੰਘ, ਸਰਬਜੀਤ ਕੌਰ, ਬਲਬੀਰ ਕੌਰ, ਨਰਿੰਦਰ ਅਜਨੋਹਾ, ਲਵਦੀਪ ਕੌਰ, ਹਾਫਿਜ ਪਦਮ, ਅਬਿਨਾਸ਼ ਕੌਰ, ਹਰਪ੍ਰੀਤ ਹਨੀ, ਅਮਨਜੀਤ ਕੌਰ, ਦੀਪਕ ਕੁਮਾਰ, ਬਲਵਿੰਦਰ ਸਿੰਘ, ਜਸਪ੍ਰੀਤ ਕੌਰ, ਮੁਨੀਸ਼ ਕੁਮਾਰ, ਸੋਹਣ ਸਿੰਘ ਆਦਿ ਹਾਜ਼ਰ ਸਨ।

# ਆਰ ਐੱਮ ਪੀ ਆਈ ਦੀ ਵਿਸ਼ਾਲ ਕਾਨਫਰੰਸ 24 ਨੂੰ

**ਜਲੰਧਰ :** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ) ਦੀ ਜਲੰਧਰ ਤਹਿਸੀਲ ਕਮੇਟੀ ਦੀ ਮੀਟਿੰਗ ਸ਼ਹੀਦ ਸਾਥੀ ਸਰਵਣ ਸਿੰਘ ਚੀਮਾ ਭਵਨ ਗੜ੍ਹਾ ਜਲੰਧਰ ਵਿਖੇ ਸਾਥੀ ਹਰੀਮੁਨੀ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਤਹਿਸੀਲ ਸਕੱਤਰ ਸਾਥੀ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਪਾਰਟੀ ਸੂਬਾ ਕਮੇਟੀ ਦੇ 10 ਤੋਂ 25 ਸਤੰਬਰ ਤੱਕ ਪੰਜਾਬ 'ਚ ਚੇਤਨਾ ਅਤੇ ਲਾਮਬੰਦੀ ਮੁਹਿੰਮ ਚਲਾਉਣ ਦੇ ਨਿਰਣੇ ਤਹਿਤ ਰਾਜਨੀਤਕ ਕਾਨਫਰੰਸਾਂ ਕਰਨ ਦੇ ਫੈਸਲੇ ਨੂੰ ਲਾਗੂ ਕਰਦਿਆਂ ਤਹਿਸੀਲ ਕਮੇਟੀ ਵੱਲੋਂ ਗੜ੍ਹਾ ਵਿਖੇ 24 ਸਤੰਬਰ ਨੂੰ ਵਿਸ਼ਾਲ ਕਾਨਫਰੰਸ ਸੱਦੀ ਜਾਵੇਗੀ। ਇਸ ਕਾਨਫਰੰਸ ਨੂੰ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਅਤੇ ਸੂਬਾ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਸਮੇਤ ਹੋਰ ਸੂਬਾਈ ਤੇ ਜ਼ਿਲ੍ਹਾ ਪੱਧਰੀ ਆਗੂ ਸੰਬੋਧਨ ਕਰਨਗੇ। ਉਨ੍ਹਾਂ ਦੱਸਿਆ ਕਿ ਉਕਤ ਮੁਹਿੰਮ ਦੌਰਾਨ ਫਿਰਕੂ-ਫਾਸ਼ੀਵਾਦੀ, ਕਾਰਪੋਰੇਟ ਪੱਖੀ ਮੋਦੀ-ਸ਼ਾਹ ਸਰਕਾਰ ਦੇ ਵੰਡਵਾਦੀ ਏਜੰਡੇ ਅਤੇ ਲੋਕ ਮਾਰੂ ਨੀਤੀਆਂ ਤੋਂ ਲੋਕਾਂ ਨੂੰ ਜਾਣੂੰ ਕਰਵਾਉਂਦਿਆਂ ਇਨ੍ਹਾਂ ਵਿਰੁੱਧ ਵਿਸ਼ਾਲ ਲਾਮਬੰਦੀ ਲਾਮਬੰਦੀ ਕਰਕੇ ਤਿੱਖੇ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ ਜਾਵੇਗਾ। ਮੁਹਿੰਮ ਤਹਿਤ ਦੇਸ਼ ਨੂੰ ਫਿਰਕੂ ਅੱਗ 'ਚ ਝੋਕਣ ਦੇ ਸੰਘ ਪਰਵਾਰ ਦੇ ਕੋਝੇ ਇਰਾਦਿਆਂ ਨੂੰ ਭਾਂਜ ਦੇਣ ਲਈ 2024 'ਚ ਹੋਣ ਜਾ ਰਹੀਆਂ ਆਮ ਚੋਣਾਂ 'ਚ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਅਪੀਲ ਵੀ ਕੀਤੀ ਜਾਵੇਗੀ। ਸਾਥੀ ਨੂਰਪੁਰੀ ਨੇ ਦੱਸਿਆ ਕਿ ਕਾਨਫਰੰਸ ਦੀ ਤਿਆਰੀ ਲਈ ਸ਼ਹਿਰ ਦੇ ਸੰਤੋਖਪੁਰਾ, ਇੰਡਸਟਰੀ ਏਰੀਆ ਅਤੇ ਭਾਰਗੋ ਕੈਂਪ ਆਦਿ ਮੁਹੱਲਿਆਂ ਤੋਂ ਇਲਾਵਾ ਜਮਸ਼ੇਰ ਖਾਸ, ਖਾਂਬਰਾ ਆਦਿ ਨੇੜਲੇ ਪਿੰਡਾਂ ਵਿੱਚ ਜਥਾ ਮਾਰਚ ਵੀ ਕੀਤਾ ਜਾਵੇਗਾ। ਇਸ ਮੌਕੇ ਸਾਥੀ ਜਗਜੀਤ ਸਿੰਘ ਖਾਂਬਰਾ, ਜਵਾਹਰ ਚੌਰਸੀਆ, ਬਲਰਾਮ ਬਿੱਟੂ ਖਾਂਬਰਾ, ਸੂਰੀਆ ਬਹਾਦਰ ਥਾਪਾ, ਪਾਰਵਤੀ ਦੇਵੀ, ਭੋਲਾ ਪ੍ਰਸਾਦ ਅਤੇ ਡਾਕਟਰ ਬਲਵਿੰਦਰ ਸਿੰਘ ਛੇਹਰਟਾ ਵੀ ਹਾਜ਼ਰ ਸਨ। ਮੀਟਿੰਗ ਵੱਲੋਂ ਤਾਨਾਸ਼ਾਹ ਰੁਚੀਆਂ ਦੀ ਮਾਲਕ 'ਆਪ' ਸਰਕਾਰ ਦੇ ਐਸਮਾ ਲਾਗੂ ਕਰਨ ਦੇ ਨਿਰਣੇ ਦੀ ਨਿਖੇਧੀ ਕਰਦਿਆਂ ਇਹ ਜਾਬਰ ਕਦਮ ਫੌਰੀ ਵਾਪਸ ਲੈਣ ਦੀ ਮੰਗ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਵਿਛੋੜਾ ਦੇ ਗਏ ਪਾਰਟੀ ਦੇ ਸੀਨੀਅਰ ਆਗੂ ਸਾਥੀ ਵਿਜੇ ਮਿਸ਼ਰਾ, ਮਨੀਪੁਰ ਤੇ ਹਰਿਆਣਾ ਸਮੇਤ ਦੇਸ਼ ਦੇ ਵੱਖੋ-ਵੱਖ ਭਾਗਾਂ 'ਚ ਫਿਰਕੂ ਹਿੰਸਾ ਦੀ ਭੇਟ ਚੜ੍ਹੇ ਅਤੇ ਕੁਦਰਤੀ ਆਫਤਾਂ 'ਚ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਦੋ ਮਿੰਟ ਮੌਨ ਖੜੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ।



# ਟਰਾਲੇ ਤੇ ਟਰੱਕ ਦੀ ਟੱਕਰ 'ਚ ਟਰੱਕ ਚਾਲਕ ਦੀ ਮੌਕੇ 'ਤੇ ਮੌਤ

**ਜਲੰਧਰ (ਸੁਰਿੰਦਰ ਕੁਮਾਰ)-** ਰਾਸ਼ਟਰੀ ਰਾਜ ਮਾਰਗ ਜਲੰਧਰ-ਪਠਾਨਕੋਟ ਜੀ ਟੀ ਰੋਡ 'ਤੇ ਅੱਡਾ ਰਾਏਪੁਰ ਰਸੂਲਪੁਰ ਵਿਖੇ ਇੱਕ ਲੋਹੇ ਦੇ ਸਰੀਆ ਦਾ ਭਰਿਆ ਟਰਾਲਾ ਤੇ ਇੱਕ ਟਰੱਕ ਵਿਚਕਾਰ ਭਿਆਨਕ ਟੱਕਰ ਹੋ ਗਈ, ਜਿਸ ਦੇ ਸਿੱਟੇ ਵਜੋਂ ਟਰੱਕ ਦਾ ਡਰਾਈਵਰ ਮੌਕੇ 'ਤੇ ਮਾਰਿਆ ਗਿਆ। ਸੂਚਨਾ ਮਿਲਣ 'ਤੇ ਥਾਣਾ ਮਕਸੂਦਾਂ ਤੋਂ ਏ ਐਸ ਆਈ ਕੇਵਲ ਸਿੰਘ ਪੁਲਸ ਪਾਰਟੀ ਨਾਲ ਮੌਕੇ 'ਤੇ ਪਹੁੰਚੇ ਤੇ ਇਸ ਐਕਸੀਡੈਂਟ 'ਚ ਮਾਰੇ ਗਏ ਸੁਰਜੀਤ ਸਿੰਘ ਪੁੱਤਰ ਕਰਤਾਰ ਸਿੰਘ ਨਿਵਾਸੀ ਮੁਕਤਸਰ ਦੀ ਲਾਸ਼ ਕਬਜ਼ੇ 'ਚ ਲੈ ਕੇ ਜਲੰਧਰ ਦੇ ਸਿਵਲ ਹਸਪਤਾਲ ਵਿੱਚ ਪੋਸਟਮਾਸਟਮ ਲਈ ਭੇਜੀ। ਥਾਣਾ ਮਕਸੂਦਾਂ ਦੇ ਏ ਐਸ ਆਈ ਕੇਵਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਟਰਾਲਾ ਜਿਹੜਾ ਕਿ ਸਰੀਆ ਦਾ ਭਰਿਆ ਹੋਇਆ ਸੀ ਜਲੰਧਰ ਵੱਲੋਂ ਆ ਰਿਹਾ ਸੀ ਤੇ ਇੱਕ ਟਰੱਕ ਸਮਾਨ ਦਾ ਭਰਿਆ ਭੋਗਪੁਰ ਵੱਲੋਂ ਆ ਰਿਹਾ ਸੀ। ਜਦੋਂ ਇਹ ਦੋਵੇਂ ਅੱਡਾ ਰਾਏਪੁਰ ਰਸੂਲਪੁਰ ਕੋਲ ਪਹੁੰਚੇ ਤਾਂ ਸਰੀਆ ਦਾ ਭਰਿਆ ਟਰਾਲਾ ਬੇਕਾਬੂ ਹੋ ਕੇ ਜਲੰਧਰ ਵਾਲੀ ਸਾਈਡ ਤੋਂ ਭੋਗਪੁਰ ਵੱਲੋਂ ਆਉਣ ਵਾਲੀ ਸਾਈਡ 'ਤੇ ਤੇਜ਼ ਰਫਤਾਰ ਨਾਲ ਜਾ ਚੜ੍ਹਿਆ ਤੇ ਭੋਗਪੁਰ ਵੱਲੋਂ ਆ ਰਹੇ ਟਰੱਕ ਨਾਲ ਬੁਰੀ ਤਰ੍ਹਾਂ ਸਾਹਮਣੇ ਤੋਂ ਟਕਰਾ ਗਿਆ। ਜਿਸ ਦੇ ਸਿੱਟੇ ਵਜੋਂ ਟਰੱਕ ਚਲਾ ਰਿਹਾ ਸੁਰਜੀਤ ਸਿੰਘ ਟਰਾਲੇ ਦੀ ਜ਼ੋਰਦਾਰ ਟੱਕਰ ਲੱਗਣ ਕਰਕੇ ਮੌਕੇ 'ਤੇ ਹੀ ਮਾਰਿਆ ਗਿਆ।



# ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਵਿਸ਼ਾਲ ਖੂਨਦਾਨ ਕੈਂਪ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਪਿੰਡ ਖੈਰੜ ਅੱਛਰਵਾਲ ਵਿਖੇ ਗੁਰੂ ਕੀ ਰਸੋਈ, ਬੇਸਹਾਰਾ ਅਤੇ ਅੰਗਹੀਣਾਂ ਦੀਆਂ ਉਮੀਦਾਂ ਦਾ ਘਰ ਅਤੇ ਨਿਸ਼ਕਾਮ ਟਿਫਿਟ ਸੇਵਾ ਦੇ ਸਹਿਯੋਗ, ਐਨ ਆਰ ਆਈ, ਸਪੋਰਟਸ ਐਂਡ ਵੈਲਫੇਅਰ ਸੁਸਾਇਟੀ ਵੱਲੋਂ ਸਮੂਹ ਨਗਰ ਨਿਵਾਸੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਜਥੇਦਾਰ ਕੁਲਵੰਤ ਸਿੰਘ ਖਾਲਸਾ ਖੈਰੜ ਅੱਛਰਵਾਲ ਨੇ ਦੱਸਿਆ ਕਿ ਇਸ ਖੂਨਦਾਨ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫੂਤਹੀ ਨੇ ਕੀਤਾ। ਇਸ ਖੂਨਦਾਨ ਕੈਂਪ ਮੌਕੇ ਸਵੈਇੱਛਾ ਨਾਲ ਨੌਜਵਾਨ ਵੀਰਾਂ ਅਤੇ ਭੈਣਾਂ ਵੱਲੋਂ 51 ਯੂਨਿਟ ਖੂਨਦਾਨ ਕੀਤਾ ਗਿਆ। ਮੁੱਖ ਮਹਿਮਾਨ ਡਾਕਟਰ ਪਰਮਿੰਦਰ ਸੂਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਖੂਨਦਾਨ ਇੱਕ ਮਹਾਨ ਦਾਨ ਹੈ। ਖੂਨਦਾਨ ਕਰਨ ਨਾਲ ਅਨੇਕਾਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਇਸ ਲਈ ਤੰਦਰੁਸਤ ਵਿਅਕਤੀ ਹਰ ਤੀਜੇ ਮਹੀਨੇ ਬਾਅਦ ਖੂਨ ਦਾਨ ਕਰ ਸਕਦਾ ਹੈ। ਇਸ ਮੌਕੇ ਮੁੱਖ ਪ੍ਰਬੰਧਕ ਖਾਲਸਾ ਨੇ ਖੂਨਦਾਨ ਕਰਨ ਵਾਲਿਆਂ ਅਤੇ ਸਹਿਯੋਗੀਆਂ ਦਾ ਸਹਿਯੋਗ ਦੇਣ 'ਤੇ ਧੰਨਵਾਦ ਕੀਤਾ। ਇਸ ਮੌਕੇ ਸਤਨਾਮ ਬਲੱਡ ਕੈਂਪ ਹੁਸ਼ਿਆਰਪੁਰ ਨੇ ਖੂਨਦਾਨੀਆ ਪਾਸੋਂ ਖੂਨ ਪ੍ਰਾਪਤ ਕੀਤਾ। ਇਸ ਮੌਕੇ ਮੁੱਖ ਪ੍ਰਬੰਧਕ ਜਥੇਦਾਰ ਕੁਲਵੰਤ ਸਿੰਘ ਖਾਲਸਾ, ਕਮਲਜੀਤ ਸਿੰਘ, ਡਾਕਟਰ ਐਮ ਸਿੰਘ ਕੌਲ, ਬਲਵੰਤ ਸਿੰਘ, ਸਤਨਾਮ ਸਿੰਘ ਖੇੜਾ, ਪਰਮਿੰਦਰ ਸਿੰਘ, ਕੁਲਵਰਨ ਸਿੰਘ, ਮੋਹਣ ਸਿੰਘ ਟੋਡਰਪੁਰ, ਸਤਨਾਮ ਸਿੰਘ, ਸਿਮਰਨਜੀਤ ਸਿੰਘ, ਜਸਪ੍ਰੀਤ ਸਿੰਘ, ਹਰਵਿੰਦਰ ਸਿੰਘ, ਜਤਿੰਦਰ ਸਿੰਘ, ਭਾਈ ਸੁਖਦੇਵ ਸਿੰਘ ਨਡਾਲੋਂ, ਪਮਲਪ੍ਰੀਤ ਸਿੰਘ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨਤਾਈ ਦਿਵਸ ਸ਼ਰਧਾ ਨਾਲ ਮਨਾਇਆ



**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)-** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾਈ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ । ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਕ ਸਮਾਗਮ 'ਚ ਭਾਈ ਗੁਰਦੀਪ ਸਿੰਘ ਸ੍ਰੀ ਪੰਜੋਖਰਾ ਸਾਹਿਬ ਵਾਲਿਆਂ ਦੇ ਪੰਥਕ ਢਾਡੀ ਜਥੇ ਨੇ 1706 ਈ. ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗੁਰੂ ਕੀ ਕਾਸ਼ੀ -ਸਾਬੋ ਕੀ ਤਲਵੰਡੀ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਾ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਕਰਵਾਉਣ ਦੇ ਪ੍ਰਸੰਗ ਨੂੰ ਸੰਗਤਾਂ ਨੂੰ ਵਿਸਥਾਰ ਸਹਿਤ ਸਰਵਣ ਕਰਵਾਇਆ। ਭਾਈ ਓਂਕਾਰ ਸਿੰਘ ਰਾਗੀ ਜਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਨ ਦਾ ਉਪਰਾਲਾ ਕੀਤਾ। ਭਾਈ ਸੰਦੀਪ ਸਿੰਘ ਸ਼੍ਰੋਮਣੀ ਪ੍ਰਚਾਰਕ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਧੁਰ ਕੀ ਇਲਾਹੀ ਬਾਣੀ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂ ਕਰਵਾਇਆ। ਇਸ ਤੋਂ ਇਲਾਵਾ ਬੀਬੀ ਸੁਰਿੰਦਰ ਕੌਰ ਪਟਿਆਲੇ ਵਾਲਿਆਂ ਦਾ ਪੰਥਕ ਢਾਡੀ ਜਥਾ, ਸ਼੍ਰੋਮਣੀ ਪ੍ਰਾਚਕ ਭਾਈ ਹਰਜੀਤ ਸਿੰਘ ਜੀ ਸ਼ਾਹਬਾਦ ਮਾਰਕੰਡੇ ਵਾਲੇ ਸ਼੍ਰੋਮਣੀ ਪ੍ਰਚਾਰਕ ਭਾਈ ਤਰਲੋਚਨ ਸਿੰਘ ਜੀ ਦਮਦਮੀ ਟਕਸਾਲ, ਭਾਈ ਲਖਵਿੰਦਰ ਸਿੰਘ, ਭਾਈ ਹਰਪ੍ਰੀਤ ਸਿੰਘ, ਭਾਈ ਮਹਿੰਦਰਪਾਲ ਸਿੰਘ, ਕਵੀਸ਼ਰ ਸੁਰਜੀਤ ਸਿੰਘ, ਅਕਾਲ ਕਵੀਸ਼ਰੀ ਜਥਾ, ਬੀਬੀ ਉਤਮਜੀਤ ਕੌਰ, ਭਾਈ ਪ੍ਰਿਤਪਾਲ ਸਿੰਘ ਅਤੇ ਭਾਈ ਮਨਜੀਤ ਸਿੰਘ ਪਿਹੋਵੇ ਵਾਲੇ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ ਭਾਈ ਜਸਵੰਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਹਰਬਖਸ਼ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵੀਚਾਰਾਂ ਰਾਹੀਂ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸੰਪੂਰਨਤਾ ਦਿਵਸ ਦੀ ਖੁਸ਼ੀ 'ਚ ਦਰਬਾਰ ਸਾਹਿਬ ਜੀ ਦੀ ਅੰਦਰੋਂ ਫੁੱਲਾਂ ਨਾਲ ਸਜਾਵਟ ਕੀਤੀ ਗਈ ਸੀ। ਦਰਬਾਰ ਸਾਹਿਬ ਜੀ ਨੂੰ ਬਾਹਰੋਂ ਅਤੇ ਗੇਟ ਤੱਕ ਦੇ ਰਸਤੇ ਨੂੰ ਵਿਸ਼ੇਸ਼ ਢੰਗ ਨਾਲ ਸਜਾਇਆ ਗਿਆ ਸੀ। ਹਜ਼ਾਰਾਂ ਸੰਗਤਾਂ ਨੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।

# ਖੋਥੜਾਂ 'ਚ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਲਗਾਇਆ



**ਬਹਿਰਾਮ (ਅਵਤਾਰ ਕਲੇਰ)-** ਗ੍ਰਾਮ ਪੰਚਾਇਤ ਖੋਥੜਾਂ ਤੇ ਪੁਲਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪਿੰਡ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਕੈਂਪ ਲਗਾਇਆ ਗਿਆ । ਜਿਸ ਵਿੱਚ ਸਰਪੰਚ ਅਸ਼ੋਕ ਕੁਮਾਰ, ਬਲਵਿੰਦਰ ਸਿੰਘ ਐਸ.ਐਚ.ਓ ਥਾਣਾ ਬਹਿਰਾਮ, ਸੰਦੀਪ ਸ਼ਰਮਾ ਚੌਂਕੀ ਇੰਚਾਰਜ ਮੇਹਲੀ, ਪ੍ਰਿੰਸੀਪਲ ਗੀਤਾ ਨੇ ਬੱਚਿਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕੀਤਾ । ਅੱਜ ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਨਸ਼ਿਆਂ ਨਾਲ ਹੋ ਰਹੀਆਂ ਰੋਜ਼ਾਨਾ ਮੌਤਾਂ ਤੇ ਛੋਟੀ ਉਮਰੇ ਨੌਜਵਾਨਾਂ ਦਾ ਨਸ਼ਿਆਂ ਦੀ ਦਲਦਲ ਵਿੱਚ ਫਸਣਾ ਚਿੰਤਾ ਦਾ ਵਿਸ਼ਾ ਹੈ। ਸਾਨੂੰ ਸਭ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਪਿੰਡ ਵਿੱਚ ਨਸ਼ਾ ਵਿਰੋਧੀ ਮੁਹਿੰਮ ਚਲਾ ਕੇ ਨਸ਼ਾ ਵੇਚਣ ਵਾਲਿਆਂ ਦਾ ਲੱਕ ਤੋੜਿਆ ਜਾਵੇ । ਇਸ ਮੌਕੇ ਐਸ.ਐਚ.ਓ. ਬਲਵਿੰਦਰ ਸਿੰਘ ਨੇ ਬੱਚਿਆਂ ਨੂੰ ਨਸ਼ੇ ਨਾਲ ਹੋਣ ਵਾਲੇ ਨੁਕਸਾਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਗ੍ਰਾਮ ਪੰਚਾਇਤ ਵੱਲੋਂ ਵੀ ਇਹ ਪ੍ਰਣ ਕੀਤਾ ਗਿਆ ਕਿ ਗਲਤ ਅਨਸਰਾਂ ਦੀ ਕਦੇ ਵੀ ਹਮਾਇਤ ਨਹੀਂ ਕਰੇਗੀ। ਇਸ ਮੌਕੇ ਪੰਚ ਰਾਧਾ,ਬਲਜੀਤ ਕੁਮਾਰ,ਰਾਮ ਲਾਲ ਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸਨ।